# ਚਿਰਾਗ

ਅਪ੍ਰੈਲ -ਜੂਨ 2002

**April -June 2002**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ



ਮੁੱਲ : 15 ਰੁਪਏ -40- ਅੰਪ੍ਰੈਲ-ਜੂਨ, 2002

# ਚਿਰਾ.ਗ (ਤਿਮਾਹੀ)

ਅਪ੍ਰੈਲ-ਮਈ-ਜੂਨ, 2002

ਸੰਪਾਦਕ : ਹਰਭਜਨ ਸਿੰਘ ਹੁੰਦਲ

ਸੰਪਾਦਕੀ ਮੰਡਲ : ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ,

ਪ੍ਰਤੀਨਿਧ : ਜਰਨੈਲ ਸਿੰਘ ਕਹਾਣੀਕਾਰ (ਕੈਨੇਡਾ) ਮਾਨ ਸਿੰਘ ਭਾਰਗਵ (ਜੰਮੂ)

## ਤਤਕਰਾ


| | |
|---|---|
| ◆ ਸੰਪਾਦਕੀ ਟਿਪਣੀਆਂ - | 1. ਸਾਹਿਤਕ ਪ੍ਰਦੂਸ਼ਣ ਜਾਂ ਆਲੋਚਨਾ ਦਾ ਦੀਵਾਲੀਆਪਨ<br>2. ਚਿਰਾ.ਗ ਦੇ ਦਸ ਵਰ੍ਹੇ |
| ◆ ਇਸ ਵਾਰ ਦਾ ਵਿਸ਼ੇਸ਼ ਕਵੀ : | ਕੁਲਵਿੰਦਰ ਦੀਆਂ ਚਾਰ .ਗਜ਼ਲਾਂ |
| ◆ ਵਤਨੋਂ ਦੂਰ | ਵਰਿੰਦਰ ਪ੍ਰੀਹਾਰ (ਤਿੰਨ ਨਜ਼ਮਾਂ), ਵਿਸ਼ਾਲ, ਪ੍ਰੋ. ਹਰਭਜਨ<br>(ਦੋ ਕਵਿਤਾਵਾਂ) ਗੁਰਨਾਮ ਢਿੱਲੋਂ (.ਗਜ਼ਲ) |
| ◆ .ਗਜ਼ਲਾਂ | ਮੱਖਣ ਕੁਹਾੜ, ਸੁਲੱਖਣ ਸਰਹੱਦੀ, ਦੇਵ ਰਾਊਕੇ, ਕੁਲਜੀਤ, ਅਮਰ<br>ਸੰਧਾਵਾਲੀਆ |
| ◆ ਵਿਸ਼ਵ ਕਵਿਤਾ | ਨਾਜ਼ਿਮ ਹਿਕਮਤ ਦੀਆਂ ਨਜ਼ਮਾਂ |
| ◆ ਨਜ਼ਮਾਂ | ਹਰਭਜਨ ਸਿੰਘ ਹੁੰਦਲ, ਜੈਪਾਲ |
| ◆ ਸਿਰਜਨ ਕਿਰਿਆ | ਮੁਖ਼ਬਰੀ ਕਰਦੇ ਦਿਨ (ਹਰਭਜਨ ਸਿੰਘ ਹੁੰਦਲ) |
| ◆ ਕਹਾਣੀਆਂ | ਵਿਕਾਸ (ਗੁਰਚਰਨ ਸਿੰਘ ਗੁਲਸ਼ਨ), ਪੇਟੀ (ਦਵਿੰਦਰ ਮੰਡ) |
| ◆ ਨਾਵਲੀ ਅੰਸ਼ | ਅੰਨ-ਦਾਤਾ (ਬਲਦੇਵ ਸਿੰਘ ਮੋਗਾ), ਇਕ ਕਾਫਰ ਮਸੀਹਾ (ਇੰਦਰ<br>ਖਾਮੋਸ਼), |
| ◆ ਵਾਦ-ਵਿਵਾਦ | ਉੱਤਰ ਆਧੁਨਿਕਤਾ ਦੀ ਅਸਲੀਅਤ (ਰਾਮ ਸੁਜਾਨ ਅਮਰ) |
| ◆ ਵਿਰਸਾ | ਕਵੀ ਦੀ ਮੌਤ (ਵਲਾਦੀਮੀਰ ਮਾਇਆਕੋਵਸਕਾਈ), ਬਿਸ<br>ਫਰੀਦਕੋਟੀ (ਡਾ. ਤੇਜਵੰਤ ਮਾਨ) |
| ◆ ਵਾਘਿਉਂ ਪਾਰ | ਵਜ਼ਾਹਦ ਮਹਮੂਦ, ਅਹਿਸਾਨ ਬਾਜਵਾ, ਜ.ਫ਼ਰ ਇਕਬਾਲ |
| ◆ ਮੁਲਾਂਕਣ | ਅਗਨ ਕਥਾ ਦੀ ਸਾਰਥਿਕ ਸ਼ਾਇਰੀ (ਪ੍ਰੋ. ਰਵਿੰਦਰ ਭੱਠਲ) |
| ◆ ਪੁਸਤਕ ਪੜਚੋਲ | ਰਜਨੀਸ਼ ਬੇਨਿਕਾਬ (ਡਾ. ਸੁਖਪਾਲ ਸਿੰਘ ਥਿੰਦ), ਦਸੌਂਧਾ ਸਿੰਘ ਵਾਲਾ (ਸੁਰ<br>ਗਿੱਲ), ਵਿਚਲੀ ਔਰਤ (ਲਾਲ ਸਿੰਘ), ਮਹਿਕਦੀ ਤਨਹਾਈ (ਸੁਲੱਖਣ ਸਰ<br>ਬਿੰਦੂ ਤੋਂ ਉਰੇ (ਗੁਰਨਾਮ ਢਿੱਲੋਂ), ਰੰਗਾਂ ਦਾ ਦਰਿਆ (ਤਸਕੀਨ) |
| ◆ ਖਿਆਲ ਆਪੋ ਆਪਣਾ | ਜੋਗਿੰਦਰ ਸਿੰਘ ਪਾਂਧੀ, ਹਰਦੀਪ ਸਿੰਘ ਬੋਹਾ, ਗੁਰਨਾਮ ਢਿਲੋਂ |
| ◆ ਪੁਸਤਕ ਪ੍ਰਾਪਤੀ | ------- |
| ◆ ਮੁੱਖ-ਚਿਤਰ | "ਅਮਰੀਕਨ ਆਜ਼ਾਦੀ" ਚਿੱਤਰਕਾਰ—ਬੋਰਿਸ ਪਰੋਰੋਕੋਵ |


*ਪ੍ਰਕਾਸ਼ਨ ਮਿਤੀ 31 ਅਪ੍ਰੈਲ, 2002*

*Postal Address :*
*Harbhajan Singh Hundal,*
*V. Fatu Chak,*
*P.O. Dhilwan,*
*Distt. Kapurthala-144804*
*(Pb.) India.*
*Phone No. 01822-73188*


| *ਚੰਦਿਆਂ ਦਾ ਵੇਰਵਾ* | : | |
|---|---|---|
| *ਦੇਸ਼ ਵਾਰਸ਼ਿਕ* | : | *50 ਰੁ* |
| *ਇਕ ਪਰਚਾ* | : | *15 ਰੁ* |
| *ਸੰਸਥਾਵਾਂ (ਵਾਰਸ਼ਿਕ)* | : | *70 ਰੁ* |
| *ਬਦੇਸ਼, ਯੂ. ਕੇ.* | : | *5 ਪੌਂ* |
| *ਵਾਰਸ਼ਿਕ (ਹੋਰ ਦੇਸ਼)* | : | *300* |

ਨੋਟ- ਸਾਰੇ ਚੈੱਕ ਤੇ ਪੋਸਟਲ ਆਰਡਰ ਹਰਭਜਨ ਸਿੰਘ ਹੁੰਦਲ ਸੰਪਾਦਕ ਚਿਰਾ.ਗ ਦੇ ਨਾਂ ਭੇਜੇ ਜ

ਚਿਰਾ.ਗ ਡਾਇਰੈਕਟਰ ਸਿਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/1-
ਐਡੀਟਰ (ਪੰ) ਮਿਤੀ 3-9-1996 ਦੇ ਅਨੁਸਾਰ ਹਾਈ/ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ

ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਵਾਈਟ ਕਰਾਸ ਪ੍ਰਿੰਟਰਜ਼, ਜਲੰਧਰ ਤੋਂ ਛਾ
ਕੇ, ਭਾਈ ਰਤਨ ਸਿੰਘ ਟਰੱਸਟ ਬਿਲਡਿੰਗ ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।





## 1. ਸਾਹਿਤਕ ਪ੍ਰਦੂਸ਼ਣ ਜਾਂ ਆਲੋਚਨਾ ਦਾ ਦੀਵਾਲ਼ੀਆਪਣ

ਪਿਛਲੇ ਕੁਝ ਸਮੇਂ ਤੋਂ ਪੰਜਾਬੀ ਦਾ ਹਰ ਮੈਗ਼ਜ਼ੀਨ ਕਿਸੇ ਨਾ ਕਿਸੇ ਬਹਾਨੇ ਜਾਂ ਕਿਸੇ ਨਾ ਕਿਸੇ ਪੱਧਰ 'ਤੇ ਸਾਹਿਤਕ ਪ੍ਰਦੂਸ਼ਣ ਉਪਰ ਚਰਚਾ ਕਰਦਾ ਆ ਰਿਹਾ ਹੈ। ਹਰ ਜਣੇ-ਖਣੇ ਨੇ ਇਸਦੀ ਆਪਣੇ ਢੰਗਾਂ ਨਾਲ ਪ੍ਰੋੜਤਾ ਵੀ ਕੀਤੀ ਹੈ। ਸਭ ਤੋਂ ਪਹਿਲਾ ਇਨ੍ਹਾਂ ਲੋਕਾਂ ਦਾ ਨਿਸ਼ਾਨਾ ਸਾਹਿਤ ਤੇ ਸਾਹਿਤਕਾਰ ਬਣਿਆ ਹੈ। ਦਲੀਲ ਇਹ ਦਿੱਤੀ ਜਾਂਦੀ ਹੈ ਕਿ ਪੰਜਾਬੀ ਵਿਚ ਧੜਾ ਧੜ ਪੁਸਤਕਾਂ ਛਪਵਾਈਆਂ ਜਾ ਰਹੀਆਂ ਹਨ ਜਿਨ੍ਹਾਂ ਵਿਚੋਂ ਬਹੁਤਾ ਤਾਂ 'ਕੂੜਾ ਕਰਕਟ' ਹੀ ਹੁੰਦਾ ਹੈ। ਸਾਹਿਤ ਕਿਹੋ ਜਿਹਾ ਵੀ ਹੋਵੇ ਤੇ ਕਿਸੇ ਪੱਧਰ ਦਾ ਵੀ ਹੋਵੇ, ਸਭ ਤੋਂ ਪਹਿਲਾ ਇਤਰਾਜ਼ ਤਾਂ ਇਸ ਨੂੰ ਕੂੜਾ ਕਰਕਟ ਕਹਿਣ ਉਪਰ ਹੈ। ਫਿਰ ਪੰਜਾਬੀ ਵਿਚ ਜਾਣ ਬੁੱਝ ਕੇ ਸਟਾਲਾਂ 'ਤੇ ਵਿਕਣ ਆਏ ਕੁਝ ਸਾਹਿਤ ਨੂੰ ਛੱਡ ਕੇ ਅਜਿਹਾ ਕੁਝ ਲਿਖਿਆ ਵੀ ਨਹੀਂ ਜਾ ਰਿਹਾ ਹੈ ਜਿਸਨੂੰ ਇਸ ਤਰ੍ਹਾਂ ਦੇ ਵਿਸ਼ੇਸ਼ਣ ਲਾ ਕੇ ਸੱਦਿਆ ਜਾਵੇ। ਪੰਜਾਬੀ ਸਾਹਿਤ ਵਿਚ ਅਜੇ ਅਜਿਹੀ ਗ਼ੈਰ ਜ਼ਿੰਮੇਵਾਰੀ ਦੀ ਭਾਵਨਾ ਨਹੀਂ ਆਈ ਕਿ ਸਾਹਿਤਕਾਰ ਜਾਣ ਬੁੱਝ ਕੇ ਕੂੜ ਕਰਕਟ ਨੂੰ ਆਪਣੇ ਕੋਲੋਂ ਪੈਸੇ ਦੇ ਕੇ ਛਪਵਾਉਣ ਤੇ ਫੇਰ ਉਸਨੂੰ ਵੰਡਦੇ ਵੀ ਫ਼ਿਰਨ। ਕਈ ਸਾਹਿਤਕਾਰਾਂ ਤੇ ਆਲੋਚਕਾਂ ਨੂੰ ਮੁਫ਼ਤ ਪੁਸਤਕਾਂ ਦੇ ਵੰਡਣ ਤੇ ਲੈਣ ਉਪਰ ਵੀ ਇਤਰਾਜ਼ ਹੈ। ਇਹ ਆਪਣੇ ਆਪ ਵਿਚ ਨਵਾਂ ਵਰਤਾਰਾ ਹੈ। ਕਹਿੰਦੇ ਨੇ ਕਿ ਮੁਫ਼ਤ ਦੀ ਸ਼ਰਾਬ ਤਾਂ ਕਾਜ਼ੀ ਨੇ ਵੀ ਨਹੀਂ ਛੱਡੀ। ਫਿਰ ਇਨ੍ਹਾਂ ਮੁਫ਼ਤਖੋਰਿਆਂ ਨੂੰ ਪੁਸਤਕਾਂ ਕਿਉਂ ਨਹੀਂ ਪਚਦੀਆਂ ? ਸ਼ਾਇਦ ਪੜ੍ਹਨ ਵਿਚ ਦਿੱਕਤ ਆਉਂਦੀ ਹੈ।

ਪੰਜਾਬੀ ਵਿਚ ਨਿੱਤ ਨਵੇਂ ਦਿਨ ਨਵੇਂ ਸਾਹਿਤਕਾਰਾਂ ਦਾ ਪ੍ਰਵੇਸ਼ ਹੋ ਰਿਹਾ ਹੈ। ਇਹ ਇਕ ਸ਼ੁਭ ਸ਼ਗਨ ਹੈ। ਇਨ੍ਹਾਂ ਸਾਹਿਤਕਾਰਾਂ ਦੇ ਯਤਨ ਮੁੱਢਲੇ ਹੋ ਸਕਦੇ ਹਨ ਪਰ ਇਨ੍ਹਾਂ ਦੀ ਨੀਯਤ 'ਤੇ ਸ਼ੱਕ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਨਵੇਂ ਸਾਹਿਤਕਾਰਾਂ ਦੀਆਂ ਕਿਰਤਾਂ ਨੂੰ ਕੂੜਾ ਕਰਕਟ ਕਹਿਣਾ ਨਾ ਕੇਵਲ ਉਭਰਦੇ ਸਾਹਿਤਕਾਰਾਂ ਨੂੰ ਨਿਰਉਤਸ਼ਾਹਿਤ ਹੀ ਕਰਨਾ ਹੈ ਸਗੋਂ ਉਨ੍ਹਾਂ ਦਾ ਸਹੀ ਅਰਥਾਂ ਵਿਚ ਅਪਮਾਨ ਵੀ ਕਰਨਾ ਹੈ। ਇਉਂ ਜੋ ਲੋਕ ਅਜਿਹਾਂ ਭਰਮ ਫੈਲਾਉਂਦੇ ਹਨ ਉਹ ਕਿਤੇ ਨਾ ਕਿਤੇ ਬਦਦਿਆਨਤ ਹਨ। ਤੁਹਾਡਾ ਨਵੇਂ ਉਭਰਦੇ ਸਾਹਿਤਕਾਰਾਂ ਨਾਲ ਵਿਚਾਰਧਾਰਕ ਵਿਰੋਧ ਹੋ ਸਕਦਾ ਹੈ ਜਿਸਦਾ ਪ੍ਰਗਟਾਵਾ ਹੋਰ ਤਰ੍ਹਾਂ ਕੀਤਾ ਜਾਣਾ ਚਾਹੀਦਾ ਹੈ। ਨਵੇਂ ਸਾਹਿਤਕਾਰਾਂ ਦੀ ਸਾਹਿਤਕ ਪੱਧਰ ਅਜੇ ਬਹੁਤ ਉਚੇਰੀ ਨਹੀਂ ਹੋ ਸਕਦੀ ਇਸ ਲਈ ਉਨ੍ਹਾਂ ਨੂੰ ਸਲਾਹ ਦਿੱਤੀ ਜਾ ਸਕਦੀ ਹੈ ਪਰ ਉਨ੍ਹਾਂ ਦੀਆਂ ਲਿਖਤਾਂ ਦਾ ਤ੍ਰਿਸਕਾਰ ਕਰਨਾ ਕਿਸੇ ਤਰ੍ਹਾਂ ਵੀ ਵਾਜਿਬ ਨਹੀਂ।

ਪੰਜਾਬੀ ਪੁਸਤਕ ਛਪਣ ਦੇ ਇਤਿਹਾਸ ਦੇ ਡੇਢ ਸੌ ਸਾਲਾਂ ਉਪਰ ਨਜ਼ਰ ਮਾਰੀਏ ਤਾਂ ਅਸੀਂ ਦੇਖਾਂਗੇ ਕਿ ਅੱਜ ਦੇ ਸਿਰਕੱਢ ਸਾਹਿਤਕਾਰਾਂ ਨੂੰ ਵੀ ਆਪਣੀਆਂ ਪੁਸਤਕਾਂ ਪੱਲਿਉਂ ਪੈਸੇ ਦੇ ਕੇ ਛਪਵਾਉਣੀਆਂ ਪਈਆ ਹਨ ਤੇ ਉਹ ਅੱਜ ਵੀ ਛਪਵਾ ਰਹੇ ਹਨ। ਇਸ ਡੇਢ ਸੌ ਸਾਲ ਵਿਚ ਹਜ਼ਾਰਾਂ ਪੁਸਤਕਾਂ ਸਾਹਿਤਕਾਰਾਂ ਨੇ ਆਪਣਾ ਢਿੱਡ ਕੱਟ ਕੇ ਛਪਵਾਈਆਂ ਹਨ? ਜੇ ਪੈਸੇ ਦਾ ਹਿਸਾਬ ਕਿਤਾਬ ਲਾਇਆ ਜਾਵੇ ਤਾਂ ਇਨ੍ਹਾਂ ਦੀ ਕੀਮਤ ਅਰਬਾਂ ਰੁਪਇਆਂ ਵਿਚ ਹੋਵੇਗੀ। ਇਹ ਡੇਢ ਸਦੀ ਦਾ ਸੰਕਟ ਅਜੇ ਵੀ ਟਲਿਆ ਨਹੀਂ ਹੈ। ਕੁਝ ਅਪਵਾਦ ਇਧਰ ਉਧਰ ਦੇਖੇ ਜਾ ਸਕਦੇ ਹਨ। ਇਕ ਤਾਂ ਸਾਹਿਤਕਾਰ ਘਰੋਂ ਘਰ ਗਵਾਉਣ ਤੇ ਬਾਹਰੋਂ ਭੜੂਆ ਅਖਵਾਉਣ ! ਇਹ ਤਾਂ ਉਨ੍ਹਾਂ ਨਾਲ ਸਰਾਸਰ ਜ਼ਿਆਦਤੀ ਹੈ।

ਜਿਹੜੀ ਗੱਲ ਅਸੀਂ ਭੁੱਲ ਜਾਂਦੇ ਹਾਂ ਉਹ ਇਕ ਕਿ ਸਾਹਿਤ ਸਿਰਜਣਾ ਸਮਾਜ ਵਿਚ ਸੁਚੇਤ ਜਾਂ

ਅਚੇਤ ਲਗਾਤਾਰ ਚੱਲਣ ਵਾਲੀ ਇਕ ਪ੍ਰਕਿਰਿਆ ਹੈ। ਨਵੇਂ ਸਾਹਿਤਕਾਰ ਕੁਝ ਕਰਨ ਦੇ ਉਤਸ਼ਾਹ ਨਾਲ, ਕਿਸੇ ਵਿਚਾਰਧਾਰਕ ਪ੍ਰਤਿਬੱਧਤਾ ਕਾਰਨ ਜਾਂ ਫਿਰ ਨਾਮਣਾ ਖੱਟਣ ਦੀ ਲਾਲਸਾ ਕਾਰਣ ਸਾਹਿਤ ਸਿਰਜਣਾ ਵਲ ਆਉਣ ਲਈ ਪ੍ਰੇਰਤ ਹੁੰਦੇ ਹਨ। ਕਿਸੇ ਵੀ ਸਾਹਿਤਕਾਰ ਦੀ ਪਹਿਲੀ ਰਚਨਾ ਹੀ ਸ਼ਾਹਕਾਰ ਹੋਵੇ ਇਹ ਕੋਈ ਜ਼ਰੂਰੀ ਨਹੀਂ। ਹਜ਼ਾਰਾਂ ਲੋਕ ਲਿਖਣਗੇ ਤਾਂ ਇਕ ਸਾਹਿਤ ਮਾਹੌਲ ਹੋਂਦ ਵਿਚ ਆਉਂਦਾ ਹੈ ਜਿਸ ਵਿਚ ਅਭਿਆਸ ਨਾਲ ਅਗਾਂਹ ਜਾ ਕੇ ਪਕੇਰੀਆਂ ਰਚਨਾਵਾਂ ਲਈ ਵੀ ਭੂਮੀ ਤਿਆਰ ਹੁੰਦੀ ਹੈ। ਭਾਈ ਵੀਰ ਸਿੰਘ, ਨਾਨਕ ਸਿੰਘ, ਕੰਵਲ ਤੇ ਗੁਰਦਿਆਲ ਸਿੰਘ ਦੀਆਂ ਮੁਢਲੀਆਂ ਰਚਨਾਵਾਂ ਪੜ੍ਹੋ ਤਾਂ ਉਹ ਅਜੋਕੇ ਰਚਨਾਕਾਰਾਂ ਦੀਆਂ ਪਹਿਲੀਆਂ ਰਚਨਾਵਾਂ ਤੋਂ ਕਿਸੇ ਤਰ੍ਹਾਂ ਵੀ ਉਚੇਰੀ ਪੱਧਰ ਦੀਆਂ ਨਹੀਂ ਹਨ। ਅੱਜ ਦੇ ਸਿਖਾਂਦਰੂ ਸਾਹਿਤਕਾਰਾਂ ਨੇ ਹੀ ਕਲ੍ਹ ਦੇ ਸ਼ਾਹ ਸਵਾਰ ਲੇਖਕ ਬਣਨਾ ਹੈ।

ਸੋਚਣ ਵਾਲੀ ਗੱਲ ਇਹ ਹੈ ਕਿ ਮੁਢਲੇ ਸਾਹਿਤਕਾਰਾਂ ਦੀਆਂ ਰਚਨਾਵਾਂ ਨੂੰ ਪ੍ਰਦੂਸ਼ਣ ਤੇ ਕੂੜਾ ਕਰਕਟ ਕਹਿਣ ਵਾਲੇ ਲੋਕ ਕੌਣ ਹਨ ? ਇਹ ਲੋਕ ਹਨ ਤੀਜੇ ਦਰਜੇ ਦੇ ਪੱਤਰਕਾਰ ਕਿਸਮ ਦੇ ਆਲੋਚਕ, ਆਮ ਸਾਧਾਰਣ ਪਾਠਕ—ਜੋ ਅਜੇ ਵੀ ਛੰਦਬੱਧ ਕਵਿਤਾ ਨਾਲ ਜਾਂ ਲੋਕ ਕਥਾਵਾਂ ਨਾਲ ਹੀ ਪਰਚੇ ਰਹਿਣਾ ਚਾਹੁੰਦੇ ਹਨ, ਜਾਂ ਫਿਰ ਸਾਹਿਤਕ ਜੁੰਡਲੀਆਂ ਦੇ ਕਰਤਾ ਧਰਤਾ ਜਿਨ੍ਹਾਂ ਨੇ ਕਿਸੇ ਨੂੰ ਪੰਜਾਬੀ ਸਾਹਿਤ ਦਾ ਅੱਧਾ ਅਸਮਾਨ ਬਣਾਉਣਾ ਹੈ ਤੇ ਕਿਸੇ ਨੂੰ ਪੂਰਾ। ਕੁਝ ਲੇਖਕ ਵੀ ਜਾਣੇ ਅਣਜਾਣੇ ਇਨ੍ਹਾਂ ਲੋਕਾਂ ਵਿਚ ਸ਼ਾਮਿਲ ਹਨ। ਇਹ ਲੋਕ ਜਾਂ ਤਾਂ ਇਹ ਜਾਣਦੇ ਨਹੀਂ ਜਾਂ ਫਿਰ ਜਾਣ ਬੁੱਝ ਕੇ ਇਸ ਪੱਖੋਂ ਅਣਜਾਣ ਬਣਦੇ ਹਨ ਕਿ ਅਜਿਹਾ ਕਰਨ ਨਾਲ ਸਾਹਿਤਕਾਰਾਂ ਨੂੰ ਕਲਮ ਚਲਾਉਣ ਤੋਂ ਰੋਕ ਕੇ ਉਹ ਮਨੁੱਖਤਾ ਵਿਰੋਧੀ ਕੰਮ ਕਰ ਰਹੇ ਹਨ।

ਪ੍ਰਦੂਸ਼ਣ ਉਹ ਲੋਕ ਵੀ ਫੈਲਾਉਂਦੇ ਹਨ ਜੋ ਬੇਤੁਕੀ ਤੋਂ ਬੇਤੁਕੀ ਰਚਨਾ ਨੂੰ ਵੀ ਸਰਵਉੱਚ ਬਣਾਉਂਦੇ ਹਨ ਤੇ ਅਜਿਹੀ ਰਚਨਾ ਨੂੰ ਸਾਹਿਤ ਅਕਾਦਮੀ ਦੇ ਇਨਾਮ ਤੱਕ ਦੁਆ ਦਿੰਦੇ ਹਨ। ਪਿਛਲੇ ਕੁਝ ਸਾਲਾਂ ਦੀਆਂ ਕੁਝ ਰਚਨਾਵਾਂ ਚੁੱਕੋ ਜਿਨ੍ਹਾਂ ਨੂੰ ਸਾਹਿਤ ਅਕਾਦਮੀ ਦੇ ਪੁਰਸਕਾਰ ਮਿਲੇ ਹੋਏ ਹਨ। ਇਨ੍ਹਾਂ ਨੂੰ ਦੇਖਣ ਤੋਂ ਪਤਾ ਲਗਦਾ ਹੈ ਕਿ ਬਾਮੁਲਾਹਿਜ਼ਾ ...ਸ਼ਿਆਰ ਨਾਵਲ ਤੋਂ ਬਾਦ ਦਰਜਨਾਂ ਅਜਿਹੀਆਂ ਪੁਸਤਕਾਂ ਹਨ ਜਿਨ੍ਹਾਂ ਦਾ ਇਨਾਮ ਮਿਲਣ ਤੋਂ ਬਾਅਦ ਕਿਸੇ ਨਾਂ ਤੱਕ ਨਹੀਂ ਲਿਆ। ਆਲੋਚਕਾਂ ਦਾ ਕਾਰਜ ਨਵੇਂ ਨਵੇਂ ਵਾਦ ਹੀ ਪਾਠਕਾਂ ਦੇ ਸਿਰ ਲੱਦਣਾ ਨਹੀਂ ਹੋਣਾ ਚਾਹੀਦਾ ਸਗੋਂ ਬੇਲਾਗ ਹੋ ਕੇ ਹੱਲਾਸ਼ੇਰੀ ਦਿੰਦਿਆਂ ਹੋਇਆਂ, ਨਵੇਂ ਸਾਹਿਤਕਾਰਾਂ ਦੀਆਂ ਕਮੀਆਂ ਨੂੰ ਵੀ ਧਿਆਨ ਵਿਚ ਲਗਾਉਣਾ ਚਾਹੀਦਾ ਹੈ। ਨਵੇਂ ਲੇਖਕਾਂ ਨੂੰ ਵੀ ਅਜਿਹੀ ਆਲੋਚਨਾ ਸਵੀਕਾਰ ਕਰਨੀ ਚਾਹੀਦੀ ਹੈ। ਇਉਂ ਹੀ ਸਾਹਿਤਕ ਪੱਧਰ ਨੂੰ ਵਿਕਸਿਤ ਕੀਤਾ ਜਾ ਸਕਦਾ ਹੈ।

ਇਸਨੂੰ ਪੰਜਾਬੀ ਆਲੋਚਨਾ ਦਾ ਦੀਵਾਲੀਆਪਣ ਹੀ ਕਹਿਣਾ ਚਾਹੀਦਾ ਹੈ ਕਿ ਇਹ ਕਦੀ ਵੀ ਆਪਣੇ ਸਮਕਾਲੀ ਸਾਹਿਤ ਦੇ ਹਾਣ ਦੀ ਨਹੀਂ ਬਣ ਸਕੀ। ਬਾਰ ਬਾਰ ਇਹ ਗੱਲ ਦੁਹਰਾਈ ਜਾਂਦੀ ਹੈ ਕਿ ਪੰਜਾਬੀ ਸਾਹਿਤ ਦਾ ਆਪਣਾ ਸਾਹਿਤ ਸ਼ਾਸਤਰ ਉਸਾਰਿਆ ਜਾਣਾ ਚਾਹੀਦਾ ਹੈ ਪਰ ਅਮਲ ਵਿਚ ਇਹ ਗੱਲ ਕਦੇ ਵੀ ਨਹੀਂ ਉਤਾਰੀ ਗਈ। ਜੇ ਹੁਣੇ ਉੱਤਰ-ਉੱਤਰ ਆਧੁਨਿਕਤਾਵਾਦੀ ਆਲੋਚਨਾ ਦੀ ਖ਼ਬਰ ਮਿਲ ਜਾਵੇ ਤਾਂ ਬਿਨਾਂ ਆਪਣੇ ਲਈ ਉਸਦੀ ਸਾਰਥਿਕਤਾ ਪਰਖੇ, ਆਲੋਚਕ ਉਸ ਪਿੱਛੇ ਭੱਜਦਾ ਨਜ਼ਰ ਆਵੇਗਾ। ਪਿਆ ਢੱਠੇ ਖੂਹ ਵਿਚ ਪੰਜਾਬੀ ਸਾਹਿਤ ਦਾ ਮੌਲਿਕ ਕਾਵਿ-ਸ਼ਾਸਤਰ! ਸਾਹਿਤ ਦੇ ਪਾਠਕਾਂ ਨੂੰ ਵੀ ਇਨ੍ਹਾਂ ਮਸਲਿਆਂ ਦੀ ਸਮਝ ਹੋਣੀ ਚਾਹੀਦੀ ਹੈ ਤਾਂ ਹੀ ਉਹ ਰੋਜ਼ਾਨਾ ਸਿਰਜਿਤ ਸਾਹਿਤ ਦੀ ਸਹੀ ਪਛਾਣ ਕਰ ਸਕਦੇ ਹਨ 'ਤੇ ਆਪਣੀ ਸਿਹਤਮੰਦ ਰਾਇ ਦੇਣ ਦੇ ਕਾਬਿਲ ਹੋ ਸਕਦੇ ਹਨ।

❖



## 2. ਚਿਰਾਗ਼ ਦੇ ਦਸ ਵਰ੍ਹੇ

ਹਥਲੇ ਚਾਲੀਵੇਂ ਅੰਕ ਨਾਲ ਚਿਰਾਗ਼ ਆਪਣੇ ਪ੍ਰਕਾਸ਼ਨ ਦੇ ਦਸ ਵਰ੍ਹੇ ਪੂਰੇ ਕਰ ਲਵੇਗਾ। ਇਸ ਦੌਰਾਨ ਇਹ ਪਰਚਾ ਬਿਨਾਂ ਕੋਈ ਨਾਗਾ ਪਾਏ ਲਗਾਤਾਰ ਛਪਦਾ ਰਿਹਾ ਹੈ। ਕਿਸੇ ਛੋਟੇ ਪੰਜਾਬੀ ਸਾਹਿਤਕ ਪਰਚੇ ਲਈ, ਜਿਸਨੂੰ ਕਿਸੇ ਅਦਾਰੇ, ਕਿਸੇ ਸੰਸਥਾ ਵਲੋਂ, ਸਿਵਾਏ ਵਿਚਾਰਧਾਰਕ ਪ੍ਰਸ਼ਟੀ ਦੇ, ਹੋਰ ਕੋਈ ਸਹਾਇਤਾ ਨਾ ਹੋਣ ਤੇ ਲਗਾਤਾਰ ਚਲਦੇ ਰਹਿਣਾ ਇੱਕ ਅਹਿਮ ਗੱਲ ਹੈ। ਅਸੀਂ ਇਸਨੂੰ ਚਲਾਉਣ ਵਾਲੇ ਇਸ ਗੱਲ 'ਤੇ ਤਸੱਲੀ ਮਹਿਸੂਸ ਕਰਦੇ ਹਾਂ। ਕਈ ਵਰ੍ਹੇ ਪਹਿਲਾਂ ਜਦੋਂ ਸਾਹਿਤ ਸਬੰਧੀ ਇਕ ਪਰਚਾ ਕੱਢਣ ਦੀ ਗੱਲ ਆਰੰਭ ਹੋਈ, ਉਸ ਸਮੇਂ ਕਈ ਮਿੱਤਰ ਤੇ ਸਾਥੀ ਸਾਡੇ ਨਾਲ ਸਨ। ਉਹਨਾਂ ਵਿੱਚ ਕਾਮਰੇਡ ਸੁਹੇਲ ਸਿੰਘ ਨੂੰ ਯਾਦ ਕਰਨਾ ਉਸਦੇ ਕੰਮ ਨੂੰ, ਉਸਦੇ ਮਸ਼ਵਰਿਆਂ ਨੂੰ ਇੱਕ ਸ਼ਰਧਾਂਜਲੀ ਮਾਤਰ ਹੋਵੇਗਾ। ਇਹ ਵਿਚਾਰਾਂ ਕੁਝ ਵਰ੍ਹੇ ਚੱਲਦੀਆਂ ਰਹੀਆਂ ਪਰੰਤੂ ਕੋਈ ਅਮਲੀ ਸਿੱਟਾ ਕੱਢਣ ਵਿੱਚ ਅਸਫਲ ਰਹੀਆਂ। ਅਖੀਰ ਵਿੱਚ ਕੁਝ ਸਾਥੀਆਂ ਨੇ ਲੱਕ ਬੰਨ੍ਹ ਕੇ ਕੁਝ ਕਰਨ ਦਾ ਫ਼ੈਸਲਾ ਕੀਤਾ। ਉਹਨਾਂ ਸਾਥੀਆਂ ਵਿੱਚ ਹਰਭਜਨ ਸਿੰਘ ਹੁੰਦਲ ਮੋਹਰੀ ਸੀ। ਆਪੇ ਕੁਝ ਰਕਮ ਇੱਕਠੀ ਕੀਤੀ ਗਈ ਤੇ ਚਿਰਾਗ਼ ਨੂੰ ਪੁਸਤਕ ਲੜੀ ਦੇ ਰੂਪ ਵਿੱਚ ਛਾਪਣਾ ਆਰੰਭ ਕਰ ਦਿੱਤਾ। ਉਸ ਸਮੇਂ ਇਹਦੀ ਸਾਹਿਤਕ ਦ੍ਰਿਸ਼ਟੀ ਤੇ ਵਿਚਾਰਧਾਰਕ ਸੇਧ ਸਪਸ਼ਟ ਸੀ। ਇਸ ਪਰਚੇ ਨੇ ਸਾਹਿਤ ਵਿੱਚ ਅੱਗੇ ਵਧੂ ਰੋਲ ਅਦਾ ਕਰਨਾ ਸੀ। ਇਸਦਾ ਦ੍ਰਿਸ਼ਟੀਕੋਣ ਜਨਵਾਦੀ ਸੀ। ਇਹਦਾ ਕਰਤੱਵ ਕੇਵਲ ਪੰਜਾਬੀ ਹੀ ਨਹੀਂ ਬਲਕਿ ਹੋਰ ਜ਼ੁਬਾਨਾਂ ਵਿੱਚ ਛਪੇ ਤੇ ਛਪ ਰਹੇ ਜਨਵਾਦੀ ਸਾਹਿਤ ਨੂੰ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰਨਾ ਸੀ। ਇਹ ਕੁਝ ਇਹ ਆਪਣੇ ਵਿਤ ਅਨੁਸਾਰ ਤੇ ਆਪਣੀਆਂ ਸੀਮਾਵਾਂ ਅਨੁਸਾਰ ਲਗਾਤਾਰ ਕਰਦਾ ਆ ਰਿਹਾ ਹੈ।

ਪੰਜਾਬੀ ਵਿੱਚ ਕਿਸੇ ਪਰਚੇ ਦੇ ਚੱਲਣ ਲਈ ਆਪਣੇ ਆਪ ਨੂੰ ਦੂਜੇ ਪਰਚਿਆਂ ਨਾਲੋਂ ਕੁਝ ਵਿਲੱਖਣਤਾ ਦਾ ਪ੍ਰਗਟਾਵਾ ਕਰਨਾ ਬਹੁਤ ਜ਼ਰੂਰੀ ਹੈ। ਇਸ ਪੱਖ ਤੋਂ ਚਿਰਾਗ਼ ਨੇ ਕਈ ਯਤਨ ਕੀਤੇ ਹਨ। ਇੱਕ ਗੱਲ, ਜਿਹੜੀ ਇਹਨੇ ਕੀਤੀ, ਉਹ ਸੀ ਪੱਛਮੀ ਪੰਜਾਬ ਦੇ ਸਾਹਿਤ ਤੇ ਸਾਹਿਤਕਾਰਾਂ ਨਾਲ ਲਗਾਤਾਰ ਰਾਬਤਾ ਕਾਇਮ ਰੱਖਣਾ। ਪੱਛਮੀ ਪੰਜਾਬ ਦੇ ਸਾਹਿਤਕਾਰਾਂ ਤੇ ਪਾਠਕਾਂ ਨੂੰ ਇਧਰਲੇ ਪੰਜਾਬੀ ਸਾਹਿਤ ਤੇ ਸਾਹਿਤਕਾਰਾਂ ਬਾਰੇ ਲਗਾਤਾਰ ਜਾਣਕਾਰੀ ਦੇਣ ਦਾ ਕੰਮ ਇਹ ਕਰਦਾ ਰਿਹਾ ਹੈ। ਇਸਦੇ ਨਾਲ ਹੀ ਉਧਰਲੇ ਪੰਜਾਬ ਦੇ ਸਾਹਿਤ ਤੇ ਸਾਹਿਤਕਾਰਾਂ ਬਾਰੇ ਵੀ ਇਹ ਇਹੋ ਕੁਝ ਕਰਦਾ ਰਿਹਾ ਹੈ। ਪੱਛਮੀ ਪੰਜਾਬ ਦੇ ਸਾਹਿਤਕਾਰਾਂ ਤੇ ਸਾਹਿਤ ਨੂੰ ਛਾਪਣਾ ਲੰਮਾ ਸਮਾਂ ਇਸਦੇ ਸਥਾਈ ਅੰਗ ਵਾਂਗ ਰਿਹਾ ਹੈ, ਪਰੰਤੂ ਦੋਨਾਂ ਦੇਸ਼ਾਂ ਵਿਚਕਾਰ ਰਾਜਸੀ ਸਬੰਧ ਇਸਨੂੰ ਪ੍ਰਭਾਵਿਤ ਵੀ ਕਰਦੇ ਰਹੇ ਹਨ। ਦੂਜੀ ਗੱਲ, ਜੋ ਇਸਨੇ ਕੀਤੀ, ਉਹ ਸਾਹਿਤ ਦੇ ਵਿਚਾਰਧਾਰਕ ਖੇਤਰ ਵਿੱਚ ਬੁਰਜੁਆ ਵਿਚਾਰਧਾਰਾ, ਉੱਤਰ ਆਧੁਨਿਕਤਾ ਦਾ ਗੰਭੀਰ ਨੋਟਿਸ ਲੈਣਾ ਸੀ ਅਤੇ ਉਸਦਾ ਢੁੱਕਵਾਂ ਵਿਸ਼ਲੇਸ਼ਣ ਕਰਕੇ ਉੱਤਰ ਦੇਣਾ ਇੱਕ ਖਾਸ ਗੱਲ ਸੀ ਜਦੋਂਕਿ ਪੰਜਾਬੀ ਦੇ ਕਿਸੇ ਹੋਰ ਅੱਗੇ ਵਧੂ ਪਰਚੇ ਨੇ ਇਸਦਾ ਨੋਟਿਸ ਲੈਣਾ ਕੋਈ ਜ਼ਰੂਰੀ ਨਹੀਂ ਸਮਝਿਆ ਸੀ। ਇਸ ਸਮੇਂ ਚਿਰਾਗ਼ ਨੇ ਕਈ ਵਿਸ਼ੇਸ਼ ਨੰਬਰ ਕੱਢੇ ਜਿਹੜੇ ਸਾਧਾਰਨ ਪਾਠਕ ਤੋਂ ਲੈ ਕੇ ਵਿਦਵਾਨਾਂ ਤੱਕ ਵੀ ਪਹੁੰਚੇ। ਇਹਨਾਂ ਵਿਚੋਂ ਜ਼ਿਕਰਯੋਗ ਮਾਰਕਸਵਾਦੀ ਸਾਹਿਤ ਸ਼ਾਸਤਰ ਵਿਸ਼ੇਸ਼ ਅੰਕ, ਨਾਜ਼ਿਮ ਹਿਕਮਤ ਅੰਕ, ਖਾਲਸੇ ਦੇ ਜਨਮ ਦੀ ਤੀਜੀ ਸ਼ਤਾਬਦੀ ਅੰਕ, ਚੀਨੀ ਸਾਹਿਤ ਅੰਕ, ਦਲਿਤ ਸਾਹਿਤ ਅੰਕ ਕੁਝ ਖਾਸ ਹਨ। ਇਹ ਸਾਰੇ ਯਤਨ ਪੰਜਾਬੀ ਸਾਹਿਤ ਦੇ ਵਿਸ਼ਾਲ ਸਾਗਰ ਵਿੱਚ ਤਰੰਗਾਂ ਪੈਦਾ ਕਰ ਸਕਣ ਵਿਚ ਸਫਲ ਰਹੇ ਹਨ। ਇਸਤੋਂ ਬਿਨਾਂ ਹੋਰ ਵਿਚਾਰਧਾਰਕ ਗੱਲਾਂ, ਜਿਹੜੀਆਂ ਪੰਜਾਬੀ ਸੱਭਿਆਚਾਰ ਲਈ ਉਪਰੀਆਂ ਸਨ, ਸਮੇਂ-ਸਮੇਂ ਉਹਨਾਂ

ਦਾ ਵੀ ਨੋਟਿਸ ਲਿਆ ਗਿਆ। ਮਿਸਾਲ ਵਜੋਂ ਰਜਨੀਸ਼ ਓਸ਼ੋ ਦੀ ਵਿਚਾਰਧਾਰਾ ਦਾ ਵੀ ਵਰਨਣ ਤੇ ਵਿਸ਼ਲੇਸ਼ਣ ਕਰਨ ਦਾ ਯਤਨ ਕੀਤਾ ਗਿਆ ਹੈ। ਕਾਫੀ ਸਮਾਂ ਚਿਰਾਗ ਪੁਸਤਕ ਲੜੀ ਦੇ ਰੂਪ ਵਿੱਚ ਛਪਦਾ ਰਿਹਾ ਪਰੰਤੂ ਖੁਸ਼ੀ ਦੀ ਗੱਲ ਹੈ ਕਿ ਸਰਕਾਰ ਵਲੋਂ ਵੀ ਇਸਨੂੰ ਇਸੇ ਨਾਮ ਦੀ ਪ੍ਰਵਾਨਗੀ ਮਿਲ ਗਈ ਅਤੇ ਉਸ ਸਮੇਂ ਤੋਂ ਇਹ ਇਸੇ ਨਾਂਅ ਨਾਲ ਲਗਾਤਾਰ ਛਪ ਰਿਹਾ ਹੈ।

ਚਿਰਾਗ ਨੂੰ ਆਰੰਭ ਕਰਨ ਵਾਲੇ ਵਿਅਕਤੀ ਇੱਕ ਵਿਸ਼ੇਸ਼ ਵਿਚਾਰਧਾਰਾ ਨਾਲ ਪ੍ਰਤੀਬੱਧ ਸਨ। ਇਸੇ ਪ੍ਰਤੀਬੱਧਤਾ ਸਦਕਾ ਉਹ ਆਪਣੇ ਆਪ ਨੂੰ ਇੱਕ ਸੰਸਥਾ ਦੇ ਅਧੀਨ ਸਮਝਦੇ ਹਨ। ਭਾਵ ਉਹਨਾਂ ਨੇ ਚੇਤਨ ਪੱਧਰ 'ਤੇ ਯਤਨ ਕੀਤਾ ਕਿ ਉਹਨਾਂ ਦੇ ਪਰਚੇ ਵਿੱਚ ਛਪੀ ਕੋਈ ਲਿਖਤ ਇੱਕ ਵਿਸ਼ੇਸ਼ ਸੰਸਥਾ ਦੇ ਆਸ਼ਿਆਂ ਤੇ ਟੀਚਿਆਂ ਦੇ ਵਿਰੁੱਧ ਨਾ ਜਾਵੇ। ਪਰੰਤੂ ਇਹ ਕੁਝ ਭਾਵੁਕ ਪੱਧਰ ਤੱਕ ਹੀ ਸੀਮਤ ਸੀ ਕਿਸੇ ਸੰਸਥਾ ਦੇ ਜ਼ਾਬਤੇ ਦਾ ਡੰਡਾ ਇਸਦੇ ਸਿਰ ਉਤੇ ਨਹੀਂ ਸੀ ਪਰੰਤੂ ਉਸ ਸੰਸਥਾ ਨੇ ਇਸ ਪਰਚੇ ਵੱਲ ਬਣਦਾ ਕੋਈ ਇਖ਼ਲਾਕੀ ਫਰਜ਼ ਜਾਂ ਜ਼ੁੰਮੇਵਾਰੀ ਕਦੇ ਪੂਰੀ ਨਾ ਕੀਤੀ। ਕਿਸੇ ਆਰਥਿਕ ਸਹਾਇਤਾ ਦੀ ਜਿਹੜੀ ਉਹ ਕਰ ਸਕਦੀ ਸੀ, ਦੀ ਗੱਲ ਹੀ ਛੱਡੋ, ਪਰੰਤੂ ਫਿਰ ਵੀ ਚਿਰਾਗ ਆਪਣਾ ਫਰਜ਼ ਨਿਭਾਉਂਦਾ ਰਿਹਾ ਹੈ।

ਚਿਰਾਗ ਨੇ ਪੰਜਾਬੀ ਸਾਹਿਤ ਦੇ ਨਵੇਂ ਤੇ ਪੁਰਾਣੇ ਲੇਖਕਾਂ ਨੂੰ ਛਾਪਣਾ, ਖਾਸ ਕਰਕੇ ਨਵੇਂ ਲੇਖਕਾਂ ਨੂੰ ਛਪਣ ਲਈ ਇਕ ਪਲੇਟਫਾਰਮ ਦੇਣ ਦਾ ਕੰਮ ਕੀਤਾ। ਸਾਹਿਤਕ ਰਚਨਾਵਾਂ ਦੇ ਨਾਲ ਹੀ ਸਾਹਿਤ ਦੇ ਸਿਧਾਂਤਕ ਸਵਾਲਾਂ ਨੂੰ ਪੇਸ਼ ਕੀਤਾ। ਇਸ ਤਰ੍ਹਾਂ ਚਿਰਾਗ ਦੇਸ਼ ਤੇ ਪ੍ਰਦੇਸ਼ ਵਿੱਚ ਇੱਕ ਵਿਸ਼ੇਸ਼ ਪਾਠਕ ਵਰਗ ਤੱਕ ਪੁੱਜਣ ਵਿੱਚ ਸਫਲ ਰਿਹਾ ਹੈ। ਇਹ ਕੁਝ ਕਰਕੇ ਕਿਸੇ ਤਸੱਲੀ ਦਾ ਪ੍ਰਗਟਾਵਾ ਕਰਨਾ ਦਰੁਸਤ ਨਹੀਂ ਹੋਵੇਗਾ ਕਿਉਂਕਿ ਸਾਹਿਤ ਦਾ ਮੰਤਵ ਸਦਾ ਮੰਜ਼ਿਲਾਂ ਨੂੰ ਮਿਥਦੇ ਰਹਿਣਾ ਤੇ ਉਹਨਾਂ ਨੂੰ ਸਰ ਕਰਨਾ ਹੈ। ਸਾਨੂੰ ਤਸੱਲੀ ਹੈ ਕਿ ਅੱਜ ਦੇ ਇਸ ਯੁਗ ਵਿੱਚ ਵਸੀਲਿਆਂ ਦੀ ਅਣਹੋਂਦ ਦੇ ਹੁੰਦਿਆਂ ਅਸੀਂ ਕੁਝ ਕਰ ਸਕੇ ਹਾਂ। ਅਸੀਂ ਕਦੇ ਵੀ ਪਰਚੇ ਵਿੱਚ ਆਰਥਿਕ ਔਕੜਾਂ ਦਾ ਜ਼ਿਕਰ ਤੇ ਆਰਥਿਕ ਸਹਾਇਤਾ ਦੀ ਮੰਗ ਨਹੀਂ ਕੀਤੀ ਪਰੰਤੂ ਫਿਰ ਵੀ ਸਹਾਇਕਾਂ ਤੋਂ ਬਿਨਾਂ ਇਸਦਾ ਚੱਲਣਾ ਸੰਭਵ ਨਹੀਂ ਸੀ। ਇਸ ਸਬੰਧ ਵਿੱਚ ਸਮੇਂ-ਸਮੇਂ ਬਹੁੜੇ ਸਾਡੇ ਸਹਾਇਕਾਂ ਦੇ ਅਸੀਂ ਰਿਣੀ ਹਾਂ ਤੇ ਅੱਜ ਦਸਾਂ ਸਾਲਾਂ ਉਪਰੰਤ ਉਹਨਾਂ ਦੀ ਦੇਣ ਨੂੰ ਯਾਦ ਨਾ ਕਰਨਾ ਇਕ ਨਾਂ-ਸ਼ੁਕਰਾਪਣਾ ਹੋਵੇਗਾ। ਇਹਨਾਂ ਵਿੱਚ ਅਹਿਮ ਨਾਂ ਸਾਥੀ ਅਵਤਾਰ ਸਾਦਿਕ ਲੈਸਟਰ ਜਿਸਨੇ ਮੁੱਢਲੇ ਦੌਰ ਵਿੱਚ ਸਾਇਕ ਸਹਾਇਤਾ ਦਿੱਤੀ ਦਾ ਹੈ, ਦੂਜੇ ਸ੍ਰੀ ਨਰਪਿੰਦਰ ਰਤਨ ਦਾ ਹੈ ਜਿਨ੍ਹਾਂ ਨੇ ਪਰਚੇ ਦੀ ਆਰਥਿਕ ਸਹਾਇਤਾ ਕਰਕੇ ਇਸ ਨੂੰ ਖੜੇ ਹੋਣ ਲਈ ਇੱਕ ਠੁੰਮਣੇ ਦਾ ਕੰਮ ਕੀਤਾ। ਪਿਛਲੇ ਦੌਰ ਵਿੱਚ ਸਾਥੀ ਅਮਰਜੀਤ ਸੂਫੀ ਜਿਸਨੇ ਪਰਚੇ ਨੂੰ ਹੋਰ ਚੰਗੇਰਾ ਬਣਾਉਣ ਵਿੱਚ ਯੋਗਦਾਨ ਦਿੱਤਾ ਅਸੀਂ ਮਾਨ ਸਿੰਘ ਭਾਰਗਵ (ਜੰਮੂ) ਦੇ ਧੰਨਵਾਦੀ ਹਾਂ। ਜਿਸ ਨੇ ਚਿਰਾਗ ਪਰਿਵਾਰ ਦਾ ਮੈਂਬਰ ਬਣ ਕੇ ਇਸ ਨੂੰ ਜੰਮੂ ਕਸ਼ਮੀਰ ਦੇ ਪਾਠਕਾਂ ਤੇ ਲੇਖਕਾਂ ਤੀਕ ਪਹੁੰਚਾਇਆ ਹੈ 'ਤੇ ਹੋਰ ਅਨੇਕਾਂ ਸਾਥੀ ਜਿਨਾਂ ਨੇ ਪਰਚੇ ਦੇ ਚੱਲਣ ਵਿੱਚ ਸਮੇਂ-ਸਮੇਂ ਯੋਗਦਾਨ ਦਿੱਤਾ ਸਾਡੇ ਅਥਾਹ ਆਦਰ ਦੇ ਪਾਤਰ ਹਨ। ਅਸੀਂ ਇਹ ਸਮਝਦੇ ਹਾਂ ਕਿ ਸਮਾਜਿਕ ਤਬਦੀਲੀ ਤੇ ਵਿਚਾਰਧਾਰਕ ਦਵੰਧ ਵਿੱਚ ਸਾਹਿਤ ਦਾ ਆਪਣਾ ਸਥਾਨ ਹੈ। ਪਿਛਲੇ ਸਮੇਂ ਵਿੱਚ ਅਸੀਂ ਇਸ ਵਿੱਚ ਆਪਣਾ ਤੁੱਛ ਜਿਹਾ ਹਿੱਸਾ ਪਾਉਣ ਦਾ ਯਤਨ ਕਰਦੇ ਰਹੇ ਹਾਂ। ਸਾਨੂੰ ਆਪਣੇ ਫਰਜ਼ਾਂ ਤੇ ਆਪਣੀਆਂ ਸੀਮਾਵਾਂ ਦਾ ਪੂਰਨ ਅਹਿਸਾਸ ਹੈ। ਅਸੀਂ ਥੱਕੇ ਨਹੀਂ ਉਲਟਾ ਅੱਜ ਦੀਆਂ ਸਮਾਜਿਕ, ਆਰਥਿਕ ਤੇ ਰਾਜਨੀਤਿਕ ਸਥਿਤੀਆਂ ਬਾਰੇ ਹੋਰ ਚੇਤਨ ਹਾਂ ਤੇ ਅਗਲੇ ਸਮੇਂ ਵਿੱਚ ਹੋਰ ਵੀ ਤੀਖਣ ਰੂਪ ਵਿੱਚ ਆਪਣਾ ਫਰਜ਼ ਪੂਰਾ ਕਰਾਂਗੇ। ਇਸਦੇ ਨਾਲ ਹੀ ਆਪਣੇ ਪਾਠਕਾਂ, ਆਪਣੇ ਸਾਥੀਆਂ ਤੇ ਹਮਦਰਦਾਂ ਤੋਂ ਆਸ ਰੱਖਦੇ ਹਾਂ ਕਿ ਉਹ ਇਸ ਜਮਾਤੀ ਹਥਿਆਰ ਨੂੰ ਹੋਰ ਤਿੱਖਾ ਕਰਨ ਲਈ ਸਾਨੂੰ ਹਲਾਸ਼ੇਰੀ ਦੇਣਗੇ। *—ਸੰਪਾਦਕੀ-ਮੰਡਲ*



***ਇਸ ਵਾਰ ਦਾ ਵਿਸ਼ੇਸ਼ ਕਵੀ***

## ਕੁਲਵਿੰਦਰ—ਚਾਰ ਗ਼ਜ਼ਲਾਂ

(ਕੁਲਵਿੰਦਰ ਵਧੀਆ ਗ਼ਜ਼ਲ ਲਿਖਣ ਵਾਲਾ ਪ੍ਰਵਾਸੀ ਕਵੀ ਹੈ। ਉਸਦੀ ਰਚਨਾ ਵਿਚ ਹੰਢੇ ਹੋਏ ਗ਼ਜ਼ਲਗੋਆ ਵਾਲੀ ਪਕਿਆਈ ਹੈ। ਯੂ. ਐਸ.ਏ (ਅਮਰੀਕਾ) ਵਿੱਚ ਰਹਿੰਦਿਆਂ ਉਸ ਦਾ ਗ਼ਜ਼ਲ ਦੇ ਕਾਵਿ ਸ਼ਾਸਤਰ ਵਿੱਚ ਨਿਪੁੰਨਤਾ ਪ੍ਰਾਪਤ ਕਰਨਾ ਤੇ ਨਿਰੰਤਰ ਰਚਨਾ ਕਰਨਾ ਮਾਣ ਵਾਲੀ ਗੱਲ ਹੈ। ਪੇਸ਼ ਹਨ ਉਸ ਦੀਆਂ ਚਾਰ ਨਵੀਆਂ ਗ਼ਜ਼ਲਾਂ।)

1. ਹਨੇਰੀ ਰਾਤ ਹੈ, ਜੰਗਲ ਹੈ, ਮੈਂ ਹਾਂ ਸਹਿਮਿਆ ਹੋਇਆ।
ਮੈਂ ਕਿੱਥੇ ਆ ਗਿਆ ਹਾਂ ਰੌਸ਼ਨੀ ਨੂੰ ਭਾਲਦਾ ਹੋਇਆ।

ਸੁਲਗਦੀ ਰਾਤ, ਬਲਦਾ ਬਿਰਖ, ਤਾਰਾ ਟੁੱਟਿਆ ਹੋਇਆ।
ਮੈਂ ਕੰਬਿਆ, ਬਾਲ ਦੇ ਨੈਣੀਂ ਇਹ ਮੰਜ਼ਰ ਦੇਖਦਾ ਹੋਇਆ।

ਕਿਸੇ ਦਿਨ ਉਸ ਦੀ ਮਿੱਟੀ 'ਚੋਂ ਵੀ ਸੂਹੇ ਫ਼ੁੱਲ ਉੱਗਣਗੇ,
ਬਣੇਗਾ ਖ਼ਾਕ, ਪੱਤਾ ਜ਼ਰਦ, ਟਾਹਣੋਂ ਟੁੱਟਿਆ ਹੋਇਆ।

ਭਲਾ ਇਸ ਹਾਦਸੇ ਨੂੰ ਉਮਰ ਸਾਰੀ ਮੈਂ ਕਿਵੇਂ ਭੁਲਣੈ,
ਉਹ ਸਦੀਆਂ ਬਾਦ੍ਹ ਮਿਲਿਆ, ਰੁਕ ਗਿਆ, ਹੱਸਿਆ, ਹਵਾ ਹੋਇਆ।

ਉਹ ਕੈਸਾ ਬਿਰਖ ਸੀ ਜੋ ਬਰਫ਼ ਦੇ ਜੰਗਲ 'ਚ ਉਗਿਆ ਸੀ,
ਨਾ ਕੋਈ ਮਾਣ ਸਕਿਆ ਛਾਂ ਮੁਸਾਫਿਰ ਗੁਜ਼ਰਦਾ ਹੋਇਆ।

ਖ਼ਬਰ ਕੁਝ ਵੀ ਨਹੀਂ ਕਿਸ ਹਾਲ ਵਿਛੜੀ ਬਿਰਖ ਤੋਂ ਉਹ, ਪਰ
ਭਿਆਨਕ ਚੀਖ਼ ਬਣਕੇ ਬੰਸਰੀ ਤੋਂ ਮੈਂ ਜੁਦਾ ਹੋਇਆ।

ਤੂੰ ਇਕ ਵਾਰੀ ਬੁਲਾ ਕੇ ਦੇਖ 'ਕੁਲਵਿੰਦਰ' ਨੂੰ ਭੁਲਕੇ ਹੀ,
ਉਹ ਹਰ ਹਾਲਿਤ 'ਚ ਪਹੁੰਚੇਗਾ ਥਲਾਂ ਨੂੰ ਚੀਰਦਾ ਹੋਇਆ।

2. ਸੂਰਜ ਤੁਰਿਆ ਆਪਣੀ, ਤੁਰਿਆ ਅਪਣੀ ਚਾਲ।
ਮੈਂ ਵੀ ਤੁਰਿਆ ਆਪਣੇ ਪਰਛਾਂਵੇਂ ਦੇ ਨਾਲ

ਤਨ ਠਰਿਆ ਮਨ ਝੁਲਸਿਆ, ਰਾਤੀਂ ਦੀਵਾ ਬਾਲ।
ਦਿਲ ਨੂੰ ਕੁਝ ਕੁਝ ਸੇਕਿਆ ਧੁਖਦੇ ਅੱਖਰਾਂ ਨਾਲ।

ਜੰਗਲ ਵਿੱਚ ਇਕ ਬਿਰਖ ਸੀ ਉਸ ਉੱਪਰ ਇਕ ਡਾਲ।
ਨਾ ਜਾਣੇ ਅੱਜ ਤੀਕ ਕਿਉਂ ਉਸਦੇ ਆਉਣ ਖਿਆਲ।

ਦਿਲ ਵੀ, ਦਰਿਆ, ਆਸ ਵੀ, ਪੰਛੀ ਦੀ ਪਰਵਾਜ਼ ਵੀ,
ਕੀ ਕੁਝ ਲਹਿੰਦਾ ਜਾ ਰਿਹੈ, ਸੂਰਜ ਲੱਥਣ ਨਾਲ।

ਛੱਡ ਦੇ ਹੁਣ ਮਹਿਤਾਬ ਨੂੰ ਤੇ ਸੂਰਜ ਦੇ ਖ਼ਾਬ ਨੂੰ,
ਦਿਲ ਦੇ ਉਜੜੇ ਖੰਡਰੀਂ, ਚਲ ਇਕ ਦੀਵਾ ਬਾਲ।

3. ਹਰਫ਼ ਹੋਠਾਂ 'ਤੇ ਆ ਕੇ ਹੀ ਰੁਕ ਜਾਣਗੇ,
ਸ਼ਾਮ ਪੈ ਜਾਇਗੀ ਰੰਗ ਉਤਰ ਜਾਇਗਾ।

## 2. ਦੂਖ਼ਤ

ਬਹੁਤਾ ਨਹੀਂ ਜਾਣਦਾ ਮੈਂ ਤੈਨੂੰ
ਸੰਤਰੀ ਜਿਉਂ
ਕਿਸੇ ਵੱਡੀ ਇਮਾਰਤ 'ਤੇ ਅੱਖ ਰੱਖਦਾ
ਆਇਆ ਗਿਆ ਹਰ ਉਹਨੂੰ ਸਰਾਸਰ ਤੱਕਦਾ
ਚੁੱਪ-ਚਾਪ ਫਿਰ ਲੰਘ ਜਾਂਦਾ।

ਬਣਿਆ ਰਹਿੰਦਾ ਏ
ਖੌਰੇ ਕਿਉਂ
ਹਰ ਵੇਲੇ ਤੂੰ ਅੰਗ ਰੱਖਿਅਕ ਮੇਰਾ

ਬੀਵੀ ਮੇਜ਼ 'ਤੇ ਰੋਟੀ ਦਾ ਥਾਲ ਰੱਖਦੀ
ਲਗਦੈ-
ਮੇਜ਼ 'ਚੋਂ ਬਾਹਾਂ ਕੱਢ
ਆਪਣੇ ਹੱਥੀਂ
ਖਿਲਾਵੇਂਗਾ ਰੋਟੀ ਮੈਨੂੰ ਗ੍ਰਾਹੀ-ਗ੍ਰਾਹੀ

ਕੁਰਸੀ 'ਤੇ ਬਹਿੰਦਾਂ
ਲਗਦੈ-
ਤੇਰੀ ਗੋਦ 'ਚ ਬੈਠਾਂ

ਪੌੜੀਆਂ ਚੜ੍ਹਦਾ
ਲਗਦੈ-
ਰੱਬ ਕੋਲ ਉੱਪਰ
ਲੈ ਕੇ ਚੱਲਿਆਂ ਤੂੰ ਮੈਨੂੰ

ਹੁਣ ਯਾਦ ਆਉਂਦਾ-

ਮਾਸਟਰ ਤੇਲੂ ਰਾਮ ਦੀ ਸੋਟੀ
ਸੀ ਪਿੱਠ 'ਤੇ ਮੇਰੀ ਜਦ ਪੈਂਦੀ ਹੁੰਦੀ

ਤੂੰ ਆਪਣੀਆਂ ਹੀ ਡਾਲਾਂ ਨਾਲ, ਉਦੋਂ
ਕੁੱਟਦਾ ਹੁੰਦਾ ਸੀ ਆਪਣੇ ਆਪ ਨੂੰ
ਚਾਹੁੰਦਾ ਮੈਂ ਅਕਸਰ
ਅਸਲ ਜਾਮੇ 'ਚ ਆਪਣੇ
ਤੂੰ ਆਵੇਂ ਇੱਕ ਦਿਨ
ਤੇ ਚੱਲੋਂ ਮੇਰੇ ਨਾਲ ਬਾਜ਼ਾਰ

ਕਿਤਾਬਾਂ ਦੀ ਦੁਕਾਨ
ਵਿਕਦੇ ਨੇ ਜਿੱਥੇ
ਅਕਲ ਗਿਆਨ ਵਿਗਿਆਨ
ਸਿਰਫ ਤੂੰ ਹੀ ਤੂੰ ਏਂ
ਵਰਕਾ ਵਰਕਾ ਉਲਟ ਪਲਟ ਕੇ
ਵੇਖਿਆ ਹੈ ਉੱਥੇ ਕਈ ਵੇਰ ਤੈਨੂੰ

ਪਰ ਇਹਨੀ ਦਿਨੀਂ ਹੀ
ਤੈਨੂੰ ਮੈਂ ਇੱਕ ਦਿਨ
ਖ਼ਬਰਾਂ 'ਚ
ਟੀ.ਵੀ. 'ਤੇ ਵੇਖਿਆ ਸੀ

ਇੱਕ ਬੰਦਾ
ਦੂਜੇ ਬੰਦੇ ਨੂੰ
ਬੰਦੂਕ ਨਾਲ ਮਾਰ ਰਿਹਾ ਸੀ
ਤੂੰ ਸੀ ਹੱਥਾ ਉਸ ਬੰਦੂਕ ਦਾ
ਗੂੰਗਾ ਸਭ ਦੇਖ ਰਿਹਾ ਸੀ

ਲਗਦੈ ਮੈਨੂੰ ਹੁਣ
ਤੇਰਾ ਮੇਰਾ ਕੋਈ ਵਾਸਤਾ
ਕੋਈ ਨੇੜ
ਸਾਂਝ, ਕੋਈ ਵੀ ਰਿਸ਼ਤਾ ਨਹੀਂ

❖

### ਚਿਰਾਗ਼ ਦਾ ਅਗਲਾ ਵਿਸ਼ੇਸ਼ ਅੰਕ

ਜੁਲਾਈ-ਸਤੰਬਰ 2002 ਦਾ ਅੰਕ ਚਿੱਲੀ ਦੇ ਸੰਸਾਰ ਪ੍ਰਸਿੱਧ ਕਵੀ ਪਾਬਲੋ ਨੇਰੂਦਾ ਬਾਰੇ ਵਿਸ਼ੇਸ਼ ਅੰਕ ਹੋਵੇਗਾ। ਜਿਸ ਵਿਚ ਨੇਰੂਦਾ ਦੇ ਨਿਬੰਧ, ਯਾਦਾਂ, ਨਜ਼ਮਾਂ, ਕਾਵਿ-ਸ਼ਾਸਤਰ, ਰੇਖਾ-ਚਿੱਤਰ, ਸਫ਼ਰਨਾਮਾ ਅਤੇ ਹੋਰ ਵੰਨਗੀਆਂ ਦੀ ਸਾਹਿਤਕ ਸਮੱਗਰੀ ਹੋਵੇਗੀ। ਨੇਰੂਦਾ ਪ੍ਰੇਮੀਆਂ ਲਈ ਇਹ ਅੰਕ ਇਕ ਦੁਰਲੱਭ ਤੇ ਯਾਦਗਾਰੀ ਦਸਤਾਵੇਜ਼ ਹੋਵੇਗਾ।

*—ਸੰਪਾਦਕੀ ਮੰਡਲ*



## 3. ਕੀ ?

ਗੱਲਾਂ
ਬਹੁਤ ਵੱਡੀਆਂ ਗੱਲਾਂ
ਅਕਸਰ
ਭੁੱਲ ਜਾਂਦਾ ਮੈਂ

ਡਰ
ਦਰਦ
ਤੇ ਤੌਖਲੇ ਵੱਡੇ ਵੱਡੇ
ਵੀ ਵਿਸਾਰ ਜਾਂਦਾ
ਇਉਂ ਹੀ ਮੈਂ

ਅੱਜ, ਪਰ
ਮੁੱਦਤ ਪਹਿਲਾਂ ਸੁਣੀ ਗੱਲ ਅੱਜ
ਯਾਦ ਆਈ
ਰੜਕੀ ਦਿਲ ਵਿੱਚ
ਬੰਦ ਸਿੱਪੀ 'ਚ
ਸਿੱਪੀ ਕੀੜੇ ਦੀ ਦੇਹ 'ਤੇ
ਜਿਉਂ ਰੇਤ ਕਿਣਕਾ
ਤੇ ਲਗਦਾ
ਹੌਲੀ ਹੌਲੀ ਆਪੇ
ਮੋਤੀ ਹੈ ਹੁਣ ਉਹ ਬਣ ਰਹੀ

ਸਨਸਨੀਖੇਜ਼ ਖ਼ਬਰਾਂ ਭਰਿਆ
ਇੰਟਰਨੈਟ ਮੈਂ ਪੜ੍ਹਦਾ

ਛੇਦ ਓਜ਼ੋਨ ਦਾ
ਮੁਰੰਮਤ ਹੋ ਰਿਹਾ
ਆਸਟ੍ਰੇਲੀਆ ਦੇ ਨਕਸ਼ੇ ਤੋਂ ਘਟਕੇ
ਹੁਣ ਕਿਸੇ ਵੱਡੇ ਜਜ਼ੀਰੇ ਜਿੱਡਾ ਰਹਿ ਗਿਆ

ਕਾਰ ਸਟਾਰਟ ਕਰਨ ਤੋਂ ਪਹਿਲਾਂ
ਬਾਬੂ ਅੱਜ ਥੋੜਾ ਡਰ ਗਿਆ
ਉਹਦਾ ਪੁੱਤ ਪਲੇਠਾ ਅੰਦਰ
ਦਮੇਂ ਦੀ ਖਾਂਸੀ ਖੰਘ ਰਿਹਾ
ਕੋਸਦਾ ਪ੍ਰਦੂਸ਼ਨ ਨੂੰ ਬਾਬੂ, ਬੜਾਉਂਦਾ
ਕਾਰ ਬੰਦ ਕਰਕੇ
ਅੱਜ ਤੁਰ ਕੇ ਹੀ ਦਫ਼ਤਰ ਜਾ ਰਿਹਾ

ਲਿਪਸਟਿਕ ਲਾਉਂਦੀ ਤੀਵੀਂ ਚਾਣਚੱਕ ਡਰ
ਗਈ
ਬੰਦ ਦਾ ਬੰਦ ਪਿਆ ਪਰਫ਼ਿਊਮ
ਉਹ ਬਾਜ਼ਾਰ ਚਲੇ ਗਈ

ਲੋਕੀਂ
ਟੂਟੀ ਨਾ ਦੇਰ ਬਹੁਤ
ਖੁੱਲ੍ਹੀ ਛੱਡਦੇ
ਡਰਦੇ ਹੁਣ
ਜਾਣ ਗਏ ਖੌਰੇ
ਪਾਣੀ ਪੀਣ ਵਾਲਾ ਧਰਤੀ ਦਾ
ਮੁੱਕ ਰਿਹਾ

ਖ਼ਬਰਾਂ ਪੜ੍ਹਦੇ
ਮੈਨੂੰ ਵੀ
ਲੱਗਾ ਸੀ ਇਕੇਰਾਂ-

$CO_2$ ਉਨ੍ਹਾਂ ਇੱਕ ਦਿਨ ਸਾਰੀ
ਖ਼ਲਾਅ 'ਚੋਂ ਚੂਸ ਲੈਣੀ
ਧਰਤੀ ਦੇ ਗੱਭ-ਗਰਭ 'ਚ
ਕੁੰਡ ਡੂੰਘੇ 'ਚ ਕਿਤੇ
ਸਾਰੀ ਦੀ ਸਾਰੀ ਭਰ ਆਉਣੀ

ਕਾਲ਼ੀ ਕੰਪਿਊਟਰ ਸਕਰੀਨ 'ਚੋਂ ਦੀ ਲਿਸ਼ਕਦੀ
ਮੇਰੀਆਂ ਅੱਖਾਂ 'ਚ ਆਈ
'ਚਾਣਕ ਦੀ ਚਮਕ ਉਦੋਂ
ਅਚਾਨਕ
ਅੱਜ ਯਾਦ ਆਈ ਮੈਨੂੰ ਫੇਰ ਬੜੀ
ਉਸ ਚਮਕ ਵਿੱਚ
ਇੱਕ ਹਲਕੀ ਗੁਲਾਬੀ ਕਰੂੰਬਲ ਸੀ
ਤੇ ਇਕ ਹਰੀ ਪੱਤੀ ਟਹਿਕਦੀ ਸੀ ਝੂਲਦੀ ਪਈ

ਤਾਲੀ ਮਾਰ ਕੇ ਮੈਂ
ਬੀਅਰ ਠੰਡੀ ਸਿੱਪ ਕਰਦਾ....ਕਰਦਾ
ਖੁਸ਼ ਹੋਇਆ ਬੜਾ
ਸੀ ਪਰ ਉਦੋਂ ਪੁੱਛਣਾ ਚਾਹੁੰਦਾ

ਕਿਸ ਤੋਂ ਪਰ ਮੈਂ ਪੁੱਛਦਾ ਭਲਾ?-
ਸੁਲੇਮਾਨ, ਸਿਕੰਦਰ, ਚੰਗੇਜ਼, ਅੰਗ੍ਰੇਜ਼ ਤੇ ਔਰੰਗਜ਼ੇਬ
ਲੰਘੇ ਹੋਣਗੇ
ਆਪਣੇ-ਆਪਣੇ ਲਸ਼ਕਰ ਸੰਗ ਜਦੋਂ
ਵਿਚੋਂ ਹਰੀਆਂ ਵਾਦੀਆਂ
ਫੁੱਲਾਂ ਖਿੜੇ ਖੇਤਾ 'ਚੋਂ ਦੀ
ਪਗਡੰਡੀਆਂ ਮਟਮੈਲੀਆਂ ਨਿੱਕੀਆਂ ਨਿੱਕੀਆਂ
ਹੋਣਗੀਆਂ ਜਿੱਥੇ
ਹੋਣਗੀਆਂ ਰਾਗ ਰਾਗਨੀ ਕੋਈ ਅਲਾਪਦੀਆਂ-
ਕੀ ਆਇਆ ਹੋਵੇਗਾ
ਦਿਲ 'ਚ ਉਹਨਾਂ ਦੇ ਉਦੋਂ
ਹਿਣਕਦੇ ਘੋੜੇ ਤਗੜਿਆਂ 'ਤੇ ਬੈਠੇ ਸੁਰੱਖਿਅਤ
ਕਿਸੇ ਹਰੇ ਕਚੂਰ ਲੰਮ ਸਲੰਮੇ
ਚੁੱਪ-ਚੁੱਪ ਖੜੇ
ਰੁੱਖ ਨੂੰ ਵੇਖ ਲਹਿਰਾਉਂਦਿਆਂ।

*(1.ਮਾਰਟਨ ਰੋਡ, ਹਾਈ ਫੀਲਡ, ਸਾਊਥੈਂਪਟਨ (ਯੂ.ਕੇ)*

## ਤੇਰੇ ਬਗੈਰ ਤੂੰ/ਵਿਸ਼ਾਲ

ਨਿਊਗਲ ਦੇ ਵਗ ਰਹੇ ਝਰਨੇ
ਗਲੇਸ਼ੀਅਰ 'ਤੇ ਪਿਘਲ ਰਹੀ ਬਰਫ਼
ਪਹਾੜਾਂ 'ਚ ਡੁੱਬ ਰਿਹਾ ਸੂਰਜ
ਚਿਹਰਿਆ ਵੱਲ ਝੁੱਕ ਰਹੇ ਬੱਦਲ
ਤੇਰਾ ਹੀ ਬਦਲ ਲੱਗਦੇ ਨੇ ਇਸ ਵੇਲੇ
ਪਾਣੀਆਂ ਦਾ ਸ਼ੋਰ
ਸੰਗੀਤਕ ਧੁਨਾਂ
ਜਿਵੇਂ ਤੂੰ ਮੇਰੇ ਹੋਠਾਂ 'ਤੇ
ਆਪਣੀਆਂ ਸੁਰਮਈ ਅੱਖਾਂ ਰੱਖ ਦਿੱਤੀਆ ਹੋਣ
ਇੰਜ ਹੀ ਲੱਗ ਰਿਹਾ ਹੈ
ਇਹਨਾਂ ਖ਼ੂਬਸੂਰਤ ਵਾਦੀਆ 'ਚ
ਤੇਰੇ ਨਾ ਹੋਣ ਨਾਲ
ਮਾਸਾ ਕੁ ਵੀ ਖ਼ਾਲੀ ਨਹੀਂ ਹਾਂ ਇਸ ਵੇਲੇ
ਪਹਾੜੀ ਪੰਛੀਆਂ ਦੇ ਪਰਾਂ 'ਚ ਉਡਾਣ ਤੇਰੀ
ਉਹਨਾਂ ਦੇ ਚਹਿਕਣ 'ਚ ਅਵਾਜ਼ ਤੇਰੀ
ਖ਼ੂਬਸੂਰਤ ਪਹਾੜਨਾਂ ਦੇ ਗੀਤਾਂ 'ਚ
ਬੋਲੀ ਰਹੀ ਹੈ ਤੂੰ
ਨਿਊਗਲ ਦੇ ਝਰਨੇ ਦਾ ਸ਼ੋਰ
ਜਿਵੇਂ ਤੂੰ ਉੱਚੀ ਸਾਰੀ
ਮੇਰੇ ਕੰਨਾਂ 'ਚ ਹੱਸੀ ਹੋਵੇਂ
ਉੱਚੇ ਲੰਮੇ ਚਿਨਾਰ---ਪਹਾੜੀ ਫੁੱਲ
ਪਹਾੜੀ ਪਿੰਡਾਂ ਨੂੰ ਜਾਂਦੀਆਂ
ਤੇਰੇ ਜਿਸਮ ਵਾਂਗੂ ਵਲ ਖਾਂਦੀਆਂ ਪਗਡੰਡੀਆਂ
ਤੇਰਾ ਹੀ ਨਜ਼ਾਰਾ ਪੇਸ਼ ਕਰ ਰਹੀਆਂ ਨੇ
ਤੇ ਇੰਜ ਲੱਗ ਰਿਹਾ ਹੈ
ਜਿਵੇਂ ਤੂੰ ਮੈਨੂੰ ਆਪਣੀਆਂ ਬਾਹਵਾਂ ਵਿੱਚ ਕੱਸ ਲਿਆ ਹੋਵੇ
ਤੇਰੇ ਗੈਰ ਹਾਜ਼ਰੀ
ਇੰਜ ਹਾਜ਼ਰ ਹੈ ਮੇਰੇ ਅੰਦਰ
ਤੇਰੇ ਨਾ ਹੁੰਦਿਆਂ
ਕਿੰਨਾ ਭਰਿਆ ਹਾਂ
ਕਿੰਨਾ ਖ਼ਾਲੀ ਹੁੰਦਾ ਹਾਂ ਤੇਰੇ ਕੋਲ ਹੁੰਦਿਆਂ
ਪਤਾ ਨਹੀਂ ਇਹ ਕਿਹੜੀ ਗੱਲੋਂ ਹੈ
ਕਿ ਤੇਰੇ ਨਾਲ ਬਹੁਤ ਇਕੱਲਾ ਹੁੰਦਾ ਹਾਂ
ਤੈਥੋਂ ਦੂਰ
ਤੈਨੂੰ ਬਹੁਤ ਮਾਣਦਾ ਹਾਂ
....ਤੇ ਇਹ ਵੀ ਸੋਚਦਾ ਹਾਂ
ਕਿ ਇਹਨਾਂ ਵਾਦੀਆਂ 'ਚ
ਤੂੰ ਮੇਰੇ ਨਾਲ ਹੁੰਦੀ
ਤਾਂ ਕਿੰਨਾ ਚੰਗਾ ਹੁੰਦਾ
ਤੇ ਲੱਗ ਰਿਹਾ ਹੈ ਚੰਗਾ ਇਹ ਵੀ
ਕਿ ਤੂੰ ਇਸ ਵੇਲੇ ਮੇਰੇ ਕੋਲ ਨਹੀਂ ਹੈ ਤਾਂ
ਮੈਂ ਤੈਨੂੰ ਤੇਰੀ ਹਾਜ਼ਰੀ ਤੋਂ ਵੱਧ ਭੋਗ ਰਿਹਾ ਹਾਂ
ਪਹਾੜਾਂ 'ਚ
ਝਰਨਿਆਂ 'ਚ
ਚਿਨਾਰਾਂ ਤੇ ਪਹਾੜਾਂ 'ਚ ਵੀ.......

***Pza-Matteotti-34 , 46020-
Pegognaga (MN) Italy***



*ਨਾਵਲ ਦਾ ਕਾਂਡ*

## ਅੰਨਦਾਤਾ/ਬਲਦੇਵ ਸਿੰਘ

ਅੱਸੂ ਮਹੀਨੇ ਦੇ ਆਖ਼ਰੀ ਦਿਨ ਹਨ। ਝੋਨੇ ਵਾਲੇ ਖੇਤ ਕਦੋਂ ਦੇ ਵਿਹਲੇ ਕਰ ਦਿੱਤੇ ਗਏ ਹਨ। ਹਿੰਮਤੀ ਕਿਸਾਨਾਂ ਨੇ ਤਾਂ ਰੌਣੀ ਕਰਕੇ ਇਕ ਵੇਰ ਵਾਹ ਵੀ ਦਿੱਤੇ ਹਨ। ਬਹੁਤੇ ਖੇਤਾਂ ਵਿੱਚ ਕੰਬਾਈਨਾਂ ਨਾਲ ਵੱਢੇ ਝੋਨੇ ਦੀ ਪਰਾਲੀ ਨੂੰ ਅੱਗ ਲਾ ਕੇ ਸਾੜਨ ਕਾਰਨ, ਵਾਤਾਵਰਨ ਗਲ-ਘੋਟੂ ਜਿਹਾ ਬਣਿਆ ਹੋਇਆ ਹੈ। ਪਿੰਡਾਂ ਅਤੇ ਸ਼ਹਿਰਾਂ ਦੀਆਂ ਮੰਡੀਆਂ, ਝੋਨੇ ਦੇ ਢੇਰਾਂ ਨਾਲ ਆਫਰੀਆਂ ਪਈਆਂ ਹਨ। ਜਿਥੇ ਵੀ ਕਿਧਰੇ ਕਿਸੇ ਨੂੰ ਥਾਂ ਮਿਲਿਆ ਹੈ, ਥੋੜਾ-ਬਹੁਤਾ ਸਾਫ਼ ਕਰਕੇ, ਝੋਨਾ ਲਿਆ ਸਿੱਟਿਆ ਹੈ।

ਇਹਨਾਂ ਦਿਨਾਂ ਵਿਚ ਪੰਜਾਬ ਵਿਚ ਜਿਧਰ ਵੀ ਜਾਉ, ਮੰਡੀਆਂ ਵਿੱਚ ਤੇ ਇਸ ਦੇ ਆਸ-ਪਾਸ ਦੂਰ ਤੀਕਰ ਝੋਨੇ ਦੇ ਢੇਰ ਹੀ ਦਿਸਦੇ ਹਨ। ਵੇਖਕੇ ਤਾਂ ਲਗਦਾ ਹੈ, ਇਕੱਲਾ ਪੰਜਾਬ ਹੀ ਸਾਰੀ ਦੁਨੀਆ ਨੂੰ ਚੌਲ ਖੁਆ ਸਕਦਾ ਹੈ।

ਪਰ ਕਿਸਾਨਾਂ ਵਿਚ ਬੇਚੈਨੀ ਹੈ, ਗੁੱਸਾ ਹੈ, ਬੇਬਸੀ ਹੈ। ਹਰ ਪਾਸੇ ਹਾਹਾਕਾਰ ਮੱਚੀ ਹੋਈ ਹੈ। ਸਰਕਾਰੀ ਅਤੇ ਗੈਰ-ਸਰਕਾਰੀ ਏਜੰਸੀਆਂ ਝੋਨਾ ਖਰੀਦ ਨਹੀਂ ਰਹੀਆਂ। ਕਿਸਾਨਾਂ ਨੂੰ ਝੋਨੇ ਦੀ ਰਾਖੀ ਬੈਠਿਆਂ ਮਹੀਨਾ ਹੋ ਚੱਲਿਆ ਹੈ। ਅਗਲੀ ਫ਼ਸਲ ਵਾਸਤੇ ਖੇਤ ਤਿਆਰ ਕਰਨੇ ਹਨ। ਹੋਰ ਵੀਹ ਕਾਰਜ ਕਬੀਲਦਾਰੀਆਂ ਦੇ ਝੋਨੇ ਦੀ ਫ਼ਸਲ ਆਸਰੇ ਹੀ ਰੋਕੇ ਹੋਏ ਹਨ। ਬੀਜਣ ਤੋਂ ਲੈ ਕੇ ਮੰਡੀ ਲਿਆਉਣ ਤੱਕ ਉਹਨਾਂ ਲੱਖਾਂ ਪਾਪੜ ਵੇਲੇ ਹਨ। ਕਰਜ਼ੇ ਚੁੱਕੇ ਹਨ। ਉਧਾਰ ਮੰਗੇ ਹਨ। ਆਪਣੇ ਚਾਅ ਗਿਰਵੀ ਰੱਖੇ ਹਨ ਤੇ ਹੁਣ ਏਨੀ ਬੇਕਦਰੀ? ਕਿਸਾਨਾਂ ਵਿਚ ਰੋਹ ਹੈ।

ਮੌਸਮ ਦਾ ਵੀ ਕੋਈ ਭਰੋਸਾ ਨਹੀਂ ਹੈ। ਸਵੇਰੇ ਬੱਦਲ ਹੁੰਦੇ ਹਨ ਦੁਪਿਹਰੇ ਸਾਫ ਹੋ ਜਾਂਦੇ ਹਨ। ਤਰਕਾਲਾਂ ਵੇਲੇ ਫੇਰ ਹੋ ਜਾਂਦੇ ਹਨ। ਜੇ ਮੀਂਹ ਜਾਂ ਝੱਖੜ ਆ ਗਿਆ, ਸੋਚ ਕੇ, ਝੋਨੇ ਦੇ ਢੇਰਾਂ ਦੀ ਰਾਖੀ ਬੈਠੇ ਕਿਸਾਨਾਂ ਦੇ ਸਾਹ ਸੁੱਕੇ ਹੋਏ ਹਨ।

ਬੋਘਾ ਕਾਫੀ ਦੇਰ ਸੰਘਣੇ ਹੁੰਦੇ ਜਾਂਦੇ ਬੱਦਲਾਂ ਵੱਲ ਚਿੰਤਾ ਨਾਲ ਦੇਖਦਾ ਰਿਹਾ, ਫਿਰ ਬੋਲਿਆ..'ਦੇਖ ਲੀਂ ਵਜ਼ੀਰ ਸਿਹਾਂ, ਏਹ ਰੱਬ ਵੀ ਏਹੋ ਜੇਹੇ ਮੌਕੇ ਈ ਫੇਰੇ ਦੇਊਗਾ। ਜਦੋਂ ਲੋੜ ਸੀ, ਉਦੋਂ ਮਾਹਾਂ ਦੇ ਆਟੇ ਆਂਗੂ ਆਕੜਿਆ ਰਿਹਾ।'

ਬੋਘੇ ਦੀ ਨਾਲ ਵਾਲੀ ਢੇਰੀ ਉਪਰ ਮੰਜਾ ਡਾਹੀ ਬੈਠੇ ਵਜ਼ੀਰ ਸਿੰਘ ਨੇ ਉਪਰ ਅਸਮਾਨ ਵੱਲ ਵੇਖਣ ਦੀ ਕੋਸ਼ਿਸ਼ ਕੀਤੀ। ਉਸਨੂੰ ਸਾਰਾ ਕੁਝ ਹੀ ਧੁੰਦਲਾ ਧੁੰਦਲਾ ਦਿੱਸਿਆ। ਕੁਝ ਮਨ ਵੀ ਠੀਕ ਨਹੀਂ ਸੀ। ਉਹ ਖਿੱਝਿਆ ਹੋਇਆ ਸੀ। ਪਹਿਲਾਂ ਸੋਚਿਆ ਚੁੱਪ ਹੀ ਰਹੇ। ਪਰ ਜਦੋਂ ਬੋਘੇ ਨੇ ਉਚੇਚਾ ਉਸ ਵੱਲ ਤੱਕਦਿਆਂ ਕਿਹਾ 'ਕੀ ਆਂਹਦੈ ?' ਤਾਂ ਬੋਲਣਾ ਪਿਆ। 'ਬੋਘਿਆ ਹੁਣ ਤਾਂ ਨਿਗਾਹ ਐਨੀ ਘਟਗੀ, ਬੱਦਲ ਅਤੇ ਗਹਿਰ 'ਚ ਫਰਕ ਈ ਨੀ ਪਤਾ ਲਗਦਾ।'

'ਹੌਲੀ-ਹੌਲੀ ਮੁੜਦੀ ਹੁੰਦੀ ਐ ਨਿਗਾਹ ਆ ਜੂਗੀ ਦੇਖ ਲੀ। ਗਿੱਦੜ ਮਾਰਾਂ ਦਾ ਬੁੜਾ ਭੂਢ ਮਹੀਨਾ ਕੰਧਾਂ-ਕੌਲਿਆਂ 'ਚ ਵੱਜਦਾ ਰਿਹਾ, ਹੁਣ ਤਾਂ ਆਂਹਦੈ, ਫਿਰਨੀ ਆਲੇ ਛੱਪੜ ਤੇ ਖੜਕੇ ਕੱਸੀ ਦੀ ਪੁਲੀ ਤੇ ਆਉਂਦਾ ਬੰਦਾ ਪਛਾਣ ਲੈਂਦੈ।' ਆਖ ਕੇ ਬੋਘਾ ਫਿਰ ਬੱਦਲਾਂ ਵੱਲ ਝਾਕਿਆ ਤੇ ਰੱਬ ਨੂੰ ਮਨ 'ਚ ਕੋਈ ਗਾਲ ਕੱਢ ਕੇ ਸੰਘ 'ਚ ਇਕੱਠੀ ਹੋਈ ਮੰਡੀ 'ਚ ਉਡਦੀ ਗਰਦ ਬਾਹਰ ਥੁੱਕ ਦਿੱਤੀ।

ਬੋਘਾ ਉਡੀਕਦਾ ਰਿਹਾ। ਸ਼ਾਇਦ ਵਜ਼ੀਰ ਉਹਦੇ ਨਾਲ ਗੱਲੀਂ ਪੈ ਜਾਵੇਗਾ ਤੇ ਵਕਤ ਲੰਘ ਜਾਵੇਗਾ। ਪਰ ਵਜ਼ੀਰ ਸਿੰਘ ਤਾਂ ਆਪ ਪਰੇਸ਼ਾਨ ਸੀ। ਬੋਘਾ ਕਿਸੇ ਹੋਰ ਵੱਲ ਤੁਰ ਗਿਆ। ਸਾਰੇ ਪਾਸੇ ਖਿੱਝੀ ਜਿਹੀ ਕਾਵਾਂ ਰੌਲੀ ਪਈ ਹੋਈ ਸੀ।

ਆਪਣੇ ਝੋਨੇ ਦੇ ਢੇਰ ਉਪਰ ਬੈਠਾ ਵਜ਼ੀਰ ਸਿੰਘ ਹੈਰਾਨ ਹੈ, ਅੱਜ ਘਰੋਂ ਰੋਟੀ ਕਿਉਂ ਨਹੀਂ ਆਈ? ਨਾ ਰਾਜਪਾਲ ਆਇਐ, ਨਾ ਗੁਰਾ ਆਇਐ, ਨਾ ਕਿਸੇ ਗੁਆਂਢੀ ਦੇ ਹੱਥ ਰੋਟੀ ਘੱਲੀ ਹੈ। ਦੁਪਹਿਰ ਵੀ ਢਲ ਚੱਲੀ ਹੈ। ਨਾਲ ਦੀ ਢੇਰੀ ਵਾਲੇ ਬੋਘਾ ਸਿੰਘ ਨੇ ਦੁਪਹਿਰ ਦੀ ਰੋਟੀ ਖਾਂਦਿਆਂ ਸੁਲਾਹ ਵੀ ਮਾਰੀ ਸੀ। ਉਦੋਂ ਤਾਂ ਵਜ਼ੀਰ ਸਿੰਘ ਸਰਸਰੀ ਕਹਿ ਗਿਆ ਸੀ—ਬੱਸ ਆਉਣ ਹੀ ਵਾਲੀ ਐ। ਰੱਬ ਬਹੁਤਾ ਦੇਵੇ।

ਪਰ ਰੋਟੀ ਨਹੀਂ ਆਈ। ਨਾ ਹੀ ਕੋਈ ਸੁਨੇਹਾ ਆਇਆ। ਹੁਣ ਤਾਂ ਉਡੀਕਦਿਆਂ ਤੇ ਅੰਦਰੋ—ਅੰਦਰ ਹਰਖ ਕਰਦਿਆਂ ਭੁੱਖ ਈ ਮਰ ਗਈ। ਉਹ ਖੱਬੀ ਅੱਖ ਉਪਰ ਬੰਨ੍ਹੀ ਹਰੀ ਪੱਟੀ ਠੀਕ ਕਰਨ ਲੱਗਾ। ਅਜੇ ਚਾਰ ਕੁ ਦਿਨ ਹੀ ਹੋਏ ਨੇ, ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਅੱਖਾਂ ਦਾ ਮੁਫ਼ਤ ਕੈਂਪ ਲੱਗਿਆ ਸੀ ਤੇ ਉਸਨੇ ਵੀ ਹੋਰਨਾਂ ਪਿੰਡ ਵਾਲਿਆਂ ਨਾਲ ਮੋਤੀਏ ਦਾ ਅਪਰੇਸ਼ਨ ਕਰਵਾ ਲਿਆ ਸੀ। ਏਥੇ ਸੌਖਾ ਸੀ ਘਰ ਵਾਲਿਆਂ ਲਈ ਵੀ। ਸ਼ਹਿਰ ਦੇ ਹਸਪਤਾਲ ਵਿੱਚ ਤਾਂ ਵੀਹ ਸਿਆਪੇ ਸਨ। ਨਾਲ ਪ੍ਰਾਈਵੇਟ ਡਾਕਟਰਾਂ ਦੀ ਏਨੀ ਫੀਸ ਕੌਣ ਦਿੰਦਾ?

ਵਜ਼ੀਰ ਨੇ ਹਰੀ ਪੱਟੀ ਜ਼ਰਾ ਕੁ ਉਪਰ ਚੁੱਕ ਕੇ ਆਸ-ਪਾਸ ਵੇਖਣ ਦਾ ਯਤਨ ਕੀਤਾ। ਉਸਨੂੰ ਜਾਪਿਆ ਦੁਪਿਹਰਾਂ ਕਦੋਂ ਦੀਆਂ ਢਲ ਗਈਆਂ ਹਨ। ਸੂਰਜ ਵੀ ਦੱਬਣ ਲੱਗਾ ਹੈ। ਹੱਦ ਹੋਗੀ, ਘਰੋਂ ਕੋਈ ਕਿਉਂ ਨੀ ਆਇਆ? ਚਲੋ ਜੇ ਰੋਟੀ ਨੂੰ ਕੁਵੇਲਾ ਹੋ ਗਿਆ ਤਾਂ ਦੁਪਿਹਰ ਦੀ ਚਾਹ ਹੀ ਦੇ ਜਾਂਦੇ। ਰਾਜਪਾਲ ਚੰਡੀਗੜ੍ਹੋਂ ਨਾ ਮੁੜਿਆ ਹੋਇਆ, ਗੁਗਾਂ ਤਾਂ ਘਰੇ ਸੀ, ਰੁਲਦੂ ਸੀ। ਆਂਢ-ਗੁਆਂਢ ਤਾਂ ਕੀ ਸਾਰਾ ਮਰ ਗਿਆ।.....

ਜਦੋਂ ਵਜ਼ੀਰ ਢੇਰ ਤੇ ਬੈਠਾ ਤਪੀ ਜਾਂਦਾ ਸੀ, ਉਦੋਂ ਢੇਰਾਂ ਦੀ ਰਾਖੀ ਬੈਠੇ ਅੱਕੇ ਹੋਏ ਕਿਸਾਨ ਆੜ੍ਹਤੀਆਂ ਤੇ ਸਰਕਾਰ ਨੂੰ ਗਾਲਾਂ ਕੱਢ-ਕੱਢ ਆਪਣੇ ਮਨ ਦੀ ਭੜਾਸ ਕੱਢਦੇ ਮਨ ਪਰਚਾਵਾ ਕਰ ਰਹੇ ਸਨ। ਬੋਘਾ ਬੇ-ਮਤਲਬ ਦਾ ਚੱਕਰ ਮਾਰਕੇ ਫਿਰ ਆਪਣੇ ਢੇਰ ਲਾਗੇ ਆ ਗਿਆ।

-ਵਜ਼ੀਰ ਸਿਹਾਂ ਕੀ ਗੱਲ ਐ? ਅੱਜ ਕੁਝ ਢਿੱਲਾ ਜਿਹਾ ਲਗਦੈਂ। ਆਥਣ ਹੁੰਦਾ ਵੇਖ ਕੇ ਬੋਘੇ ਨੇ ਆਪਣੇ ਢੇਰ ਉਪਰ ਮੰਜੀ ਡਾਹੁੰਦਿਆਂ ਪੁੱਛਿਆ।

-ਨਹੀਂ ਢਿੱਲਾ ਕਾਹਨੂੰ ਹੋਣੈ। ਹਜ਼ਾਰਾਂ ਰੁਪਈਆਂ ਦੇ ਝੋਨੇ ਤੇ ਬੈਠੇ ਚਾਰ ਚੁਫੇਰੇ ਅੰਨ ਹੀ ਅੰਨ ਹੈ ਹੋਰ ਕੀ ਚਾਹੀਦੈ ਜੱਟ ਨੂੰ? ਵਜ਼ੀਰ ਨੇ ਵਿਅੰਗ ਨਾਲ ਕਿਹਾ।

-ਆਹੋ, ਅਕੇ ਘਰ ਬਾਰ ਤੇਰਾ। ਕੋਠੀ ਹੱਥ ਨਾ ਲਾਈਂ।' ਕਹਿਕੇ ਬੋਘਾ ਵੀ ਵਜ਼ੀਰ ਦੇ ਅੰਦਾਜ਼ ਵਿੱਚ ਹੀ ਹੱਸ ਪਿਆ। ਫਿਰ ਪੁੱਛਿਆ।

-ਰਾਜਪਾਲ ਨੀਂ ਦਿਸਿਆ ?

-ਆਂਹਦਾ ਸੀ ਚੰਡੀਗੜ੍ਹ ਜਾਣੈ। ਮੁਜ਼ਾਹਰਾ ਕਰਨ, ਕੀ ਪਤਾ ਧਰਨਾ ਵੀ ਦੇਣਾ ਪਊ।

-ਹੁਣ ਤਾਂ ਸਰਕਾਰਾਂ ਵੀ ਨਿਆਣਾ ਪਾਏ ਤੋਂ ਈ ਮਿਲਦੀਐ। ਜਾਂ ਫਿਰ ਡਾਂਗ ਦੇਣੀ ਪੈਂਦੀ ਐ, ਤੂੰ ਸਿਆਣੈ ਹੁਣ ਮੈਂ ਕੀ ਕਰਾਂ। ਚਲੋ, ਇਹਨਾਂ ਦੀ ਭੱਜ ਨੱਠ ਨਾਲ ਝੋਨਾ ਵਿਕੂਗਾ ਦੋਂਹ-ਚੋਂਹ ਦਿਨਾਂ 'ਚ। ਵਜ਼ੀਰ ਸਿੰਘਾ ਬਾਹਲਾ ਗੁੱਸਾ ਨਾ ਕਰ, ਐਥੇ ਆ ਜਾ ਮੇਰੇ ਕੋਲ। ਰਾਤ ਦੀ ਬਚੀ ਪਈ ਐ ਭੋਰਾ। ਤੇਰੇ ਭਤੀਜ ਦੇ ਗਿਆ ਸੀ। ਬੋਘੇ ਨੇ ਝੋਨੇ ਦੇ ਢੇਰ ਵਿੱਚ ਦੱਬੀ ਦੇਸੀ ਦਾਰੂ ਵਾਲੀ ਡੋਲਣੀ ਕੱਢਦਿਆਂ ਵਜ਼ੀਰ ਨੂੰ ਸੱਦਿਆ।

-ਨਾ ਬੋਘਿਆ, ਤੂੰ ਲਾ ਹੁਣ ਤਾਂ ਮੈਂ ਕਦੇ ਪੀਤੀ ਨੀ। ਕਿਸੇ ਦੇ ਵਿਆਹ ਮੰਗਣੇ ਤੇ ਭਾਵੇਂ ਪੀ ਲੀਏ। ਨਾਲੇ ਡਾਕਟਰ ਆਂਹਦਾ ਸੀ, ਪੰਜ ਸੱਤ ਦਿਨ ਸ਼ਰਾਬ ਨੀ ਪੀਣੀ।

-ਹੁਣ ਤਾਂ ਹੋਗੇ ਪੰਜ ਸੱਤ ਦਿਨ ਵੀ। ਡਾਕਟਰਾਂ ਨੂੰ ਕੀ ਪਤੈ, ਜੱਟਾਂ ਨੂੰ ਕਿਹੜੀ ਦਾਰੂ ਵੱਲ ਕਰਦੀ ਐ। ਆਹ ਜਾ ਤੂੰ। ਬੋਘੇ ਨੇ ਮਾਣ ਨਾਲ ਫੇਰ ਸੱਦਿਆ।

-ਤੈਨੂੰ ਨਾ ਕਿਤੇ ਤੋਟ ਪੈ ਜੇ ਗਿੱਲਾ।' ਵਜ਼ੀਰ ਨੇ ਅੱਧੀ ਕੁ ਸਹਿਮਤੀ ਦਿਖਾਈ। ਉਂਜ ਉਹ ਸਵੇਰ ਦੀ ਹੁੰਦੀ ਤਲਖ਼ੀ ਅਤੇ ਖਿੱਝ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਸੀ।



-ਆ ਜਾ ਤੂੰ ਹੋਰ ਆ ਜੂਗੀ ਦਾਰੂ ਬਥੇਰੀ ।

ਵਜ਼ੀਰ ਜਦੋਂ ਬੋਘੇ ਦੇ ਕੋਲ ਆ ਬੈਠਾ। ਬੋਘੇ ਨੇ ਡੋਲਣੀ ਦਾ ਢੱਕਣ ਖੋਲ੍ਹਿਆ ਤਾਂ ਤਿੱਖੀ ਹਵਾੜ ਬਾਹਰ ਨਿਕਲੀ।

-ਬੜੀ ਤੇਜ਼ ਐ। ਵਜ਼ੀਰ ਨੇ ਕਿਹਾ। ਫਿਰ ਸੰਸਾ ਕੀਤਾ-'ਗਿੱਲਾ ਤੂੰ ਕੱਚਾ ਨਾ ਰਹਿ ਜੀਂ ਮੈਨੂੰ ਬਾਹਲਾ ਸ਼ੌਂਕ ਨੀ ਹੈ।'

-ਦਾਰੂ ਬੜੀ ਤੇਰਾ ਭਤੀਜ ਆਉਂਦਾ ਈ ਹੋਣੈ। ਐਤਕੀਂ ਦੋ ਗੱਟੇ ਗੁੜ ਦੇ ਪਾਏ ਸੀ। ਸ਼ਹਿਰ ਆਲੀ ਤਾ ਗਊ ਦੇ ਮੂਤ ਅਰਗੀ ਹੁੰਦੀ ਹੈ। ਭੋਰਾ ਸੁਆਦ ਨੀ, ਭੋਰਾ ਨਸ਼ਾ ਨੀ। ਨਾਲੇ ਮਹਿੰਗੀ ਐਨੀ ਇਕ ਵਾਰੀ ਅੰਗਰੇਜ਼ੀ ਦੀ ਬੋਤਲ ਲੈਲੀ। ਸਾਲੇ ਨੇ ਦੋ ਸੌ ਵਿਚੋਂ ਪੰਦਰਾਂ ਈ ਮੋੜੇ, ਮੈਨੂੰ ਤਾਂ ਦੋ ਮਹੀਨੇ ਨੀ ਭੁੱਲੇ। ਉਹ ਦਾਰੂ ਨੇ ਨਸ਼ਾ ਸੁਆਹ ਦੇਣਾ ਸੀ?'

ਜਦੋਂ ਉਹਨਾਂ ਇਕ ਇਕ ਪੈਗ ਅੰਦਰ ਸੁੱਟਿਆ ਤਾਂ ਵਜ਼ੀਰ ਨੇ ਕੁਸੈਲਾ ਜਿਹਾ ਮੂੰਹ ਬਣਾਉਂਦਿਆਂ ਕਿਹਾ -'ਇਹ ਤਾਂ ਚੀਰਦੀ ਜਾਂਦੀ ਐ।'

-ਅੰਗਰੇਜ਼ੀ ਇਹਦਾ ਕਰਲੂ ਮੁਕਾਬਲਾ?' ਬੋਘੇ ਨੇ ਮਾਣ ਨਾਲ ਪੁੱਛਿਆ

-ਇਹਦੀ ਕੋਈ ਰੀਸ ਐ।' ਵਜ਼ੀਰ ਨੇ ਖੰਘੂਰਾ ਮਾਰ ਕੇ ਗਲ ਦੀ ਕੁੜੱਤਣ ਹੇਠਾਂ ਕੀਤੀ। ਮੰਡੀ 'ਚ ਉੱਡੀ ਗਰਦ ਵਾਂਗੂ ਹੀ ਪਹਿਲੇ ਤੋੜ ਦੇ ਇਕ ਇਕ ਪੈਗ ਨੇ ਹੀ ਅੰਦਰ ਖੌਰੂ ਪਾ ਦਿੱਤਾ।

-ਨੀਵੀਂ ਬੀਹੀ ਆਲਿਆਂ ਦਾ ਮਿੰਦਾ ਤਾਂ ਜਵਾ ਈ ਮਾਂਜਿਆ ਗਿਆ ਜਾਰ।

-ਕਿਉਂ ਕੀ ਹੋ ਗਿਆ ਉਹਨੂੰ? ਵਜ਼ੀਰ ਨੇ ਫ਼ਿਕਰ ਨਾਲ ਪੁੱਛਿਆ।

-ਝਾੜ ਹੋਇਆ ਈ ਨੀ। ਰੋਂਦਾ ਸੀ ਕੱਲ੍ਹ, ਕਹਿੰਦਾ ਸੀ ਠੇਕੇ ਦੇ ਵੀ ਪੂਰੇ ਨੀ ਹੋਣੇ।

-ਸਾਰਿਆਂ ਦਾ ਹੀ ਏਹੋ ਹਾਲ ਐ। ਕੇਲਾ ਵੀ ਆਂਹਦਾ ਸੀ, ਢਾਈ ਕਿੱਲਿਆ 'ਚੋਂ ਟਰਾਲੀ ਵੀ ਨੀ ਭਰੀ। ਵਜ਼ੀਰ ਨੇ ਹਉਕਾ ਲਿਆ। ਫੇਰ ਗਲਾਸ ਵਿਚ ਬਚੀ ਦਾਰੂ ਅੰਦਰ ਸੁੱਟ ਕੇ ਬੋਲਿਆ-'ਕਿੱਥੋਂ ਦੇਦੂ ਮਾਮਲਾ? ਕਿੱਥੋਂ ਮੋੜਦੂ ਕਰਜਾ? ਕਿਥੋਂ ਬੰਦ ਕਰ ਲੂ ਕਬੀਲਦਾਰੀ ਦੀਆਂ ਮੋਰੀਆਂ? ਅੱਛਾ ਦਾਤਿਆ ਤੇਰੀਆਂ ਤੂੰ ਹੀ ਜਾਣੇ।'

-ਤੇਰਾ ਦਾਤਾ ਜਾਣਦਾ ਕਰਕੇ ਤਾਂ ਬੱਦਲਾਂ ਦੀ ਛੱਤਰੀ ਤਾਣੀ ਆਉਂਦੈ। ਉਸਨੂੰ ਦਿੱਸਦਾ ਬਈ ਜੱਟ ਰੁੱਟੀ ਖਾਂਦੈ। ਉਹਦੇ ਹੱਥ ਠੂਠਾ ਕਿਵੇਂ ਫੜਾਉਣੈ, ਉਹਦਾ ਢਾਣਸ ਕਰਦੈ। ਜੇ ਕਿਤੇ ਵਰ੍ਹ ਪਿਆ ਨਾ, ਦੇਖ ਲੀਂ ਵਜ਼ੀਰ ਮੰਡੀ 'ਚ ਈ ਤਾਰੂ ਝੋਨਾ।'

ਝੋਨੇ ਦੇ ਢੇਰ ਉਪਰ ਬੈਠੇ ਦੋਵੇਂ ਜਣੇ ਅਜੇ ਦੁੱਖ-ਸੁੱਖ ਕਰ ਹੀ ਰਹੇ ਸਨ ਜਦੋਂ ਬੋਘੇ ਦਾ ਮੁੰਡਾ ਰਾਤ ਦੀ ਰੋਟੀ ਲੈ ਕੇ ਆ ਗਿਆ।

-ਅਈ ਸ਼ਾਵਾਸ਼ੇ..।' ਮੁੰਡੇ ਨੂੰ ਵੇਖਕੇ ਬੋਘਾ ਖੁਸ਼ ਹੋ ਗਿਆ।

-ਬਾਪੂ ਐਹਦੇ 'ਚ ਦਾਲ ਐ ਤੇ ਪੋਣੇ 'ਤ ਰੋਟੀਆਂ।' ਮੁੰਡੇ ਨੇ ਸਮਝਾਇਆ।

-ਦਾਲ ਤਾਂ ਹੈਗੀ ਆ ਸਹੁਰੀਦਿਆ, ਮਾਲ ਕਿਥੇ ਐ?'

-ਮਾਲ ਵੀ ਹੈਗਾ ਬਾਪੂ ਡੋਲੂ 'ਚ ਐ।' ਮੁੰਡੇ ਨੇ ਪਾਸੇ ਰੱਖਿਆ ਡੋਲੂ ਬੋਘੇ ਦੇ ਸਾਹਮਣੇ ਕੀਤਾ।

-ਤੂੰ ਸ਼ੇਰਾ ਭੱਜ ਕੇ ਹੁਣ ਪਾਣੀ ਲਿਆ ਦੇ ਸਾਨੂੰ।' ਬੋਘੇ ਨੇ ਪੂਰੇ ਹੌਸਲੇ 'ਚ ਹੁੰਦਿਆਂ ਕਿਹਾ।

ਵਜ਼ੀਰ ਫੇਰ ਫ਼ਿਕਰ ਕਰਨ ਲੱਗਾ। ਸਾਡੇ ਵਾਲੇ ਪਤਾ ਨੀ ਆਏ ਕਾਹਤੋਂ ਨੀ? ਸਾਰਾ ਦਿਨ ਤਾਂ ਨੀ ਘੇਸਲ ਮਾਰਨ ਵਾਲੇ।.... ਬਾਪੂ ਠੀਕ ਹੋਵੇ। ਐਹੋ ਜੇ ਸਮੇਂ ਤਾਂ ਉਹਨੂੰ ਵੀ ਸਾਂਭਿਆ ਨੀ ਜਾਣਾ...।

-ਬੋਘੇ ਦਾ ਮੁੰਡਾ ਪਾਣੀ ਲੈ ਆਇਆ। ਸਵੇਰ ਵਾਲੇ ਭਾਂਡੇ ਲੈ ਕੇ ਮੁੜਨ ਲੱਗਾ ਤਾਂ ਹੌਲੀ ਜਿਹੀ ਬੋਲਿਆ-'ਓਏ ਬਾਪੂ ਥੋੜੀ ਜੀ ਮੈਨੂੰ ਵੀ ਪੀ ਕੇ ਵੇਖ ਲੈਣ ਦੇ।'

-ਤਿੱਤਰ ਹੋ ਜਾ। ਢੇਕਾ ਲਾਡ ਦਾ।' ਬੋਘੇ ਨੇ ਝਿੜਕਿਆ। ਮੁੰਡਾ ਕੰਨ ਖੁਰਕਣ ਲੱਗ ਪਿਆ ਤੇ ਫਿਰ ਢੇਰ ਤੋਂ ਹੇਠਾਂ ਉੱਤਰ ਗਿਆ। ਤੁਰਨ ਲੱਗਾ ਤਾਂ ਬੋਘੇ ਨੇ ਆਵਾਜ਼ ਮਾਰ ਲਈ, ਚੰਗਾ ਤਿੱਪ ਕੁ

ਲੈ ਲਾ। ਆਵਦੀ ਬੇਬੇ ਨੂੰ ਨਾ ਦੱਸੀ।'

ਮੁੰਡਾ ਫੇਰ ਮੁੜ ਆਇਆ

ਜਦੋਂ ਉਸਨੇ ਅੱਖਾਂ ਮੀਚ ਕੇ ਘੁੱਟ ਭਰੀ ਤਾਂ ਉਸਦੇ ਧੁੜਧੜੀ ਆ ਗਈ।

-ਖਿੱਚ ਲਾ ਸ਼ੇਰ ਬਣਕੇ।' ਬੋਘੇ ਨੇ ਥਾਪੀ ਦਿੱਤੀ। ਬਾਕੀ ਬਚਦੀ ਇਕੋ ਸਾਹੇ ਖਿੱਚ ਕੇ ਮੁੰਡਾ ਖੜਾ ਹੋ ਗਿਆ।

-ਜੇ ਹੁਣ ਆਵਦੀ ਬੇਬੇ ਨੂੰ ਦੱਸਿਆ ਤਾਂ ਚਿੱਤੜ ਕੁੱਟ ਕੱਟ ਕੇ ਬਾਂਦਰ ਦੇ ਥੱਲੇ ਅਰਗੇ ਕਰਦੂੰ। ਭੱਜ ਜਾ ਹੁਣ।' ਬੋਘੇ ਨੇ ਮੁੰਡੇ ਨੂੰ ਚੁਕੰਨਾ ਕੀਤਾ। ਜਦੋਂ ਮੁੰਡਾ ਤੁਰਨ ਲੱਗਿਆ, ਵਜ਼ੀਰ ਨੇ ਪੁੱਛਿਆ—ਸਾਡਾ ਗੁਰਾ ਨੀ ਦੇਖਿਆ ਉਏ ?'

-ਸਵੇਰੇ ਤਾਂ ਦੇਖਿਆ ਸੀ ਤਾਇਆ ਇਕ ਵਾਰੀ।'

-ਘਰੇ ਆਪਣੀ ਤਾਈ ਨੂੰ ਜਾ ਕੇ ਕਹੀਂ, ਰੋਟੀ ਦੇ ਜੇ।'

ਬੋਘੇ ਨੇ ਟੋਹਕੇ ਦੇਖ ਲਈਆਂ ਸਨ। ਰੋਟੀਆਂ ਬਹੁਤ ਸਨ, ਬੋਲਿਆ—

-ਆਹ ਵੇਖ ਖਾਂ ਰੋਟੀਆਂ ਭਾਵੇਂ ਦੋ ਜਣੇ ਹੋਰ ਖਾਣ ਆ ਜਾਣ।'

ਪਰ ਵਜ਼ੀਰ ਅੰਦਰੋਂ ਨਹੀਂ ਸੀ ਚਾਹੁੰਦਾ। ਜਦੋਂ ਹਰ ਰੋਜ਼ ਰੋਟੀਆਂ ਆਉਂਦੀਆਂ ਹਨ। ਅੱਜ ਵੀ ਆਉਣਗੀਆਂ। ਉਸਨੂੰ ਫ਼ਿਕਰ ਵੀ ਸੀ ਏਨੀ ਲਾ-ਪਰਵਾਹੀ ਤਾਂ ਘਰ ਵਾਲੇ ਕਦੇ ਨਹੀਂ ਸਨ ਕਰਦੇ। ਰਾਜਪਾਲ ਏਥੇ ਹੈ ਨਹੀਂ ਸੀ, ਇਹਦਾ ਮਤਲਬ ਇਹ ਤਾਂ ਨਹੀਂ, ਮੰਡੀ 'ਚ ਬੈਠਾ ਬੰਦਾ ਭੁੱਖਾ ਰਹੂ। ਫੇਰ ਪਿੰਡ ਦਾ ਮਾਮਲੈ। ਸ਼ਰੀਕੇ ਦੀ ਗੱਲ ਹੁੰਦੀ ਐ। ਕੱਲ੍ਹ ਨੂੰ ਏਹੀ ਬੋਘਾ ਕਿਸੇ ਮੌਕੇ ਚਿਤਾਰ ਸਕਦਾ ਗੱਲ ਨੂੰ। ਆਖ ਸਕਦਾ ਮੈਂ ਤਾਂ ਮੰਡੀ 'ਚ ਰੋਟੀਆਂ ਖੁਆਉਂਦਾ ਰਿਹਾਂ। ਕੀ ਰਹਿੰਦਾ ਫਿਰ ਬੰਦਾ ਦਾ ਮਿੱਟੀ ਹੋ ਜਾਂਦੈ।.... ਜੀਅ ਤਾਂ ਇਹਦੀ ਸ਼ਰਾਬ ਪੀਣ ਨੂੰ ਵੀ ਨਹੀਂ ਕਰਦਾ ਪਰ ਜਦੋਂ ਕੋਈ ਖਹਿੜੇ ਪੈ ਜੇ।....ਚੰਗਾ ਭਲਾ ਹੁੰਦਾ ਤਾਂ ਮੈਂ ਪੀਣੀ ਵੀ ਨਹੀਂ ਸੀ। ਅੱਜ ਤਾਂ ਸਵੇਰ ਤੋਂ ਈ ਮਨ ਉਖੜਿਆ ਹੋਇਆ ਸੀ। ਹੱਦ ਹੋਗੀ। ਨਾ ਚਾਹ ਨਾ, ਹਾਜਰੀ ਨਾ ਦੁਪਿਹਰ ਦੀ ਰੋਟੀ...ਨਾ ਹੁਣ ਤੱਕ ਕੋਈ ਆਇਐ। ਸਮਝ ਨਹੀਂ ਆਉਂਦੀ ਕੀ ਹੋਗਿਆ ਘਰ ਵਾਲਿਆਂ ਨੂੰ। ਝੋਨੇ ਦਾ ਢੇਰ ਛੱਡਕੇ ਜਾ ਵੀ ਨਹੀਂ ਸਕਦਾ ਘਰੇ। ਨਾ ਹੀ ਕੋਈ ਖ਼ਬਰ ਆਈ ਹੈ । ਬਾਪੂ ਹੀ ਹੌਲੀ ਹੌਲੀ ਤੁਰ ਕੇ ਆ ਜਾਂਦਾ.....।

-ਵਜ਼ੀਰ ਕਿਥੇ ਤੁਰ ਗਿਐਂ ? ਗਲਾਸ ਖ਼ਾਲੀ ਕਰ। ਕੋਈ ਨਾ ਵਿਕ ਜੂਗਾ ਝੋਨਾ, ਸੰਸਾ ਨਾ ਕਰ।' ਬੋਘੇ ਨੇ ਡੋਲੂ ਵਿਚੋਂ ਗਲਾਸ ਵਿੱਚ ਪਾਈ ਸ਼ਰਾਬ ਵਲ ਇਸ਼ਾਰਾ ਕਰਦਿਆਂ ਵਜ਼ੀਰ ਨੂੰ ਹਲੂਣਿਆਂ। ਫਿਰ ਪੋਣਾ ਖੋਹਲ ਕੇ ਰੋਟੀਆਂ ਵਿਚ ਆਏ ਅੰਬ ਦੇ ਅਚਾਰ ਦੀ ਫਾੜੀ ਚੂਸਣ ਲੱਗਾ।

ਦੋਵੇਂ ਫੇਰ ਪੀਣ ਲੱਗ ਪਏ।

ਇਉਂ ਹੀ, ਤਰਕਾਲਾਂ ਵੇਲੇ ਮੰਡੀ ਵਿਚ ਝੋਨੇ ਦੇ ਢੇਰਾਂ ਉਪਰ ਟੋਲੀਆਂ ਬਣ ਜਾਂਦੀਆਂ ਹਨ। ਕਿਸੇ ਕਿਸੇ ਢੇਰ ਤੋਂ ਉੱਚੇ ਬੋਲ ਵੀ ਸੁਣਦੇ ਹਨ। ਲਲਕਾਰੇ ਵੱਜਦੇ ਹਨ। ਕਈ ਵੇਰ ਗਾਲ੍ਹਾਂ ਦਾ ਅਦਾਨ ਪ੍ਰਦਾਨ ਵੀ ਹੁੰਦਾ। ਨਸ਼ੇ ਵਿਚ ਹਾਸੜ ਵੀ ਪੈਂਦੀ ਹੈ। ਉਹ ਸਾਰੇ ਅਕਸਰ ਕਹਿੰਦੇ ਹਨ-'ਜੇ ਦਾਰੂ ਨਾ ਹੋਵੇ ਜੱਟ ਤਾਂ ਝੋਰੇ ਅਤੇ ਹੇਰਵੇ ਨਾਲ ਹੀ ਮਰ ਜਾਣ।'

ਪਿੰਡ ਦੀ ਇਸ ਕੱਚੀ ਮੰਡੀ ਵਿਚ ਸਾਰਾ ਦਿਨ ਗਰਦੋ-ਗੁਬਾਰ ਹੀ ਹੋਇਆ ਰਹਿੰਦਾ ਹੈ। ਰਾਤ ਵੇਲੇ ਵੀ, ਆਰਜ਼ੀ ਬਾਂਸ ਗੱਡ ਕੇ ਲਟਕਾਏ ਬੱਲਬਾਂ ਦੀ ਰੌਸ਼ਨੀ ਧੁੰਦਲੀ ਧੁੰਦਲੀ ਦਿੱਸਦੀ ਹੈ। ਨਸ਼ੇ ਵਿੱਚ ਹੋ ਕੇ ਵੀ ਬੋਘੇ ਦੇ ਨਾਲ ਰੋਟੀ ਖਾਂਦਾ ਵਜ਼ੀਰ ਆਪਣੀ ਖੱਖੀ ਅੱਖ ਉਪਰੋਂ ਪੱਟੀ ਹਟਾ ਕੇ ਆਪਣੇ ਝੋਨੇ ਦੇ ਢੇਰ ਵਲ ਤਾੜਵੀਂ ਨਿਗਾਹ ਮਾਰਨ ਦੀ ਕੋਸ਼ਿਸ਼ ਕਰਦਾ ਹੈ। ਚੁਫੇਰੇ ਫੈਲੀ ਗਰਦ ਕਾਰਨ ਅੱਖ ਵਿੱਚ ਰੜਕ ਪੈਣ ਲੱਗੀ ਹੈ ਤਾਂ ਵੀ ਉਸਨੇ ਪਰਵਾਹ ਨਹੀਂ ਕੀਤੀ। ਨਸ਼ੇ ਵਿਚ ਹੋਏ ਬੋਘੇ ਦੀਆਂ ਟਿੱਚਰਾਂ ਵੀ ਗੌਲੀਆਂ ਨਹੀਂ। ਇਹ ਉਹਨਾਂ ਦੇ ਪਰਿਵਾਰ ਦੀ ਅੱਧੇ ਸਾਲ ਦੀ ਕਮਾਈ ਉਸਦੇ ਸਾਹਮਣੇ ਪਈ ਹੈ। ਇੰਨਾ ਕੁ ਤਾਂ ਉਸਨੂੰ ਪਤਾ ਹੈ।



ਉਹ ਉਠਿਆ। ਬੋਘੇ ਵਾਲੇ ਝੋਨੇ ਦੇ ਢੇਰ ਤੋਂ ਪੂਰਾ ਸੰਭਲ ਕੇ ਹੇਠਾਂ ਉਤਰਿਆ।....ਬੋਘੇ ਦਾ-'ਵੱਡੇ ਭਾਈ ਮੈਂ ਛੱਡ ਕੇ ਆਵਾਂ-? ਵੀ ਉਸਨੇ ਅਣਸੁਣਿਆ ਕਰ ਦਿੱਤਾ ਤੇ ਆਪਣੀ ਅੱਖ ਉਪਰ ਬੰਨ੍ਹੀ ਹਰੀ ਪੱਟੀ ਨੂੰ ਠੀਕ ਕਰਦਾ, ਆਪਣੇ ਝੋਨੇ ਦੇ ਢੇਰ ਉਪਰ ਡਾਹੀ ਮੰਜੀ ਉੱਪਰ ਜਾ ਬੈਠਾ।

ਨਸ਼ੇ ਵਿੱਚ ਹੋਕੇ ਵੀ, ਇਕ ਚਿੰਤਾ ਨੇ ਉਸਨੂੰ ਲਗਾਤਾਰ ਘੇਰਿਆ ਹੋਇਆ ਸੀ। ਅੱਜ ਸਾਰਾ ਦਿਨ ਘਰੋਂ ਕੋਈ ਕਿਉਂ ਨਹੀਂ ਆਇਆ? ਇਕ ਦਿਨ ਪਹਿਲਾਂ ਰਾਖੀ ਤਾਂ ਏਥੇ ਰਾਜਪਾਲ ਬੈਠਾ ਹੋਇਆ ਸੀ। ਵਜ਼ੀਰ ਸੋਚਦਾ ਹੈ, ਉਹ ਹੁਸ਼ਿਆਰ ਵੀ ਹੈ ਪੜ੍ਹਿਆ ਲਿਖਿਆ ਵੀ ਹੈ। ਹਿੰਮਤੀ ਤੇ ਸਿਆਣਾ ਵੀ ਹੈ। ਕਿਸਾਨ ਜੱਥੇਬੰਦੀ ਦਾ ਮੈਂਬਰ ਹੈ। ਕਿਥੇ ਧਰਨੇ ਦੇਣੇ ਹਨ ਕਿਥੇ ਮੁਜ਼ਾਹਰੇ ਕਰਨੇ ਹਨ। ਕਿਥੇ ਕਿਸੇ ਮੰਤਰੀ ਦਾ ਪੁਤਲਾ ਸਾੜਨਾ ਹੈ। ਕਦੋਂ ਕਿਸੇ ਡੀ.ਸੀ.ਦਾ ਘਿਰਾਉ ਕਰਨਾ ਹੈ।..ਕਦੋਂ ਕਿਸੇ ਸੜਕ ਤੇ ਆਵਾਜਾਈ ਠੱਪ ਕਰਨੀ ਹੈ। ਸਭ ਉਸਨੂੰ ਪਤਾ ਹੈ। ਅੱਜ ਪਤਾ ਨਹੀਂ ਚੰਡੀਗੜ੍ਹ ਤੋਂ ਮੁੜਿਆ ਹੈ ਕਿ ਨਹੀਂ।...ਉਸਨੂੰ ਘਰ ਦਾ ਵੀ ਫ਼ਿਕਰ ਕਰਨਾ ਚਾਹੀਦਾ ਹੈ।..ਜੇ ਲੋਕਾਂ ਦਾ ਲੀਡਰ ਬਣ ਗਿਆ, ਠੀਕ ਹੈ ਇਹਦਾ ਮਤਲਬ ਇਹ ਥੋੜਾ ਹੀ ਹੈ ਆਪਣੇ ਘਰ ਬਾਰੇ ਸੋਚਣਾ ਵੀ ਨਹੀਂ। ਜੇ ਕੋਈ ਮੰਡੀ ਵਿਚ ਝੋਨੇ ਦੀ ਰਾਖੀ ਕਰਦਾ ਸਾਰੇ ਦਿਨ ਦਾ ਭੁੱਖਾ ਬੈਠਾ ਹੈ। ਸ਼ਰੀਕਾਂ ਕੋਲੋਂ ਸ਼ਰਾਬ ਪੀਂਦਾ ਹੈ ਰੋਟੀਆਂ ਖਾਂਦਾ ਹੈ, ਉਸਦੀ ਸਾਰ ਹੀ ਨਹੀਂ ਲੈਣੀ।....

ਬੋਘੇ ਦੀ ਦਾਰੂ ਪੀ ਕੇ ਅਤੇ ਰੋਟੀਆਂ ਖਾ ਕੇ, ਆਪਣੇ ਝੋਨੇ ਦੇ ਢੇਰ ਉਪਰ ਬੈਠਾ ਵਜ਼ੀਰ ਸਿੰਘ ਸੋਚ ਰਿਹਾ ਹੈ....ਜੇ ਮੈਨੂੰ ਪਤਾ ਹੁੰਦਾ, ਰਾਜਪਾਲ ਏਨੀ ਦੇਰ ਕਰ ਦਊਗਾ ਤਾਂ ਮੈਂ ਬਾਪੂ ਨੂੰ ਹੀ ਏਥੇ ਬਿਠਾ ਦਿੰਦਾ। ਫਿਰ ਸੋਚ ਆਈ—ਉਹ ਵਿਚਾਰਾ ਹੁਣ ਏਨੀ ਜੋਗਾ ਕਿਥੇ ਹੈ? ਉਸ ਕੋਲੋਂ ਉਠਕੇ ਆਵਾਰਾ ਪਸ਼ੂ ਕਿਥੋਂ ਮੋੜੇ ਜਾਣੇ ਸਨ? ਗੁਰਾ ਉਂਜ ਹੀ ਉਤਲੀ ਹਵਾ ਵਿੱਚ ਰਹਿੰਦਾ ਹੈ। ਉਹਦੇ ਵਲੋਂ ਝੋਨਾ ਵਿਕੇ ਨਾ ਵਿਕੇ। ਮੀਹਾਂ ਹਨੇਰੀਆਂ ਵਿਚ ਰੁੜ੍ਹ ਜਾਵੇ। ਉਹਦੀ ਬਲਾ ਨੂੰ। ਉਹਦੇ ਉਪਰ ਤਾਂ ਏਨਾ ਵੀ ਭਰੋਸਾ ਨਹੀਂ ਰਿਹਾ ਹੁਣ ਬਈ ਰੋਟੀ ਲੈ ਕੇ ਵੇਲੇ ਸਿਰ ਮੰਡੀ ਪਹੁੰਚਾ ਦੇਵੇਗਾ ਵੀ ਜਾਂ ਨਹੀਂ।.... ਫੇਰ ਕੀਹਦੇ ਆਸਰੇ ਛੱਡ ਕੇ ਜਾਂਦਾ ਉਹ ਏਨਾ ਝੋਨਾ? ਲੈ ਦੇ ਕੇ ਮੈਂ ਹੀ ਦਿਸਦਾ ਸੀ ਉਸਨੂੰ। ਭਾਵੇਂ ਅੱਖਾਂ ਵਾਲੇ ਡਾਕਟਰ ਨੇ ਕਿਹਾ ਸੀ—ਛੇ ਸੱਤ ਦਿਨ ਪੂਰਾ ਆਰਾਮ ਕਰਨਾ ਹੈ। ਅੱਖਾਂ ਨੂੰ ਧੁੱਪ ਅਤੇ ਧੂੜ-ਮਿੱਟੀ ਤੋਂ ਬਚਾਉਣਾ ਹੈ। ਰਾਜਪਾਲ ਨੇ ਇਹਨਾਂ ਗੱਲਾਂ ਦੀ ਕਿਥੇ ਪਰਵਾਹ ਕੀਤੀ ਸੀ। ਮੈਨੂੰ ਧੱਕੇ ਨਾਲ ਏਸ ਮੰਜੇ ਉਪਰ ਲਿਆ ਬਿਠਾਇਆ ਸੀ।..ਮੈਂ ਕਿਹਾ ਵੀ ਸੀ ਰਾਜਪਾਲ ਏਥੇ ਏਨਾ ਮਿੱਟੀ ਘੱਟਾ ਹੋਏਗਾ।' ਕਿਥੇ ਸੁਣੀ ਉਸਨੇ ਮੇਰੀ ਗੱਲ? ਆਂਹਦਾ :

-ਬਾਪੂ ਹੱਦ ਕਰਦੈਂ ਤੂੰ ਵੀ। ਅਸੀਂ ਕਿਹੜਾ ਚੰਡੀਗੜ੍ਹ ਤੰਬੂ ਗੱਡਣੇ ਐ?

-ਅਸੀਂ ਤਾਂ ਐਵੇਂ ਖ਼ਬਰ ਬਨਾਉਣ ਈ ਜਾਣੇ, ਬਈ ਪੰਜਾਬ ਦੇ ਕਿਸਾਨਾਂ ਨੇ ਮੁਜ਼ਾਹਰਾ ਕੀਤੇ ਸਰਕਾਰ ਨੂੰ ਝੋਨਾ ਖਰੀਦਣਾ ਚਾਹੀਦੈ...ਮੈਂ ਗਿਆ ਤੇ ਆਇਆ।

ਮੈਂ ਚੇਤੇ ਕਰਾਇਆ ਸੀ—'ਡਾਕਟਰ ਨੇ ਕਿਹਾ ਸੀ ਮਿੱਟੀ ਘੱਟੇ ਤੋਂ ਦੂਰ ਰਹੀਂ।'

ਤਾਂ ਉਸਨੇ ਖਿੱਝਕੇ ਕਿਹਾ ਸੀ ਮਿੱਟੀ ਘੱਟਾ ਹੈ ਕਿਥੇ ਨੀ ਬਾਪੂ। ਡਾਕਟਰ ਨੇ ਰਾਮ ਕਰਨ ਨੂੰ ਕਿਹਾ ਸੀ। ਮੰਡੀ 'ਚ ਕਿਹੜਾ ਤੂੰ ਖਾਲ ਘੜਨੈ? ਮੰਜੇ ਤੇ ਈ ਬਹਿ ਰਹਿਣੈ ਨਾ। ਨਾਲੇ ਮੰਡੀ 'ਚ ਤੇਰਾ ਜੀ ਲਗਿਆ ਰਹੂ। ਅੱਧਾ ਪਿੰਡ ਤਾਂ ਬੈਠੇ ਮੰਡੀ 'ਚ। ਅਸੀਂ ਹੁਣ ਚੰਡੀਗੜ੍ਹ ਜਾ ਕੇ ਦੁਬਾਰਾ ਪਾਉਨੇ ਐਂ ਸਰਕਾਰ ਤੇ। ਇਕ ਅੱਧ ਦਿਨ 'ਚ ਝੋਨਾ ਵਿਕੂਗਾ ਈ...। ਅਸੀਂ ਪਿੱਟਦੇ ਆਂ ਜਾਕੇ ਲੀਡਰਾਂ ਨੂੰ...ਰੋਣ ਪਿੱਟਣ ਬਿਨਾਂ ਇਹ ਵੀ ਛੇਤੀ ਕੀਤੇ ਰੁਪਈਆ ਹੱਥ ਤੇ ਨੀ ਧਰਦੇ...।' ਹੁਣ ਮੈਂ ਉਹਨੂੰ ਕੀ ਆਂਹਦਾ? ਬਰਾਬਰ ਦਾ ਹੋਇਆ ਪਿਐ। ਅਜੇ ਤਾ ਇੱਜ਼ਤ ਕਰਦੈ ਮੂਹਰੇ ਨੀ ਬੋਲਦਾ। ਜੇ ਵੱਡੇ ਆਂਗੂ ਛੜਾ ਮਾਰਨ ਲੱਗ ਪਿਆ ਫੇਰ ਕੀ ਕਰਲਾਂਗੇ। ਅਜੇ ਤਾਂ ਪੂਰੀ ਜ਼ਿੰਮੇਦਾਰੀ ਸਮਝ ਦੈ। ਚਲੋ, ਘਰੇ ਵੀ ਪੈ ਹੀ ਰਹਿਣਾ ਸੀ ਏਥੇ ਮੰਡੀ 'ਚ ਵੀ ਪਿਆ ਹੋਇਐ। ਕਿਸੇ ਦੀ ਵਗਾਰ ਥੋੜੀ ਈ ਐ। ਆਪਣੀ ਫਸਲ ਐ ਕਿਹੜਾ ਰੋਹੀ ਬੀਆਬਾਨ 'ਚ ਬੈਠੈਂ। ਮੁੰਡੇ ਦੀ ਇਜ਼ਤ ਐ ਆਸੇ ਪਾਸੇ ਦੇ ਪਿੰਡਾਂ 'ਚ। ਉਸ ਨਾਲੋਂ ਵੱਡੀ ਵੱਡੀ

ਉਮਰ ਦੇ ਬੰਦੇ ਉਸਨੂੰ ਮਿਲਣ ਆਉਂਦੇ ਐ।

ਪਰ ਉਹ ਤਾਂ ਕਹਿੰਦਾ ਸੀ, ਮੈਂ ਗਿਆ ਤੇ ਆਇਆ। ਦੋ ਦਿਨ ਹੋ ਗਏ ਮੈਨੂੰ ਏਥੇ ਬੈਠੇ ਨੂੰ। ਚੰਡੀਗੜ੍ਹੋਂ ਤਾਂ ਉਸਨੇ ਕੱਲ ਹੀ ਮੁੜ ਆਉਣਾ ਸੀ। ਕਿਤੇ ਗ੍ਰਿਫਤਾਰ ਈ ਨਾ ਹੋਗੇ ਹੋਣ। ਗਾਲ੍ਹਾਂ ਵੀ ਤਾਂ ਸਰਕਾਰ ਨੂੰ ਕੱਢਦੇ ਐ ਸਿੱਧੀਆਂ।

–ਚਲੋ ਰਾਜਪਾਲ ਤਾਂ ਨਹੀਂ ਆਇਆ ਗੁਰੇ ਨੂੰ ਕੀ ਹੋ ਗਿਆ ? ਉਹ ਕਿਉਂ ਨੀ ਆਇਆ ਰੋਟੀ ਲੈ ਕੇ? ਬਾਪੂ ਨੂੰ ਦੌਰਾ ਨਾ ਪੈ ਗਿਆ ਹੋਵੇ ਇਹਨਾਂ ਦਿਨਾਂ 'ਚ। ਉਸਨੂੰ ਖੰਘ ਦਾ ਦੌਰਾ ਪੈਂਦੈ। ਝੋਨੇ ਦੀ ਸਾੜੀ ਪਰਾਲੀ ਦਾ ਧੂੰਆਂ ਬਹੁਤ ਚੜ੍ਹਦਾ ਹੈ ਉਸਨੂੰ।

ਅਜਿਹੀਆਂ ਸੋਚਾਂ ਵਿਚ ਘਿਰਿਆ ਵਜ਼ੀਰ ਧੁੰਦਲੇ ਦਿਸਦੇ ਤਾਰੇ ਵੇਖਦਾ ਵੇਖਦਾ ਪਤਾ ਨਹੀਂ ਕਦੋਂ ਸੌਂ ਗਿਆ।

–ਡੂੰਘੇ ਹਨੇਰੇ ਹੋਏ ਜਦੋਂ ਗੁਰਾ ਉਸਦੇ ਸਿਰਹਾਣੇ ਰੋਟੀ ਰੱਖਕੇ ਕੇ ਚੋਰਾਂ ਵਾਂਗ ਮੁੜਿਆ ਤਾਂ ਨੀਂਦੇ ਵਿਚ ਵਜ਼ੀਰ ਸਿੰਘ ਨੂੰ ਉੱਕਾ ਹੀ ਪਤਾ ਨਹੀਂ ਲੱਗਿਆ।

ਰਾਜਪਾਲ ਚੰਡੀਗੜ੍ਹੋਂ ਜਾ ਆਇਆ ਸੀ। ਪਹਿਲਾਂ ਤਾਂ ਉਸਦਾ ਜੀਅ ਕੀਤਾ ਸੀ, ਘਰ ਜਾਣ ਤੋਂ ਪਹਿਲਾਂ ਮੰਡੀ ਜਾਵਾਂ। ਬਾਪੂ ਦੀ ਅੱਖ ਦਾ ਹਾਲ ਪੁੱਛਾਂ। ਪਿੰਡ ਦੇ ਹੋਰ ਲੋਕਾਂ ਨੂੰ ਮਿਲਾਂ ਦੱਸਾਂ, ਏਸ ਵਾਰ ਦਾ ਮੁਜ਼ਾਹਰਾ ਕੀਤਾ ਬਹੁਤ ਸਫਲ ਰਿਹਾ। ਪਰ ਥੱਕਿਆ ਹੋਣ ਕਾਰਨ, ਮੰਡੀ ਵਲ ਜਾਣ ਨੂੰ ਰੂਹ ਨਾ ਮੰਨੀ। ਉਹ ਸਿੱਧਾ ਘਰ ਚਲਿਆ ਗਿਆ ਸੀ।

ਰਾਤ ਪੈ ਗਈ ਸੀ। ਪਹਾੜ ਵਲੋਂ ਆਉਂਦੀ ਹਵਾ ਵਿਚ ਕੁਝ ਕੁਝ ਠੰਢ ਮਹਿਸੂਸ ਹੋਣ ਲੱਗੀ ਸੀ। ਅਸਮਾਨ ਤੇ ਬੱਦਲ ਸੰਘਣੇ ਹੋ ਰਹੇ ਸਨ। ਤਾਂਬੇ ਦੀ ਦਾਤੀ ਬਣਿਆ ਚੰਦ ਕਦੇ ਕਦੇ ਦਿਸਦਾ। ਵਿਹੜੇ ਵਿਚੋਂ ਉੱਪਰ ਦਿਸਦੇ ਅਸਮਾਨ ਦੇ ਟੋਟੇ ਵੱਲ ਝਾਕਦਾ ਰਾਜਪਾਲ ਅੰਦਰ ਚਲਿਆ ਗਿਆ।

ਗੁਰਾ ਘਰ ਨਹੀਂ ਦਿੱਸਿਆ ਸ਼ਾਇਦ ਬਾਹਰਲੇ ਵਲਗਣ ਵਿਚ ਬਾਬੇ ਕੋਲ ਹੋਵੇ। ਉਹ ਜਦੋਂ ਵੀ ਕੋਈ ਆਪ ਹੁਦਰੀ ਕਰਦਾ ਹੈ ਤਾਂ ਬਾਬੇ ਕੋਲ ਜਾ ਕੇ ਹੀ ਪਨਾਹ ਲੈਂਦਾ ਹੈ।

ਰਾਜਪਾਲ ਨੇ ਦੇਖਿਆ ਉਸਤੋਂ ਛੋਟੀ ਕੁੜੀ ਭੂਪੀ ਸਦੇਹਾਂ ਹੀ ਪੈ ਗਈ ਸੀ।... ਏਹਨੇ ਕੀ ਪੜ੍ਹਨਾ ਸੀ? ਚੰਗਾ ਹੋਇਆ ਹਟਾ ਲਈ। ਉਸਨੂੰ ਪਈ ਵੇਖਕੇ ਰਾਜਪਾਲ ਨੂੰ ਹਰਖ਼ ਆਇਆ। ਆਪ ਤਾਂ ਉਹ ਜਿੰਨਾ ਚਾਹੁੰਦਾ ਸੀ ਪੜ੍ਹ ਨਹੀਂ ਸੀ ਸਕਿਆ। ਉਸਦੀ ਰੀਝ ਸੀ ਚਲੋ ਛੋਟੇ ਭੈਣ ਭਰਾ ਹੀ ਪੜ੍ਹ ਲੈਣ ਜਿੰਨਾਂ ਉਹ ਪੜ੍ਹਨਾ ਚਾਹੁਣ। ਹੁਣ ਉਹ ਪੂਰਾ ਦੁਖੀ ਸੀ। ਭੂਪੀ ਦੋ ਵਾਰ ਲਗਾਤਾਰ ਬੀ.ਏ.ਪਾਰਟ ਇਕ ਵਿੱਚ ਹੀ ਫੇਲ੍ਹ ਹੁੰਦੀ ਰਹੀ ਸੀ। ਉਸਤੋਂ ਛੋਟੇ ਗੁਰੇ ਦੀ ਪੜ੍ਹਾਈ ਵਿਚ ਰੁਚੀ ਹੀ ਨਹੀਂ ਸੀ। ਵੱਡਾ ਭਗਤੂ ਬਾਈ ਤਾਂ ਬਾਹਰਲੇ ਮੁਲਕ ਵਿੱਚ ਜਾਣ ਦੇ ਚੱਕਰ ਵਿਚ ਏਜੰਟਾਂ ਦੇ ਅਜਿਹਾ ਹੱਥੀਂ ਚੜ੍ਹਿਆ ਅੱਜ ਤੱਕ ਇਹ ਪਤਾ ਨੀ ਲੱਗਿਆ, ਉਹ ਕਿਹੜੇ ਮੁਲਕ ਵਿਚ ਹੈ। ਹੈ ਵੀ ਕਿ ਨਹੀਂ? ਨਾ ਕੋਈ ਚਿੱਠੀ ਨਾ ਕੋਈ ਖ਼ਬਰ ਨਾ ਕੋਈ ਸੁੱਖ ਸੁਨੇਹਾ।....

ਮਨ ਦੁਖੀ ਹੋ ਗਿਆ। ਅੰਦਰ ਜਾਂਦਾ ਹੀ ਉਹ ਮੰਜੇ 'ਤੇ ਪੈ ਗਿਆ ਪਿਛੇ ਪਿਛੇ ਅੰਦਰੋਂ ਆਈ ਮਾਂ ਨੇ ਫ਼ਿਕਰ ਨਾਲ ਪੁੱਛਿਆ।

–ਕੀ ਬਣਿਆ ਪੁੱਤ ਵਿਕੂ ਝੋਨਾ?

–ਵਿਕੂਗਾ ਈ ਬੇਬੇ, ਮੀਂਗਣਾਂ ਘੋਲ ਕੇ ਦੁੱਧ ਦਿੰਦੀ ਐ ਸਰਕਾਰ ਵੀ ਫੇਰੇ ਦੇਣੀ।

–ਮੰਡੀ ਗਿਆ ਸੀ?

–ਗਿਆ ਨੀ ਬੇਬੇ। ਥੱਕਿਆ ਪਿਐਂ। ਸਵੇਰੇ ਜਾਊਂਗਾ। ਬਾਪੂ ਨੂੰ ਇਕ ਰਾਤ ਹੋਰ ਕੱਟ ਲੈਣ ਦੇ ਉਥੇ। ਤੂੰ ਰੋਟੀ ਲਿਆ ਸੌਊਂਗਾ ਹੁਣ।'

–ਅੱਜ ਤੇਰੇ ਬਾਪੂ ਦੀ ਰੋਟੀ ਲੈ ਕੇ ਗਿਆ ਈ ਨੀ ਕੋਈ।' ਚੌਂਕੇ ਵਲ ਜਾਣ ਲੱਗੀ ਮਾਂ ਨੇ ਹੌਲੀ ਜਿਹੀ ਕਿਹਾ।



–ਗੁਰਾ ਕਿੱਥੇ ਸੀ? ਰਾਜਪਾਲ ਨੇ ਹਰਖ਼ ਕੇ ਪੁੱਛਿਆ।

–ਉਹ ਤਾਂ ਘਰੇ ਈ ਨੀ ਵੜ੍ਹਿਆ ਸਵੇਰ ਦਾ।'

–ਏਸ ਮੁੰਡੇ ਨੇ ਮੈਥੋਂ ਜੁੱਤੀਆਂ ਖਾ ਲੈਣੀਐ ਬੇਬੇ। 'ਗੁੱਸੇ ਵਿੱਚ ਰਾਜਪਾਲ ਉਠਕੇ ਬੈਠ ਗਿਆ।

–'ਪਹਿਲਾਂ ਤੂੰ ਭਗਤੂ ਬਾਈ ਨੂੰ ਵਿਗਾੜਿਆ ਹੁਣ ਇਹ ਜਾਊ ਹੱਥਾਂ 'ਚੋਂ। ਸਵੇਰੇ ਕਰਦੈ ਮੈਂ ਗੱਲ ਇਹਦੇ ਨਾਲ। ਜੇ ਸਾਲੇ ਨੂੰ ਤਕਲੇ ਆਂਗੂ ਸਿੱਧਾ ਨਾ ਕਰਤਾ ਤਾਂ ਆਖੀਂ'

–ਕਾਹਨੂੰ ਕਲਪਦੈਂ ਪੱਤ।..' ਮਾਂ ਨੇ ਉਸਨੂੰ ਠੰਡਾ ਕਰਨਾ ਚਾਹਿਆ।

–ਕਲਪਾਂ ਨਾ? ਬਾਪੂ ਸਵੇਰ ਦਾ ਪਤਾ ਨੀ ਕਿਹੜੇ ਹਾਲੀਂ ਹੋਊ। ਹੱਦ ਹੋਗੀ ਥੋਡੀ ਵੀ। ਇਕ ਉਹਦੀ ਅੱਖ ਬਣਾਈ ਵੀ ਐ, ਦੂਜਾ ਸਵੇਰ ਦਾ ਭੁੱਖਾ ਬੈਠੇ, ਅੱਜੇ ਅਕੇ ਕਾਹਨੂੰ ਕਲਪਦੈ....।'

–ਅੱਗੇ ਘਰ 'ਚ ਕਲੇਸ਼ ਰਹਿੰਦਾ ਸੀ ਤਾਂ ਵੱਡਾ ਮੁੰਡਾ ਗੁਆ ਲਿਆ ਹੁਣ ਏਹ...'

–ਹੁਣ ਏਹ ਗੁਆ ਲਾਂਗੇ। ਹੈ ਨਾ? ਏਹੀ ਆਖਣਾ ਚਾਹੁੰਨੀ ਹੈ ਤੂੰ ?'

ਮਾਂ ਕੁਝ ਨਹੀਂ ਬੋਲੀ। ਹਉਕਾ ਲੈ ਕੇ ਰੋਟੀ ਲੈਣ ਚਲੀ ਗਈ।

ਰਾਜਪਾਲ ਅੰਦਰੋਂ ਉਠ ਕੇ ਬਾਹਰ ਆ ਗਿਆ।....'ਮੈਨੂੰ ਇਹ ਨੀ ਸਮਝ ਆਉਂਦੀ ਸਾਰਾ ਦਿਨ ਇਹ ਕਰਦਾ ਕੀ ਐ? ਰਹਿੰਦਾ ਕਿਥੇ ਐ?...ਸਵੇਰੇ ਕਰੂੰ ਮੈਂ ਗੱਲ ਇਹਦੇ ਨਾਲ। ਤੂੰ ਵਿਚ ਨਾ ਆਈਂ ਬੇਬੇ..।'

ਮਾਂ ਫਿਰ ਵੀ ਨਹੀਂ ਬੋਲੀ। ਚੁੱਪ–ਚਾਪ ਉਸਨੂੰ ਰੋਟੀ ਲਿਆ ਕੇ ਫੜਾ ਦਿੱਤੀ।

ਰਾਜਪਾਲ ਰੋਟੀ ਖਾਣ ਲੱਗਿਆ ਤਾਂ ਬਾਪੂ ਦਾ ਸੋਚ ਕੇ ਉਸਦੇ ਸੰਘੋਂ ਬੁਰਕੀ ਹੇਠਾਂ ਨਹੀਂ ਲੰਘੀ, ਉਹ ਉਠ ਬੈਠਾ।

–ਬੇਬੇ, ਲਿਆ ਰੋਟੀ ਫੜਾ ਪਹਿਲਾਂ ਬਾਪੂ ਨੂੰ ਦੇ ਆਵਾਂ।

–ਕਿਥੇ ਜਾਵੇਂਗਾ ਹੁਣ ਤੂੰ। ਮੈਂ ਆਪ ਜਾ ਆਉਂਨੀ ਐ। ਪੈ ਜਾ ਤੂੰ ਰੋਟੀ ਖਾ ਕੇ ਥੱਕਿਆ ਹੋਇਐ।' ਮਾਂ ਅੰਦਰੋਂ ਖੁਸ਼ ਵੀ ਹੋਈ ਚਲੋ ਕਿਸੇ ਨੂੰ ਫ਼ਿਕਰ ਤਾਂ ਹੈ ਉਹਦਾ।...

–ਰਾਜਪਾਲ ਕੁਝ ਪਲ ਖੜ੍ਹਾ ਸੋਚਦਾ ਰਿਹਾ। ਫਿਰ ਜਾ ਕੇ ਰੋਟੀ ਖਾਣ ਲੱਗ ਪਿਆ।

ਕਾਫੀ ਦੇਰ ਗਿਆਨ ਕੌਰ ਚੌਂਕੇ ਵਿੱਚ ਬੈਠੀ ਰਹੀ। ਭਾਂਡੇ ਮਾਂਜਦੀ ਰਹੀ। ਰਾਜਪਾਲ ਰੋਟੀ ਖਾ ਕੇ ਅੰਦਰ ਜਾ ਕੇ ਪੈ ਗਿਆ।

ਜਦੋਂ ਗਿਆਨ ਕੌਰ ਰੋਟੀਆਂ ਸਾਂਭ ਕੇ ਉਠਣ ਲੱਗੀ ਤਾਂ ਗੁਰਾ ਸ਼ਹਿ ਕੇ ਅੰਦਰ ਵੜਿਆ। ਵਿਹੜੇ ਵਿਚ ਬਿੜਕ ਲਈ ਤੇ ਬੇਬੇ ਦੇ ਸਿਰਹਾਣੇ ਆਣ ਖੜ੍ਹਾ। ਉਸਨੂੰ ਵੇਖਕੇ ਉਹ ਗੁੱਸੇ ਨਾਲ ਬੋਲੀ–'ਕਿਥੋਂ ਆਇਐਂ ਵੇਂ?

–ਰੋਟੀ ਦੇਹ ਮੈਨੂੰ। ਗੁਰੇ ਨੇ ਬੇਬੇ ਦੀ ਗੱਲ ਦਾ ਜੁਆਬ ਨਹੀਂ ਦਿੱਤਾ।

–ਤੇ ਜਿਹੜਾ ਸਵੇਰ ਦਾ ਮੰਡੀ 'ਚ ਭੁੱਖਾ ਭਾਣਾ ਬੈਠੈ ਉਹਦਾ ਤੈਨੂੰ ਕੋਈ ਫ਼ਿਕਰ ਨਹੀਂ?

–ਰੋਟੀ ਦੇ ਦੇ ਨਹੀਂ ਤਾਂ ਮੈਂ ਪੈਨਾਂ ਜਾ ਕੇ।' ਗੁਰੇ ਨੇ ਰੋਹਬ ਮਾਰਿਆ।

–ਸਵੇਰੇ ਤੇਰਾ ਪਤੰਦਰ ਦੇਊ ਪਤਾ ਤੈਨੂੰ। ਐਤਕੀ ਤਾਂ ਨੀ ਮੈਂ ਛੁਡਾਉਣਾ, ਗਿਆਨ ਕੌਰ ਨੇ ਉਸਨੂੰ ਖਬਰਦਾਰ ਕੀਤਾ। 'ਜੇ ਵਿਹੜੇ 'ਚ ਹੁੰਦਾ ਤਾਂ ਤੈਨੂੰ ਹੁਣੇ ਪਤਾ ਲੱਗ ਜਾਂਦਾ।

–ਚੰਗਾ ਪਾ ਦੇ ਫਿਰ ਬਾਪੂ ਦੀ ਰੋਟੀ ਫੜਾ ਆਉਨੈ। ਗੁਰਾ ਸਚਮੁੱਚ ਹੀ ਡਰ ਗਿਆ।

–ਗਿਆਨ ਕੌਰ ਹੈਰਾਨੀ ਨਾਲ ਗੁਰੇ ਵਲ ਝਾਕੀ। ਫਿਰ ਵਜ਼ੀਰ ਵਾਸਤੇ ਰੋਟੀ ਪਾਉਣ ਲੱਗ ਪਈ।

ਕਾਫੀ ਦੇਰ ਬਾਅਦ ਜਦੋਂ ਗੁਰਾ ਸੁੱਤੇ ਪਏ ਬਾਪੂ ਦੇ ਸਿਰਹਾਣੇ ਮੰਡੀ ਵਿੱਚ ਰੋਟੀਆਂ ਰੱਖ ਕੇ ਚੋਰਾਂ ਵਾਂਗ ਮੁੜਿਆ, ਉਦੋਂ ਗਿਆਨ ਕੌਰ ਜਾਗੋ–ਮੀਟੀ ਵਿੱਚ ਮੰਜੇ ਤੇ ਪਈ ਸੀ।

ਗੁਰੇ ਨੇ ਚੌਂਕੇ ਵਿੱਚ ਢੱਕੀਆਂ ਪਈਆਂ ਰੋਟੀਆਂ ਚੁੱਕੀਆਂ ਤੇ ਖਾ ਕੇ ਪੌੜੀਆਂ ਚੜ੍ਹ ਕੇ ਛੱਤ ਉਪਰ ਜਾ ਸੁੱਤਾ। ❖

## ਗੁਰਨਾਮ ਢਿੱਲੋਂ

1\. ਸੁਬ੍ਹਾ ਸਿਸਕੇ ਲਹੂ-ਰੋਂਦੀ ਸ਼ਾਮ ਹੈ।
ਹਾਏ! ਇਹ ਕੀ ਪਿਆਰ ਦਾ ਪਰਿਣਾਮ ਹੈ।

ਰੁੱਤ ਚੰਦਰੀ ਵਿਚ ਖੁਲ੍ਹ ਕੇ ਖਿੜਨ ਦਾ
ਫੁੱਲ ਦੇ ਸਿਰ ਤੋਂ ਕਿਉਂ ਇਲਜ਼ਾਮ ਹੈ।

ਜਾਣ ਲੱਗੇ ਬਿਨਾਂ ਬੋਲੇ ਦੱਸ ਗਏ
ਕਿਸ ਦਿਆਂ ਹੋਠਾਂ 'ਤੇ ਕਿਸ ਦਾ ਨਾਮ ਹੈ।

ਨਿਊਯਾਰਕ ਵਿਚ ਟਾਵਰ ਸਾੜ ਕੇ
ਕੌਣ, ਕਿਸ ਨੂੰ ਦੇ ਰਿਹਾ ਪੈਗ਼ਾਮ ਹੈ।

ਕੌਣ ਬਾਰਿਸ਼ ਅੱਗ ਦੀ ਹੈ ਕਰ ਰਿਹਾ
ਜੱਗ ਤੇ ਮਚਿਆ ਪਿਆ ਕੁਹਰਾਮ ਹੈ।

ਚੂਪ ਕੇ ਰਸ ਛਿੱਲ ਸੁੱਟਣੀ ਤੜਕ 'ਤੇ
ਰਿਸ਼ਤਿਆਂ ਦੇ ਸੁਹਜ ਵਿੱਚ ਹੁਣ ਆਮ ਹੈ।

ਮਗਰਮੱਛਾਂ ਨਾਲ ਜੋ ਲੜਦਾ ਰਿਹਾ
ਨਾਮ ਓਸੇ ਸ਼ਾਇਰ ਦਾ "ਗੁਰਨਾਮ " ਹੈ।

2\. ਇਹ ਸੇਧ ਕਿਹੜੀ ਵਿੱਚ ਤਿ. ਤੀਰ ਛੁੱਟ ਰਹੇ।
ਨਾ ਇਹ ਜਾਲ ਟੁੱਟ ਰਹੇ ਨਾ ਇਹ ਜੂੜ ਟੁੱਟ ਰਹੇ।

ਉਹ ਕੌਣ ਸਨ ਜੋ ਦਿਲਾਂ ਵਿਚ ਅਰਮਾਨ ਭਰ ਗਏ
ਇਹ ਕੌਣ ਹਨ, ਅਹਿਸਾਸ ਨੂੰ ਮੁੱਢਾਂ ਤੋਂ ਪੁੱਟ ਰਹੇ।

ਉਹ ਕੌਣ ਸਨ ਜੋ ਮਹਿਕ ਲਈ ਸੱਭ ਕੁੱਝ ਲੁਟਾ ਗਏ
ਇਹ ਕੌਣ ਹਨ ਜੋ ਬਾਗ ਨੂੰ ਦਿਨ ਰਾਤ ਲੁੱਟ ਰਹੇ।

ਉਹ ਕੌਣ ਸਨ ਜੋ ਛਿਣਾਂ ਦੀ ਤਕਦੀਰ ਰਚ ਗਏ
ਇਹ ਕੌਣ ਹਨ ਜੋ ਸਮੇਂ ਦੀ ਸੰਘੀ ਨੂੰ ਘੁੱਟ ਰਹੇ।

ਉਹ ਕੌਣ ਸਨ ਜੋ ਸਾਹਾਂ ਨੂੰ ਆਜ਼ਾਦ ਕਰ ਗਏ
ਇਹ ਕੌਣ ਹਨ ਜੋ ਪਉਣ ਨੂੰ ਜੇਲ੍ਹਾਂ 'ਚ ਸੁੱਟ ਰਹੇ।

ਉਹ ਕੌਣ ਸਨ ਜੋ ਦਰਦ ਦੇ ਦਰਿਆ ਬਣ ਗਏ
ਇਹ ਕੌਣ ਹਨ ਜੋ ਵਾਂਗ ਰੋੜੀ ਜਿਸਮ ਕੁੱਟ ਰਹੇ।

ਉਹ ਕੌਣ ਸਨ ਜੋ ਸੁਰਾਂ ਦਾ ਆਕਾਸ਼ ਸਿਰਜ ਗਏ
ਇਹ ਕੌਣ ਹਨ, ਸੰਗੀਤ ਦੇ ਵਿਪਰੀਤ ਜੁੱਟ ਰਹੇ



## ਮੱਖਣ ਕੁਹਾੜ

3\. ਬਿਨਾਂ ਵਰ੍ਹਿਆਂ ਘਟਾ ਲੰਘੇ ਤਾਂ ਸਾਵਣ ਜਾਪਦਾ ਹੈ
ਵਰ੍ਹੇ ਜੇ ਭੂਰ ਵੀ ਕਿੱਧਰੇ ਤਾਂ ਜਾਪੇ ਹਾਦਸਾ ਹੈ।

ਇਹ ਹਰ ਇੱਕ ਚੌਕ ਵਿੱਚ ਜੁੜਿਆ ਜੋ ਐਨਾ ਜਮਘਟਾ ਹੈ।
ਯਕੀਨਨ ਹਾਦਸੇ ਦਾ ਇਹ ਹਕੀਕੀ ਤੌਖਲਾ ਹੈ।

ਸਿਆਣਾ ਬਹੁਤ ਹੈ ਐਪਰ ਨਾ ਛੱਡਣ ਧੁੱਪ ਬਨੇਰੇ
ਠਗੀ ਜਾਂਦੇ ਨੇ ਸਾਰੇ ਪਰ ਕੋਈ ਨਾ ਗੌਲਦਾ ਹੈ।

ਕਦੇ ਨਾ ਆਸ ਰੱਖੀਂ ਉਹ ਸੁਣੇਗਾ ਦਰਦ ਤੇਰੇ,
ਜੋ ਖੁਦ ਤੋਤੇ ਕਬੂਤਰ ਪਿੰਜਰੇ ਵਿੱਚ ਪਾਲਦਾ ਹੈ।

ਤੁਸਾਂ ਜੋ ਆਹ ਭਰੀ ਸਾਡੇ ਲਈ ਉਸਦੇ ਰਿਣੀ ਹਾਂ,
ਇਹ ਵੱਖਰੀ ਗੱਲ ਹੈ ਕਿ ਦਰਦ ਆਹ 'ਚੋਂ ਲਾਪਤਾ ਹੈ।

ਨਹੀਂ ਜੇ ਉੱਡਣਾ ਚਾਹੁੰਦੇ ਤਾਂ ਕੀ ਕਰਨੇ ਤੁਸਾਂ ਖੰਭ,
ਤੁਹਾਡੇ ਵਾਸਤੇ ਤਾਂ ਇਹ ਖਲਾਅ ਹੀ ਬੇ ਤੁਕਾ ਹੈ।

ਦਿਵਾਰਾਂ ਰਾਹ 'ਤ ਉਗਣ ਜਦ ਵੀ ਆਪਾਂ ਤੁਰਨ ਲਗੀਏ,
ਅਗਰ ਪਲ ਠਹਿਰ ਜਾਈਏ, ਸਾਨੂੰ ਰਸਤਾ ਭਾਲਦਾ ਹੈ।

ਝੁਕਾ ਨਾ ਸਿਰ ਕੁਹਾੜ ਐਵੇਂ, ਦਰਾਂ ਉੱਚਿਆਂ 'ਤੇ ਥਾਂ-ਥਾਂ,
ਕਿਸੇ ਵੀ ਸਿਰ ਨੂੰ ਕੋਈ ਇਉਂ ਕਦੇ ਨਾ ਗੌਲਦਾ ਹੈ।

4\. ਜ਼ਿੰਦਗੀ ਦੇ ਗੀਤ ਗਾਵਾਂਗੇ ਅਸੀਂ ਵਾਦਾ ਰਿਹਾ।
ਬੇ-ਬਸੀ ਤੇ ਤਿਲਮਿਲਾਵਾਂਗੇ ਅਸੀਂ ਵਾਦਾ ਰਿਹਾ।

ਸੁਪਨਿਆਂ ਦੀ ਉਮਰ ਚਾਹੇ ਪਲ ਹੋਵੇ ਜਾਂ ਛਿਣ ਹੋਵੇ,
ਫੇਰ ਵੀ ਸੁਪਨੇ ਸਜਾਵਾਂਗੇ ਅਸੀਂ, ਵਾਦਾ ਰਿਹਾ।

ਡੁੱਬ ਗੇ ਸੂਰਜ ਨੂੰ ਵਾਜਾਂ ਨਾ ਦਿਓ ਐਵੇਂ ਜਨਾਬ,
ਕੱਲ੍ਹ ਨਵਾਂ ਸੂਰਜ ਉਗਾਵਾਂਗੇ ਅਸੀਂ ਵਾਦਾ ਰਿਹਾ।

ਮੰਨਿਆ ਕਿ ਬਹੁਤ ਹੈ ਤੇਰਾ ਪਸਾਰਾ ਐ ਫਲੱਕ,
ਤੇਰ ਤੋਂ ਵੱਧ ਫੈਲ ਜਾਵਾਂਗੇ ਅਸੀਂ, ਵਾਦਾ ਰਿਹਾ।

ਸ਼ੌਕ ਪਾਲਣ ਬਣ ਗਿਐ ਭਾਵੇਂ ਗੁਨਾਹ ਸਾਡੇ ਲਈ,
ਸ਼ੌਕ ਦਿਲ ਵਿੱਚ ਪਰ ਜਗਾਵਾਂਗੇ ਅਸੀਂ, ਵਾਦਾ ਰਿਹਾ।

ਜਦ ਕਦੇ ਸੰਵਾਦ ਦੀ ਕਸ਼ਤੀ ਕੁਈ ਠੇਲ੍ਹ ਕਿਤੇ,
ਤਰਕ ਦਾ ਚੱਪੂ ਲਗਾਵਾਂਗੇ ਅਸੀਂ, ਵਾਦਾ ਰਿਹਾ।

ਬਣਕੇ ਉਹ ਕਾਲੀ ਘਟਾ ਜੋ ਸਾਗਰਾਂ 'ਤੇ ਨਾ ਵਰ੍ਹੇ,
ਸਬਜ਼ ਮਾਰੂਥਲ ਬਣਾਵਾਂਗੇ ਅਸੀਂ ਵਾਦਾ ਰਿਹਾ।

ਰੰਗ ਲੈਂਦੇ ਨੇ ਬਦਲ ਝਟ ਲੋਕ ਮੌਸਮ ਬਦਲਿਆਂ,
ਰੰਗ ਇੱਕ ਸੁਰਖਾ ਹੰਢਾਵਾਂਗੇ ਅਸੀਂ, ਵਾਦਾ ਰਿਹਾ।

ਸ਼ਹਿਰ ਹੈ ਨਾਗਾਂ ਦਾ ਤੂੰ ਵੀ ਵੇਖਕੇ ਤੁਰ ਵਰਮੀਆਂ,
ਉਂਜ ਸਪੇਰੇ ਵੀ ਲਿਆਵਾਂਗੇ ਅਸੀਂ, ਵਾਦਾ ਰਿਹਾ।

*ਅਮਨ ਨਗਰ, ਹਰਦੋਛੰਨੀ ਰੋਡ-ਗੁਰਦਾਸਪੁਰ*

## *ਦੇਵ ਰਾਊਕੇ*

5. ਜ਼ਿੰਦਗੀ ਦੀ ਹਰ ਖ਼ੁਸ਼ੀ ਮੁਸ਼ਕਿਲਾਂ ਦੇ ਵੱਸ ਹੁਣ,
ਦੋਜ਼ਖਾਂ ਦੇ ਵੱਸ ਹੁਣ, ਆਫਤਾਂ ਦੇ ਵੱਸ ਹੁਣ।

ਕੀ ਬਣੇਗਾ ਏਸਦਾ, ਜਾਣਦੈ ਇਹ ਤਾਂ ਖ਼ੁਦਾ,
ਜ਼ਿੰਦਗੀ ਹੁਣ ਪੈ ਗਈ, ਝੱਲਿਆਂ ਦੇ ਵੱਸ ਹੁਣ।

ਇਸ਼ਕ ਦਾ ਬੇੜਾ ਭਵੇਂ ਤਾਰਦੇ ਜਾਂ ਡੋਬਦੇ,
ਹੁਣ ਮੁਹੱਬਤ ਪੈ ਗਈ ਦਿਲਬਰਾਂ ਦੇ ਵੱਸ ਹੁਣ।

ਰੱਬ ਰਾਖੈ ਦੋਸਤੋ ਹੱਥਾਂ ਦੀ ਸੁੱਚੀ ਮੈਲ਼ ਦਾ,
ਕਿਰਤ ਸਾਡੀ ਜਾ ਪਈ ਬਾਂਦਰਾਂ ਦੇ ਵੱਸ ਹੁਣ।

ਬਣਕੇ ਸੋਨਾ ਨਿਕਲੂ ਤਕਦੀਰ ਸਾਡੀ ਐ ਦਿਲਾ,
ਲੱਖ ਭਾਵੇਂ ਪੈ ਗਈ ਮੁਸ਼ਕਲਾਂ ਦੇ ਵੱਸ ਹੁਣ।

ਬਹੁਤ ਭੈੜੀ ਖ਼ਬਰ ਹੈ ਆਸ਼ਿਕਾਂ ਦੇ ਵਾਸਤੇ,
ਕਿ ਮੁਹੱਬਤ ਪੈ ਗਈ ਮੁਖਬਰਾਂ ਦੇ ਵੱਸ ਹੁਣ।

ਕਾਫ਼ਿਲੇ ਦੱਸੋ ਭਲਾ ਇਹ ਸਿਰੇ ਲੱਗ ਜਾਣਗੇ,
ਕਾਫ਼ਿਲੇ ਹਨ ਵੱਖਰੇ, ਰਸਤਿਆਂ ਦੇ ਵੱਸ ਹੁਣ।

ਬਾਗ਼ ਲੁੱਟਕੇ ਆਪ ਹੀ ਬਾਗਬਾਂ ਇਹ ਆਖਦੈ,
ਕੀ ਕਰਾਂ ਇਹ ਨਾ ਰਿਹੈ ਬਾਗਬਾਂ ਦੇ ਵੱਸ ਹੁਣ।

ਇਹ ਜੁਆਨੀ ਇਸ ਤਰ੍ਹਾਂ ਤਾਂ ਕੁਰਾਹੇ ਪੈ ਜਾਊ,
ਨਾ ਪਵੇ ਹੁਣ ਭੜਕਾਵੇਂ ਜਜ਼ਬਿਆਂ ਦੇ ਵਸ ਹੁਣ।

ਜ਼ੁਲਮ ਹੈ ਇਹ ਪਾਪ ਹੈ, ਐ ਜ਼ਮਾਨੇ ਵਾਲਿਓ,
ਇਹੰ ਮੁੱਹਬਤ ਨਾ ਪਾਉ ਛਿੱਲੜਾਂ ਦੇ ਵੱਸ ਹੁਣ।

ਜੋੜਦੇ ਤੇ ਤੋੜਦੇ ਦੇਖੇ ਦਮੜੇ ਦੋਸਤੋ,
ਕੀ ਰਿਹਾ ਹੈ ਦੋਸਤੋ ਰਿਸ਼ਤਿਆਂ ਦੇ ਵੱਸ ਹੁਣ।

ਮਾਰ ਦਿੰਦੇ ਦੇਵ! ਜੀ, ਇਹ ਤਾਂ ਫਿਰ ਜ਼ਿੰਦਾ ਜ਼ਮੀਰ,
ਨਾ ਪਵੋ ਰੱਬ ਵਾਸਤੇ ਚਮਚਿਆਂ ਦੇ ਵੱਸ ਹੁਣ।



6. ਮਿਹਨਤ ਨੂੰ ਲੁੱਟਣ ਦੀ ਖ਼ਾਤਿਰ ਅੱਜ ਢੌਂਗ ਰਚਾਏ ਜਾਂਦੇ ਨੇ।
ਗੱਦੀ 'ਤੇ ਕਾਬਜ਼ ਹੋਣ ਲਈ, ਕਿਉਂ ਜਾਮ ਪਿਲਾਏ ਜਾਂਦੇ ਨੇ
ਰੁਲਦੇ ਨੇ ਸ਼ੌਂਕ ਰੰਝੇਟਿਆਂ ਦੇ, ਹੀਰਾਂ ਦੀ ਉਲਫਤ ਰੁਲਦੀ ਹੈ,
ਪਰ ਧਿੰਗੋਜ਼ੋਰੀ ਡੋਲੀ ਦੇ ਵਿੱਚ ਸ਼ੌਂਕ ਬਿਠਾਏ ਜਾਂਦੇ ਨੇ।
ਰੱਤ ਪੀਵਣ ਵਾਲਿਆਂ ਦੀ ਕਿਧਰੇ, ਹੁੰਦੀ ਕਿਉਂ ਪੁੱਛ ਪੜਤਾਲ ਨਹੀਂ,
ਨੈਣਾ ਚੋਂ ਪੀਵਣ ਵਾਲਿਆਂ ਤੇ ਇਲਜ਼ਾਮ ਲਗਾਏ ਜਾਂਦੇ ਨੇ।
ਢਿੱਡ ਭੁੱਖੇ ਹਨ, ਤਨ ਨੰਗੇ ਨੇ, ਇਹ ਹਾਲ ਹੈ ਮੇਰੇ ਲੋਕਾਂ ਦਾ,
ਪਰ ਨੰਗੇ ਨਾਚ ਕਲੱਬਾਂ ਵਿੱਚ, ਦਿਨ ਰਾਤ ਕਰਾਏ ਜਾਂਦੇ ਨੇ।
ਇਹ ਆਸ਼ਿਕ ਲੋਕ ਹੰਢਾਉਂਦੇ ਨੇ, ਨਿੱਤ ਇਸ਼ਕ ਵਿਛਾਉਣਾ ਸੂਲਾਂ ਦਾ,
ਫੁੱਲਾਂ ਦੇ ਹਾਰ ਵਹਿਸ਼ੀਆਂ ਨੂੰ ਅਕਸਰ ਪਹਿਨਾਏ ਜਾਂਦੇ ਨੇ।
ਕਾਤਿਲ ਹੀ ਮੁਨਸਿਫ ਬਣ ਬੈਠੇ, ਸੱਚੇ ਨੂੰ ਸੂਲੀ ਮਿਲਣੀ ਸੀ,
"ਔਰੰਗੇ" ਦੇ ਇਸ ਯੁੱਗ ਅੰਦਰ, ਕਿੱਸੇ ਦੁਹਰਾਏ ਜਾਂਦੇ ਨੇ।
ਇਹ ਡੇਰਾ ਹੈ ਉਸ ਫੱਕਰ ਦਾ, ਇਹ ਮਹਿਫਲ ਹੈ ਉਸ ਸਾਕੀ ਦੀ,
ਚਿੜੀਆਂ ਨੂੰ ਜਾਮ ਪਿਲਾ ਜਿੱਥੇ, ਫਿਰ ਬਾਜ਼ ਤੁੜਾਏ ਜਾਂਦੇ ਨੇ।
ਏਦਾਂ ਦੇ ਇਸ ਜੀਵਨ ਨਾਲੋਂ, ਚੰਗਾ ਹੈ ਲੜਕੇ ਮਰ ਜਾਣਾ,
ਜਿੱਥੇ ਮਜਬੂਰ ਜੁਆਨੀ ਦੇ, ਜਜ਼ਬਾਤ ਜਲਾਏ ਜਾਂਦੇ ਨੇ।
ਐ ਦੇਵ! ਬਦਲਣਾ ਪੈਣਾ ਹੈ, ਇਹ ਰਹਿਬਰ ਧੋਖੇਬਾਜ਼ ਬੜੇ
ਜਿਸਦੀ ਸ਼ਹਿ ਉੱਤੇ ਸਭ ਰਾਹੀ, ਪੁੱਠੇ ਰਾਹ ਪਾਏ ਜਾਂਦੇ ਨੇ।

## *ਸੁਲੱਖਣ ਸਰਹੱਦੀ*

7. ਜਿੱਤਣੀ ਤਾਂ ਹੈ ਯੂ.ਪੀ.ਹਮਲਾ ਪਾਕਿਸਤਾਨ ਦੇ ਉੱਤੇ।
ਇਹ ਕਿੱਦਾਂ ਦੀਆਂ ਗਿਰਝਾਂ ਆਈਆਂ ਹਿੰਦੂਸਤਾਨ ਦੇ ਉੱਤੇ।

ਪਾਲੋ ਪਾਲੀ ਦੀਪ ਜਗਾਏ ਕਬਰਸਤਾਨ ਦੇ ਉੱਤੇ,
ਨਸ਼ਾ ਹਨੇਰ ਦਾ ਤਾਰੀ ਹੋਇਆ ਵਕਤ ਸ਼ੈਤਾਨ ਦੇ ਉੱਤੇ।

ਘੁੱਗੀ ਮਾਰ ਕੇ ਟੰਗ ਦਿੱਤੀ ਹੈ ਤੀਰ ਕਮਾਣ ਦੇ ਉੱਤੇ,
ਚਿੱਟੇ ਫੁੱਲ ਨੇ ਸਾੜ ਕੇ ਧੂੜੇ ਅਮਨ-ਅਮਾਨ ਦੇ ਉੱਤੇ।

ਹਰ ਪਾਸੇ ਨੇ ਫੌਜਾਂ ਈ ਫੌਜਾਂ ਹੁਣ ਹੋਈਆਂ ਈ ਮੌਜਾਂ,
ਸਾਨੂੰ ਮਾਣ ਬੜਾ ਹੈ ਯਾਰੋ ਦੇਸ਼ ਮਹਾਨ ਦੇ ਉੱਤੇ।

ਇਕ ਛਿਣ ਵਿੱਚ ਹੀ ਢਾਹ ਦਿੱਤੇ ਜੋ ਸਾਂਝਾਂ ਦੇ ਪੁਲ ਸਾਡੇ,
ਪਿਆਰ ਦੀ ਥਾਂ ਤੇ ਨਫਰਤ ਪੋਤੀ ਪੁਰਾਣ ਕੁਰਾਣ ਦੇ ਉੱਤੇ।

ਸਾਡੇ ਕੋਲੋਂ ਸੁਪਨੇ ਖੁੱਸੇ ਬੋਟ ਜਿਵੇਂ ਚਿੜੀਆਂ ਤੋਂ
ਮਿੱਠੀ ਇਕ ਖਜ਼ੂਰ ਨਾ ਰਹਿ ਗਈ ਨਖਨਸਤਾਨ ਦੇ ਉੱਤੇ।

ਗੁਰਬਤ, ਕਰਜ਼ਾ ਤੇ ਬੇਕਾਰੀ, ਇਹ ਸਲਫਾਸ, ਮਾਯੂਸੀ
ਸਾਰੀ ਦਿੱਲੀ ਲੱਦ ਦਿੱਤੀ ਜੇ, ਇੱਕ ਕਿਸਾਨ ਦੇ ਉੱਤੇ।

ਹਰ ਇਕ ਧਰਮ-ਸਥਾਨੀ ਅਜਕਲ੍ਹ ਬਿੱਜੂ ਆਣ ਵੜੇ ਹਨ।
ਛੱਤਰ ਸੁਨਹਿਰੀ ਝੂਲ ਰਹੇ ਹਰ ਕੂੜਾ ਦਾਨ ਦੇ ਉਤੇ।

ਉਹ ਜੋ ਲੋਕ ਗਿਆਨੀ ਹੁੰਦੇ ਹੋਰ ਸਨਿਮਰ ਹੋ ਜਾਂਦੇ
ਬਹੁਤ ਘੁਮੰਡ ਕਰੇ 'ਸਰਹੱਦੀ' ਅਲਪ ਗਿਆਨ ਦੇ ਉੱਤੇ।

*(ਪਿੰਡ ਕੁਹਾੜ, ਡਾਕ.ਡਿਹਰੀਵਾਲ ਦਰੋਗਾ, ਜਿਲ੍ਹਾ ਗੁਰਦਾਸਪੁਰ-143518)*

### ਕੁਲਜੀਤ

7. ਕੋਈ ਆਏ ਮੇਰੇ ਦਿਲ ਦੀ ਦਵਾ ਬਣ ਕੇ।
ਅਤੇ ਛਾ ਜਾਏ ਮੇਰੇ 'ਤੇ ਨਸ਼ਾ ਬਣ ਕੇ।

ਹੋ ਕੇ ਤੇਰੇ ਤੋਂ ਜੁਦਾ, ਮੈਨੂੰ ਇਹ ਪਤਾ ਲੱਗਾ,
ਇੱਕ ਪਲ ਵੀ ਹੈ ਲੰਘਦਾ ਵਰ੍ਹਾ ਬਣ 'ਕੇ।

ਜਰ ਲਵਾਂਗੀ ਮੈਂ ਹੱਸ-ਹੱਸ ਪੀੜਾਂ ਸਾਰੀਆਂ,
ਤੇਰੀ ਛੋਹ ਮਿਲ ਜਾਏ ਜੇ ਦਵਾ ਬਣ ਕੇ।

ਜਦੋਂ ਛਿੜੇ ਤੇਰੀ ਗੱਲ ਇੱਕ ਠੰਡਾ ਜਿਹਾ ਹੌਕਾ,
ਮੇਰੀ ਹਿੱਕੜੀ 'ਚੋਂ ਨਿਕਲ ਦੁਆ ਬਣ ਕੇ।

ਉਹਦੇ ਹਿਜਰਾਂ ਦੀ ਅੱਗ ਮੇਰੀ ਹਿੱਕ ਵਿੱਚ ਮੱਚੇ
ਮੈਂ ਤਾਂ ਬਲ ਰਹੀ ਹਾਂ ਆਪਣੀ ਚਿਤਾ ਬਣਕੇ।

ਐਵੇਂ ਸੂਲਾਂ ਅਤੇ ਕੰਡਿਆਂ ਤੋਂ ਡਰ ਨ ਤੂੰ ਜਾਈਂ,
ਤੇਰੇ ਨਾਲ ਹਾਂ ਮੈਂ ਪਿਆਰ ਦੀ ਦੁਆ ਬਣ ਕੇ।

ਧੀ ਉਸਦੀ ਭਰੋਸਾ ਕਰੂ ਉਸ ਉਤੇ ਕਿਵੇਂ,
ਪਤ ਲੁੱਟ ਲਏ ਜੋ ਭੈਣਾਂ ਦੀ ਭਰਾ ਬਣ ਕੇ।

ਤੇਰੀ ਨਿੱਕੀ ਜਹੀ ਛੋਹ ਨੂੰ ਉਡੀਕਦੀ ਗ਼ਜ਼ਲ,
ਆਇਆ ਕਰ ਮੇਰੇ ਵਿਹੜੇ 'ਚ ਹਵਾ ਬਣ ਕੇ।

*(ਪਿੰਡ ਤਲਵੰਡੀ ਖੁੰਮਣ, ਡਾਕ-ਪਾਖਰਪੁਰਾ, ਜ਼ਿਲ੍ਹਾ-ਅੰਮ੍ਰਿਤਸਰ।)*

### ਅਮਰਦੀਪ ਸੰਧਾਵਾਲੀਆ

8. ਬੰਦ ਖਿੜਕੀ ਕੋਲ ਜਿਹੜੀ ਸਿਸਕੀਆਂ ਭਰਦੀ ਰਹੀ
ਖ਼ਾਬ ਮੇਰੇ ਦਾ ਵਿਸ਼ਾ ਉਹ ਪੌਣ ਹੀ ਬਣਦੀ ਰਹੀ।

ਪੁਲ ਪਲਾਂ ਵਿਚ ਪਾਰ ਕਰਕੇ ਦੂਰ ਸੂਰਜ ਤੁਰ ਗਿਆ,
ਰਾਤ ਸਾਰੀ ਪਰ ਵਿਚਾਰੀ ਇਕ ਨਦੀ ਬਲਦੀ ਰਹੀ।

ਜੰਗਲਾਂ ਵਿਚ ਲੁਕ ਗਿਆ ਕਾਤਿਲ ਮੇਰਾ ਤਾਂ ਫੇਰ ਕੀ,
ਗੱਲ ਮੇਰੇ ਕਤਲ ਦੀ ਤਾਂ ਸ਼ਹਿਰ ਵਿਚ ਤੁਰਦੀ ਰਹੀ।

ਰਾਤ ਮੇਰੀ ਦੀ ਕਹਾਣੀ ਤਾਂ ਬੜੀ ਸੰਖੇਪ ਹੈ,
ਯਾਦ ਇਕ ਬੈਠੀ ਰਹੀ ਤੇ ਨੀਂਦ ਸੀ ਉਡਦੀ ਰਹੀ।

ਦੋਸ਼ ਮੇਰਾ ਹੈ ਮੁਕੰਮਲ ਜੇ ਗ਼ਜ਼ਲ ਨਾ ਹੋ ਸਕੀ,
ਸ਼ੇਅਰ ਤਾਂ ਸੀ ਅਰਜ਼ ਉਸਦੀ ਹਰ ਅਦਾ ਕਰਦੀ ਰਹੀ।



**ਕਹਾਣੀ**

## ਵਿਕਾਸ/ਡਾ : ਗੁਰਚਰਨ ਸਿੰਘ ਗੁਲਸ਼ਨ

ਗੁਲਾਮ ਰਜ਼ਾ ਮੇਰੀ ਇਸ ਕਹਾਣੀ ਦਾ ਮੁਖ ਪਾਤਰ ਏ। ਮੈਨੂੰ ਤੁਹਾਡਾ ਇੰਝ ਹੈਰਾਨ ਹੋ ਕੇ ਮੇਰੇ ਵੱਲ ਵੇਖਣਾ ਅਸੁਭਾਵਿਕ ਲਗਦੈ---ਲੱਗਣਾ ਹੀ ਹੈ--- ਕਿਉਂਕਿ ਇਸ ਸਾਧਾਰਣ ਦਿੱਖ ਵਾਲੇ ਬੰਦੇ ਨੂੰ ਵੀ ਕਿਸੇ ਕਹਾਣੀ ਦਾ ਮੁਖ ਪਾਤਰ ਬਣਾਇਆ ਜਾ ਸਕਦੈ--- ਮੈਂ ਤਾਂ ਕਹਾਂਗਾ ਬਣਾਇਆ ਜਾ ਸਕਦੈ--- ਇਹ ਮੇਰਾ ਦਾਅਵਾ ਏ--- ਭਾਵੇਂ ਇਹ ਸੱਚ ਏ ਕਿ ਗੁਲਾਮ ਰਜ਼ਾ ਨਾਂ ਦੇ ਉਸ ਬੰਦੇ ਵਿੱਚ ਕੋਈ ਐਸੀ ਖਿੱਚ ਜਾਂ ਖ਼ੂਬੀ ਨਹੀਂ ਜੋ ਉਸਨੂੰ ਆਮ ਲੋਕਾਂ ਤੋਂ ਅਲੱਗ ਕਰ ਸਕਦੀ ਹੋਵੇ--- ਉਹ ਤਾਂ ਸਮੂਹ ਦਾ ਇਕ ਭਾਗ ਹੀ ਨਹੀਂ ਜਾਪਦਾ ਬਲਕਿ ਆਪ ਸਮੂਹ ਦਿਸਦੈ। ਆਮ ਬੰਦਿਆਂ ਵਰਗਾ ਹੀ ਉਸਦਾ ਚਿਹਰਾ ਮੋਹਰਾ ਹੈ ਅਤੇ ਕੱਦ ਕਾਠ ਵੱਲੋਂ ਵੀ ਉਸ ਵਿੱਚ ਕੋਈ ਖਾਸ ਗੱਲ ਹੈ ਨਹੀਂ----ਦਰਮਿਆਨਾ ਕੱਦ, ਕਾਲੇ ਵਾਲ, ਕਾਲੀਆਂ ਅੱਖਾਂ ਅਤੇ ਚਿੱਟਾ ਗੋਰਾ ਰੰਗ---- ਇਹੋ ਜਿਹੇ ਬੰਦੇ ਹੀ ਤਾਂ ਹੁੰਦੇ ਹਨ ਇਸ ਬਸਤੀ ਵਿੱਚ। ਤੁਹਾਡਾ ਇਹ ਪੁੱਛਣਾ ਬਿਲਕੁਲ ਅਸੰਗਤ ਨਹੀਂ ਲਗਦਾ ਕਿ ਮੈਂ ਉਸਨੂੰ ਆਪਣੀ ਕਹਾਣੀ ਵਿੱਚ। ਮੁੱਖ ਪਾਤਰ ਵਜੋਂ ਕਿਉਂ ਚੁਣਿਆ ਹੈ। ਸੱਚ ਜਾਣੋ ਮੇਰੀ ਇਹ ਮਜਬੂਰੀ ਹੈ। ਮੈਨੂੰ ਇਹ ਮੰਨ ਲੈਣ ਵਿਚ। ਕੋਈ ਸ਼ਰਮ ਮਹਿਸੂਸ ਨਹੀਂ ਹੋ ਰਹੀ ਕਿ ਉਸਨੇ ਮੈਨੂੰ ਇੰਨਾ ਜ਼ਿਆਦਾ ਮਜਬੂਰ ਕੀਤਾ ਹੈ ਕਿ ਮੈਂ ਉਸਨੂੰ ਨਾ ਸਿਰਫ ਆਪਣੀ ਕਹਾਣੀ ਵਿਚ ਹੀ ਲਵਾਂ ਬਲਕਿ ਉਸਨੂੰ ਆਪਣੀ ਕਹਾਣੀ ਦਾ ਮੁੱਖ ਪਾਤਰ ਵੀ ਬਣਾਵਾਂ। ਤੁਹਾਨੂੰ ਕੀ ਦੱਸਾਂ ?---ਤੁਹਾਨੂੰ ਯਕੀਨ ਨਹੀਂ ਆਵੇਗਾ---ਪਰ ਹੈ ਇਹ ਸੱਚ ਕਿ ਕਿੰਨੀ ਹੀ ਵਾਰ ਉਸਨੇ ਮੇਰੇ ਅੱਗੇ ਤਰਲੇ ਲਏ ਨੇ ਤੇ ਹਾੜ੍ਹੇ ਕੱਢੇ ਨੇ ਇਸ ਮਕਸਦ ਲਈ। ਮੈਂ ਜਿਧਰ ਵੀ ਜਾਂਦਾ ਸਾਂ ਉਹ ਮੇਰੇ ਪਿਛੇ ਲੱਗਾ ਆਉਂਦਾ ਅਤੇ ਹਰ ਵੇਲੇ ਮੇਰੇ ਮੂਹੋਂ ਹਾਂ ਸੁਣਨ ਲਈ ਤਾਂਘਦਾ ਰਹਿੰਦਾ। ਉਸਦੀਆਂ ਪ੍ਰਸ਼ਨਸੂਚਕ ਨਿਗਾਹਾਂ ਮੇਰਾ ਪਿੱਛਾ ਹੀ ਨਾ ਛੱਡਦੀਆਂ। ਉਸ ਕਈ ਢੰਗ ਵਰਤੇ, ਕਈ ਬਹਾਨੇ ਬਣਾਏ----ਬਸ ਸਿਰਫ ਇਸ ਕਹਾਣੀ ਦਾ ਪਾਤਰ---ਮੁੱਖ ਪਾਤਰ ਬਣਨ ਲਈ। ਭਲਾ ਤੁਸੀਂ ਹੀ ਦੱਸੋ ਕਿ ਬੰਦਾ ਦਿਨ ਰਾਤ ਪਿੱਛੇ ਪਿਆ ਰਵ੍ਹੇ---ਹੋਰ ਤਾਂ ਹੋਰ ਰਾਤ ਨੂੰ ਸੁੱਤਿਆਂ ਵੀ ਉਸੇ ਦੇ ਸੁਫਨੇ ਆਉਣ ਲੱਗ ਪੈਣ---ਤੇ ਸੁਫਨਿਆਂ ਵਿਚ ਵੀ ਉਹ ਮੁੱਖ ਪਾਤਰ ਬਣਨ ਲਈ ਤਰਲੇ ਲੈਂਦਾ ਤੇ ਹਾੜੇ ਕੱਢਦਾ ਦਿਸੇ---ਤਾਂ ਫਿਰ ਭਲਾ ਉਸਨੂੰ ਕਿੰਨੀ ਦੇਰ ਤਕ ਟਾਲਿਆ ਜਾ ਸਕਦੈ?--- ਘੱਟੋ ਘੱਟ ਲੰਮੇ ----ਕਾਫੀ ਲੰਮੇ ਅਰਸੇ ਤਕ---ਮੇਰੇ ਤੋਂ ਐਸਾ ਨਹੀਂ ਸੀ ਹੋ ਸਕਿਆ। ਭਾਵੇਂ ਪਿਛਲੇ ਚੁਰਵੰਜਾ ਵਰ੍ਹਿਆਂ ਤੱਕ ਮੈਂ ਉਸਨੂੰ ਟਾਲਦਾ ਰਿਹਾ ਹਾਂ---ਕਦੀ ਕਿਸੇ ਬਹਾਨੇ ਤੇ ਕਦੀ ਕਿਸੇ ਹੀਲੇ। ਅਖੀਰ ਜਿੱਤ ਉਸੇ ਦੀ ਹੋਈ ਤੇ ਮੈਨੂੰ ਆਪਣੀ ਕਹਾਣੀ ਵਿੱਚ ਉਸ ਨੂੰ ਲੈਣਾ ਹੀ ਪਿਆ----ਇਕ ਮੁਖ ਪਾਤਰ ਵਜੋਂ।

ਤੁਸੀਂ ਭਾਵੇਂ ਪੁਛੋ ਭਾਵੇਂ ਨਾ ਪਰ ਮੈਨੂੰ ਤਾਂ ਦੱਸਣਾ ਹੀ ਪਵੇਗਾ ਕਿ ਗੁਲਾਮ ਰਜ਼ਾ ਨਾਲ ਮੇਰੀ ਪਹਿਲੀ ਮੁਲਾਕਾਤ ਕਦੋਂ ਹੋਈ। ਇਸ ਵਿੱਚ ਸ਼ੱਕ ਨਹੀਂ ਕਿ ਭਾਵੇਂ ਮੈਨੂੰ ਆਪਣੀ ਯਾਦ ਸ਼ਕਤੀ 'ਤੇ ਬਹੁਤ ਜ਼ੋਰ ਲਾਉਣਾ ਪੈ ਰਿਹੈ ਤਾਂ ਹੀ ਤਾਂ ਮੈਂ ਕੁਝ ਟੁਕੜੇ ਜੋੜ ਲੈਣ ਵਿਚ ਸਫਲ ਹੋ ਸਕਿਆ ਹਾਂ। ਇਹ ਸ਼ਾਇਦ ਉਦੋਂ ਦੀ ਗੱਲ ਹੈ ਜਦੋਂ ਮੈਂ ਮੁਸ਼ਕਲ ਨਾਲ ਅੱਠਾਂ ਕੁ ਵਰ੍ਹਿਆਂ ਦਾ ਹੋਵਾਂਗਾ---ਹਾਂ ਬਸ ਇੰਨੀ ਹੀ ਉਮਰ ਸੀ ਮੇਰੀ। ਸੁਣਿਐ ਜਦੋਂ ਮੈਂ ਪੈਦਾ ਹੋਇਆ ਸਾਂ ਤਾਂ ਦੂਜਾ ਸੰਸਾਰ ਯੁੱਧ ਆਰੰਭ ਹੋਏ ਨੂੰ ਦੋ ਵਰ੍ਹੇ ਹੋ ਚੁਕੇ ਸਨ। ਭੂਆ, ਰੱਬ ਸਵਰਗ ਬਖਸ਼ੇ, ਦਸਦੀ ਹੁੰਦੀ ਸੀ ਕਿ ਬਸਤੀ 'ਤੇ ਹੋਏ ਹੱਲੇ ਸਮੇਂ ਮੈਂ ਛੇ ਕੁ ਵਰ੍ਹਿਆਂ ਦਾ ਸਾਂ ਤੇ ਦੋ ਕੁ ਵਰ੍ਹੇ ਰਿਫਿਊਜੀ ਕੈਂਪਾਂ ਵਿੱਚ ਰੁਲਣ ਖੁਲਣ ਮਗਰੋਂ ਭੂਆ ਨਾਲ ਮੁੜ ਇਸੇ ਬਸਤੀ ਵਿਚ ਆ ਗਿਆ ਸਾਂ ਭਾਵੇਂ ਭੂਆ ਦਾ ਮਨ ਨਹੀਂ ਵੱਡੇ ਸ਼ਹਿਰ ਨੂੰ ਛੱਡਣ ਤੇ ਕਿਉਂ ਕਿ ਉਥੇ ਵੀ ਉਹ ਮਾਸਟਰਿਆਣੀ ਲੱਗ ਗਈ ਸੀ ਤੇ ਰਸੋਈ ਕਮਰਾ ਵੀ ਮੁਫਤ---ਭਾਵ ਕੋਈ ਕਿਰਾਇਆ ਭਾੜਾ ਨਹੀਂ--- ਤੇ ਉਪਰੋਂ ਰੌਣਕ ਵਾਧੇ ਦੀ ---ਪਰ ਦਾਦੀ ਦੇ ਜ਼ਿੱਦ ਕਰਨ 'ਤੇ ਕਿ ਬਸਤੀ ਦਾ

ਸਾਗ ਤੇ ਚਾਵਲ ਯਾਦ ਆਉਂਦੇ ਨੇ। ਉਸਨੂੰ ਮਜਬੂਰ ਹੋ ਕੇ ਬਸਤੀ ਦਾ ਰੁਖ ਕਰਨਾ ਪਿਆ ਸੀ। ਭਲਾ ਭੂਆ ਆਪਣੀ ਮਾਂ ਦੀ ਆਖੀ ਗੱਲ ਕਿਵੇਂ ਟਾਲਦੀ ਜਿਸਨੇ ਅੱਗੇ ਹੀ ਕਈ ਦੁੱਖ ਝੱਲੇ ਸਨ ਤੇ ਫਿਰ ਇਸ ਹੱਲੇ ਵਿਚ ਉਸਦੇ ਦੋਵੇਂ ਪੁੱਤਰ, ਇਕ ਨੂੰਹ, ਜਵਾਨ ਜਹਾਨ ਦੋਹਤਰਾ ਤੇ ਹੋਰ ਕਿੰਨੇ ਹੀ ਰਿਸ਼ਤੇਦਾਰ ਮਾਰੇ ਗਏ ਸਨ। ਭਾਵੇਂ ਭੂਆ ਮੈਨੂੰ ਚੰਗਾ ਖਾਣ ਪੀਣ ਨੂੰ ਦਿੰਦੀ ਸੀ ਪਰ ਕੈਂਪਾਂ ਵਿੱਚ ਬਣਿਆ ਮੇਰਾ ਖਾਕਾ ਕਿਵੇਂ ਭੁਲ ਜਾਂਦਾ ਖਰਮਸਤੀਆਂ ——ਮੰਗਣ ਦਾ ਚਸਕਾ ਤੇ ਕੁਝ ਚੁਕ ਦੌੜ ਜਾਣ ਦੀ ਲਾਲਸਾ। ਬਸ ਇਸੇ ਚਸਕੇ ਦਾ ਮਾਰਿਆ 'ਨਾਮੇ ਤੇ ਜਿੰਦਰ ਨੂੰ ਨਾਲ ਲੈ ਮੈਂ ਪੁਰਾਣੇ ਸ਼ਹਿਰ ਵੱਲ ਨਿਕਲ ਗਿਆ ਸਾਂ ਇਕ ਦਿਨ——ਹਰ ਉਸ ਬੰਦੇ ਤੋਂ ਬਚਦਾ ਬਚਾਂਦਾ, ਜਿਸਨੇ ਖੱਲ ਦੀ ਉੱਚੀ ਟੋਪੀ ਪਾਈ ਹੁੰਦੀ ਜਾਂ ਫਿਰ ਅੱਧ-ਕਤਰੀ ਦਾਹੜੀ ਰੱਖੀ ਹੁੰਦੀ। ਇਹੋ ਜਿਹੀਆਂ ਨਿਸ਼ਾਨੀਆਂ ਦਸਦਿਆਂ ਭੂਆ ਨੇ ਆਖਿਆ ਹੋਇਆ ਸੀ——"ਖਬਰਦਾਰ ਜੇ ਕਿਸੇ ਅਜਿਹੇ ਬੰਦੇ ਨਾਲ ਗਲ ਕੀਤੀ——ਉਹ ਆਦਮੀਆਂ ਮਾਰ ਛੋੜਦੇ ਨੇ——ਅਸਾਂ ਨਾਲ ਤੇ ਜਿਸਰਾਂ ਇਨ੍ਹਾਂ ਦਾ ਜਨਮ ਜਨਮਾਤਰਾਂ ਦਾ ਵੈਰ ਹੋਵੇ ਨੇ।" ਅਸੀਂ ਤਿੰਨੋ ਸਾਰਾ ਦਿਨ ਫਿਰਦੇ ਫਿਰਦੇ ਥੱਕ ਲੱਥੇ ਬਿਨਾ ਅੱਧ-ਕਟੀ ਮੁੱਠੀ ਭਰ ਰੱਖੀ ਦਾੜ੍ਹੀ ਤੇ ਬਿਨਾਂ ਖੱਲ ਦੀ ਉੱਚੀ ਟੱਪੀ ਵਾਲੇ ਬੰਦਿਆਂ ਅੱਗੇ ਹੱਥ ਅੱਡ ਅੱਡ ਕੇ ਪਰ ਕਿਸੇ ਬਾਤ ਨਾ ਪੁੱਛੀ। ਚੰਗੀ ਤਰ੍ਹਾਂ ਖੱਜਲ ਖੁਆਰ ਹੋ ਕੇ ਸ਼ਹਿਰ ਦੇ ਪੁਰਾਣੇ ਪੁਲ ਕੋਲ ਢੋਅ ਲਾ ਆਪਣੇ ਖੁਸ਼ਕ ਹੋਠਾਂ 'ਤੇ ਜ਼ੁਬਾਨ ਫੇਰਦੇ ਤੇ ਖਾਲੀ ਢਿੱਡ ਨੂੰ ਫੋਕੀਆਂ ਤੱਸਲੀਆਂ ਪਏ ਦਿੰਦੇ ਸਾਂ ਕਿ ਪਰ੍ਹਾਂ ਇਕ ਵੱਡੇ ਪਸਾਰੇ ਜਿਹੇ ਵਿਚ ਇਕ ਚੰਗੀ ਪੱਕੀ ਉਮਰ ਦਾ ਬੰਦਾ ਸਿਰੋਂ ਨੰਗਾ ਬੈਠਾ ਦਿਸਿਆ। ਫੱਟਿਆਂ ਦੀ ਇਕ ਵੱਡੀ ਚੌਕੀ ਜਿਹੀ 'ਤੇ ਹੁੱਕੇ ਦੀ ਨਾੜੀ ਉਸਦੇ ਮੂੰਹ 'ਚ ਸੀ ਤੇ ਅੱਧ-ਕਟੀ ਮੁੱਠ ਕੁ ਦਾੜ੍ਹੀ ਦੂਰੋਂ ਨਹੀਂ ਸੀ ਦਿਸੀ। ਅਸੀਂ ਇਕ ਭੀੜੀ ਗਲੀ 'ਚੋਂ ਲੰਘ ਦੌੜਦੇ ਹੋਏ ਉਸ ਕੋਲ ਜਾ ਪਹੁੰਚੇ। ਸਾਡੇ ਪੈਰਾਂ ਦਾ ਖੜਾਕ ਸੁਣ ਕੇ ਉਸ ਸਾਡੇ ਵੱਲ ਮੂੰਹ ਮੋੜਿਆ ਤਾਂ ਸਾਡਾ ਤ੍ਰਾਹ ਨਿਕਲ ਗਿਆ——ਉਸਦੇ ਮੂੰਹ 'ਤੇ ਅੱਧ-ਕੱਟੀ ਦਾੜ੍ਹੀ ਵੀ ਸੀ ਅਤੇ ਹੁੱਕੇ ਦੇ ਕੋਲ ਕਰਕੇ ਫੱਟੇ ਦੀ ਚੌਕੀ 'ਤੇ ਉਸਦੀ ਉੱਚੀ ਜਿਹੀ ਖੱਲ ਦੀ ਟੋਪੀ ਵੀ ਪਈ ਹੋਈ ਸੀ ਜੋ ਕਿਸੇ ਪਸ਼ੂ ਦੀ ਖੱਲ ਤੋਂ ਬਣੀ ਹੋਈ ਸੀ। ਜਾਹ ਜਾਂਦੀਏ ਹੁਣ ਕੀ ਬਣੇ? ਹੁਣ ਵੀ ਜਦੋਂ ਉਹ ਦਿਨ ਯਾਦ ਆਉਂਦਾ ਏ ਤਾਂ ਪਸੀਨੇ ਛੁੱਟਣ ਲੱਗ ਪੈਂਦੇ ਨੇ, ਭਾਵੇਂ ਚੁਰਵੰਜਾ ਵਰ੍ਹੇ ਬੀਤ ਚੁਕੇ ਨੇ ਇਸ ਘਟਨਾ ਨੂੰ ਵਾਪਰਿਆਂ।

ਚੁਰਵੰਜਾ ਵਰ੍ਹੇ ਬੀਤ ਚੁਕੇ ਨੇ ਪਰ ਮੈਨੂੰ ਕੱਲ੍ਹ ਦੀ ਤਰ੍ਹਾਂ ਯਾਦ ਹੈ ਕਿ ਕਿਵੇਂ ਗੁਲਾਮ ਰਜ਼ਾ——ਹਾਂ ਇਹੀ ਨਾਂ ਸੀ ਉਸਦਾ——ਨੇ ਡਾਢੇ ਪਿਆਰ ਭਰੀ ਪਰ ਕਮਜ਼ੋਰ ਜਿਹੀ ਅਵਾਜ਼ ਵਿਚ ਅਸਾਂ ਤਿੰਨਾਂ ਨੂੰ ਸੱਦ ਆਪਣੇ ਕੋਲ ਬਿਠਾਇਆ ਸੀ। ਵੱਡੀ ਸਾਰੀ ਫੱਟਿਆਂ ਦੀ ਚੌਕੀ 'ਤੇ ਅਤੇ ਗੁਲਾਬੀ ਗੁਲਾਬੀ ਲੂਣੀ ਚਾਹ ਵੀ ਪਿਆਈ ਸੀ ਤੇ ਤਿਲਾਂ ਵਾਲੇ ਕੁਲਚੇ ਵੀ ਖੁਆਏ ਸਨ। ਪਹਿਲੀ ਵਾਰ ਪੀਣ ਕਰਕੇ ਉਹ ਗੁਲਾਬੀ ਚਾਹ ਕੁਝ ਅਜੀਬ ਜਿਹੀ ਭਾਸੀ ਸੀ ਪਰ ਢਿੱਡ ਭਰਨ ਤੇ ਖਾਸ ਕਰਕੇ ਭਾਰਾ ਜਿਹਾ ਤਿਲਾਂ ਵਾਲਾ ਕੁਲਚਾ ਥੱਲੇ ਲਾਹੁਣ ਲਈ ਪੀਣੀ ਵੀ ਜ਼ਰੂਰੀ ਸੀ ਤੇ ਫਿਰ ਆਉਣ ਲੱਗਿਆਂ ਉਸ ਸੇਰ ਸੇਰ ਚਾਵਲ ਵੀ ਬੰਨ੍ਹ ਦਿੱਤੇ ਸਨ——ਹਾਂ ਇਹੀ ਗੁਲਾਮ ਰਜ਼ਾ ਸੀ ਜਿਸਨੇ ਸਾਨੂੰ ਹੈਰਾਨੀ 'ਚ ਪਾ ਦਿੱਤਾ ਸੀ। ਮੈਂ ਤੁਹਾਨੂੰ ਸ਼ੁਰੂ ਵਿੱਚ ਦਸਣਾ ਹੀ ਭੁਲ ਗਿਆ ਹਾਂ ਕਿ ਗੁਲਾਮ ਰਜ਼ਾ ਇਕ ਹੋਰ ਖੂਬੀ ਦਾ ਵੀ ਮਾਲਕ ਸੀ। ਉਹ ਹਰ ਘੜੀ, ਹਰ ਪਲ ਬਦਲਿਆ ਬਦਲਿਆ ਦਿਸਦਾ ਹੈ——ਸੱਚ ਤਾਂ ਇਹ ਹੈ ਕਿ ਇਕ ਵਾਰ ਵੇਖ ਲਿਆ ਸੋ ਵੇਖ ਲਿਆ, ਦੂਜੀ ਵਾਰ ਉਸਨੂੰ ਵੇਖ ਕੇ ਪਹਿਲੀ ਨਜ਼ਰੇ ਪਛਾਣ ਲੈਣਾ ਔਖਾ ਕੰਮ ਹੈ ਜਦ ਤੱਕ ਕਿ ਉਹ ਆਪ ਆਪਣਾ ਨਾਂ ਪਤਾ ਨਾ ਦੱਸੇ। ਸੱਚ ਕਹਿੰਦਾ ਹਾਂ ਮੈਂ ਇਸ 'ਤੇ ਸ਼ਰਤ ਲਾਉਣ ਨੂੰ ਵੀ ਤਿਆਰ ਹਾਂ ਕਿਉਂਕਿ ਮੈਨੂੰ ਪੂਰਾ ਯਕੀਨ ਹੈ ਕਿ ਜਿੱਤਣਾ ਮੈਂ ਹੀ ਹੈ।

ਤੁਸੀਂ ਮੇਰੀ ਇਸ ਗੱਲ ਤੋਂ ਹੀ ਅੰਦਾਜ਼ਾ ਲਾ ਸਕਦੇ ਹੋ——ਹਾਂ ਯਾਦ ਆ ਗਿਐ——ਸਾਡੀ ਪਹਿਲੀ ਮੁਲਾਕਾਤ ਤੋਂ ਕੋਈ ਪੰਜ ਵਰ੍ਹੇ ਮਗਰੋਂ———ਹਾਂ ਬਸ ਇੱਦਾ———ਦੀ ਘਟਨਾ ਹੋਵੇਗੀ——ਬੜਾ ਵੱਡਾ ਹੁੰਗਾਮਾ ਹੋਇਆ ਸੀ। ਬਸਤੀ ਦੇ ਵੱਡੇ ਹਾਕਮ ਨੂੰ ਪਕੜ ਕੇ ਕੈਦ ਕਰ



ਛੱਡਿਆ ਸੀ ਅਤੇ ਉਸਦੀ ਥਾਂ 'ਤੇ ਨਵਾਂ ਬੰਦਾ ਕੁਰਸੀ 'ਤੇ ਜਾ ਚੜ੍ਹਿਆ ਸੀ। ਆਖਦੇ ਨੇ ਜੇ ਉਸ ਪਹਿਲੇ ਹਾਕਮ, ਜੋ ਚੰਗਾ ਲੰਮਾ ਝੰਮਾ ਹੋਣ ਕਰਕੇ ਦੂਰੋਂ ਹੀ ਪਛਾਣਿਆ ਜਾਂਦਾ ਸੀ, ਨੂੰ ਫੜ ਜੇਲ੍ਹ ਵਿੱਚ ਡੱਕਣ ਵਿਚ ਉਸ ਨਵੇਂ ਹਾਕਮ ਦਾ ਵੀ ਹੱਥ ਸੀ। ਬਸ ਫਿਰ ਕੀ?——ਖ਼ਬਰ ਫੈਲਦਿਆਂ ਹੀ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਸੜਕਾਂ 'ਤੇ ਨਿਕਲ ਆਏ ਸਨ, ਵੱਡੇ ਜਲੂਸ ਤੇ ਉੱਚੇ ਉੱਚੇ ਨਾਅਰੇ ਲਗ ਰਹੇ ਸਨ, ਫੌਜ ਨਿਕਲ ਆਈ ਸੀ ਤੇ ਗੋਲੀ ਵੀ ਚੱਲੀ ਸੀ ਤੇ ਉਸੇ ਗੋਲੀਬਾਰੀ ਵਿਚ ਸ਼ਹਿਰ ਦਾ ਵੱਡਾ ਸੁਨਿਆਰਾ ਮਾਰਿਆ ਗਿਆ ਸੀ। ਭੂਆ ਦੇ ਮਨ੍ਹਾਂ ਕਰਦਿਆਂ ਕਰਦਿਆਂ ਵੀ ਮੈਂ ਬਾਹਰ ਦੌੜ ਪੈਂਦਾ ਸਾਂ——ਬਾਹਰ ਕੀ ਦੌੜ ਪੈਂਦਾ ਸਾਂ——ਬਸ ਰਹਿੰਦਾ ਹੀ ਬਾਹਰ ਸਾਂ ਤੇ ਸਿਰਫ ਰੋਟੀ ਖਾਣ ਤੇ ਚਾਹ ਪੀਣ ਵੇਲੇ ਹੀ ਘਰ ਵੜਦਾ ਸਾਂ। ਪਰ ਜਦੋਂ ਮੈਂ ਵੱਡੇ ਸੁਨਿਆਰੇ ਨੂੰ ਬਸਤੀ ਦੇ ਵਿਚਕਾਰ ਜਿਹੇ ਕਰਕੇ ਗੁਰਦਵਾਰੇ ਕੋਲ ਡਾਕਟਰ ਦੀ ਦੁਕਾਨ ਦੇ ਐਨ ਅੱਗੇ ਖੂਨ ਵਿੱਚ ਲੱਥ ਪੱਥ ਤੜਫਦਿਆਂ ਵੇਖਿਆਂ ਤਾਂ ਮੈਂ ਝੱਟ ਘਰ ਵੱਲ ਨੂੰ ਦੌੜ ਪਿਆ ਸਾਂ। ਦੌੜਦਿਆਂ ਦੌੜਦਿਆਂ ਮੈਂ ਇਕ ਅੱਧਖੜ ਜਿਹੇ ਬੰਦੇ ਨਾਲ ਟਕਰਾ ਗਿਆ ਸਾਂ ਜਿਹੜਾ ਮੈਨੂੰ ਵੇਖਦਿਆਂ ਬੇਇਖ਼ਤਿਆਰ ਚੀਖ ਪਿਆ ਸੀ——"ਓਇ ਕੇ ਕਰਦੈਂ ਇਥੇ? ਚਲ ਘਰ ਨੱਸ ਜਾ ਸ਼ੈਤਾਨ ਨਾ ਹੋਵੇ———" ਤੇ ਮੈਂ ਉਸਦੇ ਚਿਹਰੇ ਵੱਲ ਵੇਖਦਿਆਂ ਆਪਣੀ ਯਾਦਾਸ਼ਤ ਨੂੰ ਕੁਰੇਦਣਾ ਚਾਹਿਆ। ਉਸਦੀਆਂ ਚਮਕਦੀਆਂ ਕਾਲੀਆਂ ਅੱਖਾਂ ਤੇ ਕਾਲੇ ਵਾਲ, ਭਾਵੇਂ ਕੰਨਾਂ ਕੋਲ ਕਿਧਰੇ ਕਿਧਰੇ ਕੁਝ ਧੌਲੇ ਵੀ ਹੈ ਸਨ, ਨੂੰ ਦੇਖ ਕੁਝ ਕਹਿਣ ਹੀ ਲੱਗਾ ਸਾਂ ਕਿ ਉਸ ਨੇ ਜ਼ੋਰ ਨਾਲ ਨਾਅਰੇ ਦਾ ਜਵਾਬ ਦਿੱਤਾ ਭੀੜ ਦੇ ਨਾਲ-ਨਾਲ। ਉਸਦੀ ਆਵਾਜ਼ ਬਹੁਤ ਹੀ ਤਕੜੀ ਸੀ ਜਿਵੇਂ ਕੋਈ ਦਸ ਬਾਰ੍ਹਾਂ ਜਵਾਨ ਮਰਦ ਇਕ ਵਾਰ ਹੀ ਦਹਾੜ ਪਏ ਹੋਣ। ਮੈਂ ਉਸ ਵੱਲੋਂ ਮੂੰਹ ਫੇਰ ਲਿਆ——"ਨਹੀਂ ਇਹ ਉਹ ਨਹੀਂ ਹੋ ਸਕਦਾ——ਉਹ ਤੇ ਚੰਗਾ ਬੁਢੇੜ ਹੋ ਗਿਆ ਤੇ——ਉਸਦੀ ਅਵਾਜ਼ ਵੀ ਕਮਜ਼ੋਰ ਜਿਹੀ ਪਤਲੀ ਜਿਹੀ ਹੋਈ——" ਪਰ ਉਸ ਅਚਾਨਕ ਮੇਰਾ ਮੋਢਾ ਪਕੜ ਆਪਣੇ ਵੱਲ ਕੀਤਾ ਤੇ ਆਖਿਆ——"ਭਈ ਮੈਂ ਹੀ ਗੁਲਾਮ ਰਜ਼ਾ ਹਾਂ।"

ਮੈਂ ਹੈਰਾਨ ਪ੍ਰੇਸ਼ਾਨ ਜਿਹਾ ਘਰ ਪਰਤ ਗਿਆ ਸਾਂ। ਆਪਣੇ ਆਪ ਨੂੰ ਗੁਲਾਮ ਰਜ਼ਾ ਦੱਸਣ ਵਾਲਾ ਬੰਦਾ ਮੇਰੇ ਤੋਂ ਵੀ ਤੇਜ਼ ਤੇਜ਼ ਕਦਮ ਭਰਦਾ ਪਿਛਲੇ ਪਾਸੇ ਨੂੰ ਦੌੜਦਾ ਜਾ ਰਿਹਾ ਸੀ——ਬਿਲਕੁਲ ਸਿਧਾ ਨੱਕ ਦੀ ਸੇਧੇ। ਭਾਵੇਂ ਉਸ ਦਾ ਸਾਹ ਉਖੜਿਆ ਹੋਇਆ ਸੀ ਪਰ ਉਹ ਦੂਰੋਂ ਆ ਰਹੀ ਨਾਅਰਿਆਂ ਦੀ ਅਵਾਜ਼ ਦੇ ਵਿਚ ਆਪਣੀ ਅਵਾਜ਼ ਰਲਾਣਾ ਨਹੀਂ ਸੀ ਭੁਲਿਆ। ਉਹ ਵਿਚ ਖੜੋ ਜਾਂਦਾ ਤੇ ਆਪਣੇ ਆਪ ਨੂੰ ਆਪਣੇ ਕੱਪੜਿਆਂ ਵਿਚ ਪੂਰੀ ਤਰ੍ਹਾਂ ਸਮੇਟ ਲੈਂਦਾ ਤੇ ਫਿਰ ਹੌਲੀ ਹੌਲੀ ਉਹ ਮੇਰੀਆਂ ਨਜ਼ਰਾਂ ਤੋਂ ਉਹਲੇ ਹੋ ਗਿਆ।

ਹੋਰ ਦਸ ਵਰ੍ਹੇ ਬੀਤ ਗਏ——ਸਮਾਂ ਬੀਤਦਿਆਂ ਪਤਾ ਹੀ ਨਹੀਂ ਲੱਗਦਾ——ਇਸ ਸਾਰੇ ਸਮੇਂ ਵਿਚ ਉਹੀ ਇਕ ਬੰਦਾ ਬਸਤੀ 'ਤੇ ਹਕੂਮਤ ਕਰਦਾ ਰਿਹਾ। ਉਸ ਕੋਲ ਹਕੂਮਤ ਕਰਨ ਦਾ ਡਾਢਾ ਸੁਹਣਾ ਬਲ ਸੀ। ਉਹ ਆਮ ਲੋਕਾਂ ਵਿੱਚ ਬੇਖਟਕੇ ਤੇ ਬਿਨਾ ਕਿਸੇ ਝੁੱਕ ਝੁਕਾਅ ਦੇ ਜਾ ਵੜਦਾ। ਉਹਨਾਂ ਦੀ ਬੋਲੀ ਬੋਲਦਾ ਤੇ ਉਹਨਾਂ ਨਾਲ ਬਹਿ ਕੇ ਖਾ ਪੀ ਲੈਂਦਾ ਤੇ ਉਹਨਾਂ ਦੇ ਨਿੱਕੇ ਮੋਟੇ ਕੰਮ ਸੁਆਰਨ ਵਿੱਚ ਰੱਤੀ ਭਰ ਢਿੱਲ ਨਾ ਲਾਂਦਾ। ਪਰ ਜਦੋਂ ਉਸਨੂੰ ਵੀ ਕੁਰਸੀ ਤੋਂ ਲਾਹਿਆ ਗਿਆ ਤਾਂ ਵੱਡੇ ਧਰਮ ਅਸਥਾਨਾਂ 'ਚੋਂ ਧਾਰਮਿਕ ਨਿਸ਼ਾਨ ਗੁੰਮ ਹੋ ਗਿਆ——ਫਿਰ ਜਲਸੇ ਜਲੂਸ ਹੋਏ, ਸੜਕਾਂ 'ਤੇ ਮੋਟਰਾਂ ਗੱਡੀਆਂ ਦੀ ਭੰਡਾਰੇ ਤੇ ਲੰਗਰ ਲਗ ਗਏ। ਭਾਵੇਂ ਉਹ ਧਾਰਮਿਕ ਨਿਸ਼ਾਨ ਛੇਤੀ ਹੀ ਲੱਭ ਵੀ ਗਿਆ। ਉਸਦੀ ਨਿਸ਼ਾਨਦੇਹੀ ਵੀ ਹੋ ਗਈ ਤੇ ਫਿਰ ਉਸ ਨਿਸ਼ਾਨ ਨੂੰ ਆਪਣੀ ਥਾਂ 'ਤੇ ਰੱਖ ਵੀ ਦਿਤਾ ਗਿਆ ਪਰ ਉਸ ਬੰਦੇ ਦੀ ਹਕੂਮਤ ਮੁੱਕ ਹੀ ਗਈ ਜਿਸਨੂੰ ਕੁਰਸੀ ਤੋਂ ਲਾਹੁਣਾ ਅਸੰਭਵ ਦਿਸਦਾ ਸੀ। ਫਿਰ ਹੋਰ ਲੋਕ ਕੁਰਸੀ ਤੇ ਆ ਬਿਰਾਜੇ, ਉਹ ਵੀ ਉਤਰ ਗਏ, ਫਿਰ ਚੋਣਾਂ ਹੋਈਆਂ ਤੇ ਕਈ ਹੋਰ ਦਾਅਵੇਦਾਰ ਪੈਦਾ ਹੋ ਗਏ ਤੇ ਉਹਨਾਂ 'ਚੋਂ ਕਈਆਂ ਨੇ ਕੁਝ ਅਰਸਾ ਕੁਰਸੀ 'ਤੇ ਆਪਣਾ ਕਬਜ਼ਾ ਵੀ ਜਮਾਈ ਰੱਖਿਆ ਪਰ ਸ਼ੋਰ ਕੁਝ ਵਧਦਾ ਹੀ ਗਿਆ। ਅੰਤ ਇਕ ਸਮਝੌਤਾ ਹੋਇਆ ਤੇ ਇਕ

ਵਾਰ ਉਸ ਲੰਮੇ ਝੰਮੇ ਬੰਦੇ ਨੂੰ ਵੱਡੇ ਹਾਕਮ ਦੀ ਕੁਰਸੀ ਦੀ ਸੌਂਪਣਾ ਕੀਤੀ ਗਈ। ਫਿਰ ਜਦੋਂ ਉਹ ਮਰਿਆ ਤਾਂ ਉਸਦੇ ਪੁੱਤਰ ਨੂੰ ਉਹੀ ਵੱਡੀ ਕੁਰਸੀ ਦੀ ਸੌਂਪਣਾ ਕਰ ਦਿੱਤੀ ਗਈ ਭਾਵੇਂ ਉਹ ਆਪਣੇ ਪਿਉ ਦੇ ਕੱਦ ਕਾਠ ਵਾਲਾ ਨਹੀਂ ਸੀ। ਇਸ ਸਾਰੇ ਅਰਸੇ ਦੌਰਾਨ ਜੋ ਲਗਪਗ ਚੌਦਾਂ ਵਰ੍ਹਿਆਂ ਤਕ ਫੈਲਿਆ ਹੋਇਆ ਹੈ, ਗੁਲਾਮ ਰਜ਼ਾ ਮੇਰੇ ਨਾਲ ਰਿਹਾ ਹੋਵੇਗਾ––ਮੇਰੇ ਲਾਗੇ ਹੀ ਕਿਧਰੇ ਗੱਲਾਂ ਬਾਤਾਂ ਕਰਦਾ ਰਿਹਾ ਹੋਏ–––ਹੋ ਸਕਦੈ ਮੈਂ ਉਸਨੂੰ ਸੁਣਿਆ ਵੀ ਹੋਵੇ ਪਰ ਮੈਂ ਉਸਨੂੰ ਪਛਾਣ ਨਹੀਂ ਸਕਿਆ ਹੋਵਾਂਗਾ। ਉਹ ਵੀ ਕਿੰਨਾ ਨਿਰਮੋਹੀ ਨਿਕਲਿਆ––ਮੈਨੂੰ ਦਸ ਤਾਂ ਦਿੰਦਾ––ਨਾ ਸਹੀ ਆਪਣਾ ਪਤਾ ਟਿਕਾਣਾ––ਮੂੰਹ ਮੱਥਾ ਹੀ ਸਹੀ। ਪਰ ਕੀ ਪਤਾ ? ਕਿਧਰੇ ਬਾਹਰ ਅੰਦਰ ਨਾ ਗਿਆ ਹੋਵੇ ਜਾਂ ਫਿਰ ਇਹ ਵੀ ਹੋ ਸਕਦੈ ਕਿਧਰੇ ਮਰ ਖਪ ਹੀ ਨਾ ਗਿਆ ਹੋਵੇ। ਪਰ ਨਹੀਂ ਉਹ ਇੰਨੀ ਛੇਤੀ ਮਰ ਖਪ ਜਾਣ ਵਾਲੀ ਸ਼ੈਅ ਨਹੀਂ। ਫਿਰ ਇਸ ਸਾਰੇ ਸਮੇਂ ਦੌਰਾਨ ਮੈਂ ਵੀ ਤਾਂ ਉਸਨੂੰ ਲਗਪਗ ਭੁਲਾ ਹੀ ਦਿਤਾ ਸੀ। ਮੈਂ ਵੀ ਉਸ ਪ੍ਰਤੀ ਕਿੰਨਾ ਕੁ ਵਫਾਦਾਰ ਰਿਹਾ ਹਾਂ ? ਰਹਿ ਵੀ ਨਹੀਂ ਸਾ ਸਕਦਾ। ਮੈਂ ਵੀ ਤਾਂ ਕਿੰਨੀਆਂ ਸਾਰੀਆਂ ਔਕੜਾਂ 'ਚੋਂ ਲੰਘ ਕੇ ਆਖਿਰ ਚੰਗੇ ਵੱਡੇ ਅਹੁਦੇ 'ਤੇ ਪਹੁੰਚਿਆ ਸਾਂ। ਮੇਰੇ ਆਪਣੇ ਅੰਦਰ ਵੀ ਤਾਂ ਕਈ ਪ੍ਰੀਵਰਤਨ ਹੋਏ ਹਨ। ਪਿਛੇ ਜਿਹੇ ਮੈਂ ਬਸਤੀ ਦੀ ਅਸੈਂਬਲੀ ਚੋਣਾਂ ਵਿਚ ਪ੍ਰੀਜ਼ਾਈਡਿੰਗ ਅਫਸਰ ਬਣ ਬਸਤੀ ਦੇ ਵੱਡੇ ਚੌਕ ਦੇ ਨਾਲ ਵਾਲੀ ਗਲੀ ਦੇ ਇਕ ਪੋਲਿੰਗ ਬੂਥ 'ਤੇ ਜਾ ਲੱਗਾ ਜਿੱਥੇ ਮੇਰੀ ਗੁਲਾਮ ਰਜ਼ਾ ਨਾਲ ਚੁਰਵੰਜਾ ਵਰ੍ਹੇ ਪਹਿਲਾਂ ਮੁਲਾਕਾਤ ਹੋਈ ਸੀ। ਪੋਲਿੰਗ ਬੂਥ ਦੇ ਬਾਹਰ ਕਾਫੀ ਭੀੜ ਜਮ੍ਹਾਂ ਹੋਈ ਸੀ––ਆਖਣ ਵਾਲੇ ਆਖਦੇ ਨੇ ਜੇ ਇੰਨੀ ਭੀੜ ਉਹਨਾਂ ਕਦੀ ਪਹਿਲਾਂ ਚੋਣਾਂ ਵੇਲੇ ਨਹੀਂ ਸੀ ਵੇਖੀ ਇਸ ਬਸਤੀ ਵਿਚ–– ਖੈਰ ਤਾਂ ਮੈਂ ਹਾਲਾ ਤੱਕ ਮਸਾਂ ਵੋਟਾਂ ਪਾਉਣ ਲਈ ਬਕਸਾ ਤਿਆਰ ਕਰ ਰਿਹਾ ਸਾਂ। ਅਚਾਨਕ ਮੇਰੀ ਨਜ਼ਰ ਪੋਲਿੰਗ ਏਜੰਟਾਂ ਵਿਚਕਾਰ ਬੈਠੇ ਇਕ ਨੌਜਵਾਨ ਜਿਹੇ ਬੰਦੇ 'ਤੇ ਪਈ ਜੋ ਮੇਰੇ ਵੱਲ ਹੀ ਘੂਰ ਰਿਹਾ ਸੀ। ਮੈਂ ਵੋਟਰ ਲਿਸਟਾਂ ਪੋਲਿੰਗ ਅਫ਼ਸਰ ਨੂੰ ਫੜਾਂਦਿਆਂ ਇਕ ਵਾਰ ਚੋਰ ਨਿਗਾਹਾਂ ਨਾਲ ਉਸੇ ਪਾਸੇ ਵੱਲ ਵੇਖਿਆ, ਉਹ ਉਸੇ ਤਰ੍ਹਾਂ ਮੈਨੂੰ ਘੂਰ ਰਿਹਾ ਸੀ ਤੇ ਨਾਲ ਹੀ ਨਾਲ ਅਜੀਬ ਜਿਹੇ ਢੰਗ ਨਾਲ ਮੁਸਕਰਾ ਵੀ ਰਿਹਾ ਸੀ। ਮੈਂ ਉਸ ਵੱਲ, ਨਾ ਚਾਹੁੰਦਿਆਂ ਵੀ, ਵਾਰ ਵਾਰ ਵੇਖਣ ਲੱਗ ਪਿਆ ਸਾਂ ਤੇ ਨਾਲ ਹੀ ਨਾਲ ਨਜ਼ਰਾਂ ਵੀ ਚੁਰਾਣ ਲੱਗ ਪਿਆ ਸਾਂ–– ਕੀ ਕਰਦਾ ? ਉਹ ਢੀਠ ਜਿਹਾ ਬੰਦਾ ਮੇਰੇ ਵਲ ਹੀ ਵੇਖ ਰਿਹਾ ਸੀ ਲਗਾਤਾਰ ਬਿਨਾ ਅੱਖਾਂ ਝਪਕਾਣ ਦੇ ਤੇ ਉਪਰੋਂ ਹੱਸਦਾ ਹੋਇਆ ਜਿਵੇਂ ਮੇਰਾ ਮਜ਼ਾਕ ਉਡਾ ਰਿਹਾ ਹੋਵੇ। ਮੈਂ ਹਰ ਵਾਰ ਉਸ ਵਲੋਂ ਆਪਣੀਆਂ ਨਜ਼ਰਾਂ ਹਟਾ ਵੋਟਰ ਲਿਸਟਾਂ ਵੇਖਣ ਲੱਗਦਾ ਐਵੇਂ ਹੀ ਬਿਨਾ ਕਿਸੇ ਮਕਸਦ ਦੇ ਤੇ ਕਦੀ ਵੋਟ ਪਰਚੀਆਂ 'ਤੇ ਦਸਖਤ ਕਰਨ ਲਗਦਾ। ਝੱਟ ਉਹ ਬੰਦਾ ਆਪਣੀ ਥਾਂ ਤੋਂ ਉਠਿਆ ਤੇ ਮੇਰੇ ਕੋਲ ਇੰਝ ਆ ਖੜੋਤਾ ਜਿਵੇਂ ਮੇਰੇ ਨਾਲ ਚਿਰਾਂ ਤੋਂ ਪ੍ਰੀਚਤ ਹੋਵੇ। ਸੱਚ ਮੰਨੋ ਉਸਦੀ ਇਹ ਹਰਕਤ ਜ਼ਰਾ ਜਿੰਨੀ ਵੀ ਚੰਗੀ ਨਹੀਂ ਲੱਗੀ। ਫਿਰ ਮੈਂ ਸੋਚਣ ਲੱਗਾ––ਇਹ ਕਿਸੇ ਉਮੀਦਵਾਰ ਦਾ ਏਜੰਟ ਹੋਣਾ ਹੈ ਪਰ ਫਿਰ ਵੀ ਉਸਨੂੰ ਕੀ ਹੱਕ ਪਹੁੰਚਦਾ ਹੈ ਕਿ ਉਹ ਬੇਝਿਜਕ ਮੇਰੇ ਕੋਲ ਆ ਖੜਾ ਹੋਵੇ। ਫਿਰ ਮੈਂ ਬਾਕੀ ਏਜੰਟਾਂ ਵੱਲ ਵੇਖਿਆ––ਕੋਈ ਵੀ ਸਾਡੇ ਵੱਲ ਨਹੀਂ ਸੀ ਵੇਖ ਰਿਹਾ ਜਿਵੇਂ ਉਹਨਾਂ ਨੂੰ ਇਸ ਬੰਦੇ ਦੇ ਵਜੂਦ ਦੀ ਕੋਈ ਖਬਰਸਾਰ ਹੀ ਨਾ ਹੋਵੇ। ਉਹ ਬੰਦਾ ਮੈਨੂੰ ਸਿੱਧਾ ਸੰਬੋਧਨ ਹੋਇਆ––।" ਮੈਂ ਇਹਨਾਂ ਨੂੰ ਨਜ਼ਰ ਆ ਹੀ ਨਾ ਸਕਦਾ। ਤੂੰ ਬੇਫਿਕਰ ਹੋ ਕੇ ਮੇਰੇ ਨਾਲ ਗੱਲਬਾਤ ਕਰ ਸਕਦੈਂ–––" ਸੱਚਮੁੱਚ ਉਹਨਾਂ 'ਚੋਂ ਕੋਈ ਵੀ ਸਾਡੇ ਵਲ ਨਹੀਂ ਸੀ ਵੇਖ ਰਿਹਾ। ਇਕ ਵਾਰ ਫਿਰ ਉਸਨੇ ਡਾਢੀ ਅਪਣੱਤ ਜਤਲਾਂਦਿਆਂ ਆਖਿਆ––––" ਮੈਂ ਗੁਲਾਮ ਰਜ਼ਾ ਹਾਂ।"

ਮੇਰੀ ਹੈਰਾਨੀ ਵਿਚ ਵਾਧਾ ਤਾਂ ਹੋਣਾ ਹੀ ਸੀ–––––ਯਾਦ ਤਾਂ ਮੈਨੂੰ ਆ ਗਿਆ ਸੀ–––ਸੱਚ ਤਾਂ ਇਹ ਹੈ ਕਿ ਮੈਂ ਗੁਲਾਮ ਰਜ਼ਾ ਨੂੰ ਭੁਲ ਹੀ ਨਹੀਂ ਸਕਦਾ। ਪਰ ਮੈਂ ਸੋਚ ਇਹ ਰਿਹਾ ਸਾਂ ਕਿ ਕਿੱਥੇ ਇਹ ਵੀਹ ਬਾਈ ਵਰ੍ਹਿਆਂ ਦਾ ਭਰ ਜੁਆਨ ਮਰਦ ਤੇ ਕਿਥੇ ਉਹ ਗੁਲਾਮ ਰਜ਼ਾ–––ਪੱਕੀ ਉਮਰ ਦਾ ਸਿਆਣਾ ਤੇ ਹਮਦਰਦ ਜਿਹਾ–––ਹੋਵੇ ਨਾ ਹੋਵੇ ਇਹ ਕੋਈ ਬਹੁਰੂਪੀਆ ਹੈ ਜੋ ਮੈਨੂੰ ਬੇਵਕੂਫ ਬਣਾ



ਰਿਹੈ। ਪਰ ਬੱਚੂ ਨਹੀਂ ਜਾਣਦਾ ਕਿ ਅੱਜ ਮੇਰੇ ਕੋਲ ਮੈਜਿਸਟਰੇਟ ਦੇ ਪਾਵਰ ਨੇ ਤੇ ਉਨ੍ਹਾਂ ਨੂੰ ਪੁਲੀਸ ਦੇ ਹਵਾਲੇ ਕਰ ਸਕਦਾਂ। ਪਰ ਫਿਰ ਝੱਟ ਘੜੀ ਮਗਰੋਂ ਮੈਂ ਨਾ ਚਾਹੁੰਦਿਆਂ ਹੋਇਆਂ ਵੀ ਉਸ ਤੋਂ ਪੁੱਛਣ ਦਾ ਮਨ ਬਣਾ ਲਿਆ। " ਤੂੰ ਇਥੇ ਕੀ ਕਰਦੈਂ? ਕਿਸ ਪਾਰਟੀ ਦਾ ਏਜੰਟ ਬਣ ਕੇ ਆਇਐਂ?" ਹੁਣ ਉਸ ਦੀ ਵਾਰੀ ਸੀ ਤੇ ਉਹ ਖੂਬ ਠਹਾਕਾ ਮਾਰ ਕੇ ਹੱਸਿਆ ਤੇ ਉੱਚੀ ਉੱਚੀ ਆਖਣ ਲੱਗਾ–– ਪਾਰਟੀ ਤੇ ਏਜੰਟ –––ਨਾ ਬਾਬਾ ਨਾ–––ਮਾਂਹ ਕੇ ਲਗੇ ਇਸ ਸੜੀ ਅਲੈਕਸ਼ਨ ਪਲੈਕਸ਼ਨ ਨਾਲ?––ਨਾਲੇ ਇਹ ਕਿਹੜੀ ਸਹੀ ਹੋਂਦੀ ਏ?–––ਮਾਂਹ ਪਤੈ ਤੇ ਤੂੰ ਵੀ ਜਾਣਦੈਂ–––ਕਿਸ ਤਰ੍ਹਾਂ ਦੀ ਬਕਸੇ ਬਦਲੇ ਜਾਂਦੇ ਨੇ ਜਿੱਤਦਾ ਕੁਈ ਏ ਤੇ ਐਲਾਨ ਕਿਸੇ ਹੋਰ ਦੇ ਨਾਂ ਦਾ ਹੋ ਜੁਲਦੈ–––ਤੂੰ ਜ਼ਰੂਰ ਆਖਕੇ ਇਤਰਾਜ਼ ਕਿਉਂ ਨਹੀਂ ਕਰਦੇ–––ਸੱਚ ਮੰਨ ਸੌਂ ਲੋਕ ਇਤਰਾਜ਼ ਕਰਦੇ ਨੇ –––ਪਰ ਸਿਵਾਏ ਉਹਨਾਂ ਦੀ ਬੇਤਹਾਸ਼ਾ ਮਾਰ ਕੁਟਾਈ ਦੇ ਕੇ ਹੋਂਦੈ?––ਕੁਝ ਵੀ ਤੇ ਨਹੀਂ–––ਮੈਂ ਤੇ ਐਂਵੇ ਈ ਆਇਆ ਹਿਆਂ–––ਸਿਰਫ ਤੁਸਾਂ ਯਾਦ ਕਰਾਣੇ ਆਂ–––ਕੇ–––ਕੇ––––ਕੇ–––ਤੇਰੀ ਈਮਾਨਦਾਰੀ ਕੁਝ ਨਹੀਂ ਕਰਨ ਲੱਗੀ–––ਤੂੰ ਦਿਖ ਲੈਸੋਂ ਆਪੇ–––ਤੇਰੇ ਤੋਂ ਇਲਾਵਾ ਹਜ਼ਾਰਾਂ ਪਏ ਦੇਨ ਜਿੜੇ ਵਫਾਦਾਰ ਤੇ ਹੈਨ ਪਰ ਸਿਰਫ ਉਸਦੇ ਜਿਹੜਾ ਕੁਰਸੀ ਤੇ ਹੋਵੇ–––ਤੇ ਉਹ ਸਾਰੇ ਤੇਰੀ ਈਮਾਨਦਾਰੀਆਂ ਮਿੱਟੀ ਵਿੱਚ ਰੋਲ ਕੇ ਰਹਿਸਨ ––ਯਾਦ ਰੱਖੀਂ ਕੁਝ ਇਸ ਤਰ੍ਹਾਂ ਰੋਲਸਨ ਨਹੀਂ ਕਿ ਤੇਰਾ ਵਜੂਦ ਕਦੀ ਹੈਸੀ–––ਇਸਦਾ ਕਿਸੇ ਆਂ ਵਹਿਮ ਗੁਮਾਨ ਦਾ ਰਹਿਸੀ"––– ਤੇ ਉਹ ਇਹ ਸਭ ਉੱਚੀ ਉੱਚੀ ਆਖਦਾ ਹੋਇਆ ਦਰਵਾਜ਼ਿਉਂ ਬਾਹਰ ਹੋਗਿਆ ਤੇ ਮੈਨੂੰ ਲਗਾਤਾਰ ਦਰਵਾਜ਼ੇ ਵਲ ਵੇਖਦਿਆਂ ਮੇਰਾ ਪੋਲਿੰਗ ਅਫਸਰ ਆਖਣ ਲੱਗਾ–– "ਕਿਉਂ ਜਨਾਬ ਤੁਹਾਡੀ ਤਬੀਅਤ ਤੇ ਠੀਕ ਹੈ ਨਾ? ਬੰਦ ਦਰਵਾਜ਼ੇ ਆਂ ਕਿਉਂ ਘੂਰੀ ਜਾਂਦੇ ਓ?––– ਇਧਰੋਂ ਨਾ ਕੋਈ ਆਇਆ ਤੇ ਨਾ ਕੋਈ ਗਿਆ ਏ।" ਮੈਂ ਝੱਟ ਏਜੰਟਾਂ ਦੀ ਕਤਾਰ ਵਿੱਚ ਉਸ ਨੂੰ ਵੇਖਣ ਲੱਗਾ ਜਿਥੇ ਝੱਟ ਪਹਿਲਾਂ ਉਹ ਬੈਠਾ ਹੋਇਆ ਸੀ ਤੇ ਫਿਰ ਕੁਝ ਦਿਨਾਂ ਨੂੰ ਮੈਂ ਸਭ ਕੁਝ ਭੁਲ ਗਿਆ–––ਕੌਣ ਇੰਨਾ ਫਜ਼ੂਲ ਜਿਹਾ ਯਾਦ ਰੱਖਦਾ ਰਵ੍ਹੇ?––ਮੈਂ ਇਹ ਵੀ ਯਾਦ ਨਾ ਰੱਖਿਆ ਕਿ ਕੌਣ ਕੌਣ ਜਿਤਿਆ ਪਰ ਇਹ ਜ਼ਰੂਰ ਯਾਦ ਰਿਹਾ ਕਿ ਲਗਪਗ ਅੱਧੀਆਂ ਸੀਟਾਂ ਜਿਨ੍ਹਾਂ ਜਿੱਤਣੀਆਂ ਸਨ ਉਹਨਾ 'ਤੇ ਕੋਈ ਹੋਰ ਹੀ ਜਿੱਤੇ ਸਨ ਜਿਨ੍ਹਾਂ ਨੂੰ ਲੋਕਾਂ ਦੀ ਜ਼ਰਾ ਜਿੰਨੀ ਹਮਾਇਤ ਹਾਸਲ ਨਹੀਂ ਸੀ ਭਾਵੇਂ ਹੈਸਨ ਉਹ ਸਿਆਸਤ ਦੇ ਪੁਰਾਣੇ ਖਿਡਾਰੀ। ਇਕ ਰੋਸ ਜ਼ਰੂਰ ਪੈਦਾ ਹੋਇਆ ਪਰ ਰੋਸ ਪ੍ਰਗਟ ਕਰਨ ਵਾਲਿਆਂ ਨੂੰ ਵਾਹਵਾ ਰੱਜ ਕੇ ਕੁਟਾਪਾ ਚੜ੍ਹਿਆ ਗਿਆ ਤੇ ਬਸ–––ਲੱਗਾ ਜਿਵੇਂ ਸਭ ਕੁਝ ਖ਼ਾਮੋਸ਼ ਹੋ ਗਿਆ ਹੈ। ਪਰ ਇਹ ਸਭ ਭਰਮ ਸੀ ਕਿਉਂਕਿ ਇਹ ਖ਼ਾਮੋਸ਼ੀ ਤੂਫਾਨ ਆਉਣ ਤੋਂ ਪਹਿਲਾਂ ਦੀ ਖ਼ਾਮੋਸ਼ੀ ਸਾਬਤ ਹੋਈ। ਇਕ ਦਿਨ ਅਚਾਨਕ ਆਟੋਮੈਟਿਕ ਰਫਲਾਂ ਚਲਣ ਲੱਗੀਆਂ ਤੇ ਹੱਥ ਗੋਲੇ ਤੇ ਬੰਬ ਫੱਟਣੇ ਆਰੰਭ ਹੋ ਗਏ ਜਿਵੇਂ ਦੀਵਾਲੀ 'ਤੇ ਹੁੰਦਾ ਹੈ ਪਰ ਦੀਵੇ ਨਾ ਬਲੇ ਤੇ ਮੱਸਿਆ ਦੀ ਕਾਲੀ ਰਾਤ ਛਾ ਗਈ–––ਹਰ ਪਾਸੇ ਹਨੇਰਾ ਹੀ ਹਨੇਰਾ ––––ਮਾਰ ਧਾੜ––ਲੁੱਟਾਂ ਖੋਹਾਂ–––ਖੂਨ ਹੀ ਖੂਨ–––ਹਰ ਚੌਂਕ 'ਚ ਖੂਨ–––ਲਾਲ ਲਾਲ ਖੂਨ ਹਰ ਪਾਸੇ ਫੈਲ ਗਿਆ–––ਪਿੰਡਾਂ ਤੇ ਖੇਤਾਂ ਵਿੱਚ–––ਪਹਾੜਾਂ ਤੇ ਘਾਟੀਆਂ 'ਚ ਚਿਨਾਰ ਮੱਘ ਪਏ, ਫੁਲ ਰੋ ਪਏ, ਉੱਚੇ ਉੱਚੇ ਪਹਾੜ ਚੀਖ ਪਏ, ਝਰਨਿਆਂ ਤੇ ਝੀਲਾਂ ਦੀ ਮਿੱਠੀ ਮਿੱਠੀ ਕਲਕਲ 'ਚੋਂ ਵੈਣ ਤੇ ਸਿਆਪਿਆਂ ਦਾ ਸ਼ੋਰ ਸੁਣਾਈ ਦੇਣ ਲੱਗਾ। ਗਿਣਤੀ ਭੁਲ ਗਈ–––ਕਿੰਨੇ ਮਰੇ ਤੇ ਕਿੰਨੇ ਜ਼ਖਮੀ ਹੋਏ? ਪਛਾਣ ਭੁਲ ਗਈ–––ਕੌਣ ਮਰਿਆ?––ਕਾਲਾ ਕਿ ਚਿੱਟਾ?–––ਦਾੜ੍ਹੀਵਾਲਾ ਕਿ ਅਣ-ਦਾੜ੍ਹੀਵਾਲਾ? –––ਪੇਂਡੂ ਕਿ ਸ਼ਹਿਰੀ?–––ਉੱਚਾ ਕਿ ਨੀਵਾਂ?–––ਬਸ ਮੌਤ ਹੀ ਮੌਤ ਹਰ ਪਾਸੇ ਨੱਚ ਉੱਠੀ। ਲੋਕੀਂ ਆਪਣੇ ਘਰ ਬਾਰ ਛੱਡ ਨੱਸ ਉਠੇ ਸਨ। ਵੱਖ-ਵੱਖ ਨਿੱਕੀਆਂ ਨਿੱਕੀਆਂ ਟੋਲੀਆਂ ਵਿੱਚ ਆਪਣੇ ਘਰਾਂ ਦੇ ਬਾਹਰ ਬਿਲਕੁਲ ਡਿਉਢੀ ਨਾਲ ਲਗ ਲੋਕੀਂ ਗੋਸ਼ਿਆਂ ਜਿਹਿਆਂ ਵਿੱਚ ਤੇ ਉਹ ਵੀ ਸਿਰਫ ਦੁਪਹਿਰ ਨੂੰ ਗੱਲਾਂ ਕਰਦੇ ਦਿਖਾਈ ਦਿੰਦੇ–––ਗੱਲਾਂ ਮੌਤ ਦੀਆਂ, ਗੱਲਾਂ ਜ਼ੁਲਮਾਂ ਦੀਆ, ਗੱਲਾਂ ਡਰ ਖੌਫ ਦੀਆਂ–––ਕਿੰਨੇ ਫੜੇ ਗਏ? ਕਿੰਨੇ ਮਾਰੇ ਗਏ? ਕਿਸ ਬੈਂਕਾ 'ਚੋਂ ਕਿੰਨੀ ਰਕਮ ਲੁੱਟੀ ਗਈ? ਖੁਫੀਆ ਰੇਡੀਉ ਤੋਂ ਇਸ ਹਫਤੇ ਕੀ ਕਿਹਾ ਗਿਆ?

ਅੱਜ ਵੀ ਮੈਂ ਆਪਣੇ ਘਰ ਦੇ ਬਾਹਰ, ਗਲੀ ਵਿੱਚ, ਆਪਣੇ ਸਾਹਮਣੇ ਰਹਿੰਦੇ ਗਵਾਂਢੀ ਅਮੀਨ ਲਹਿਰਵਾਲ ਨੇ ਬਦੋਬਦੀ ਫੜ ਕੇ ਖਲ੍ਹਾਰ ਲਿਆ ਭਾਵੇਂ ਉਸ ਵੇਲੇ ਮੈਂ ਜਿੰਦਰ ਤੇ ਰਣਜੀਤ ਵੱਲ ਜਾ ਰਿਹਾ ਸਾਂ। ਮਸ਼ਵਰਾ ਕਰਨ ਕਿ ਅਸੀਂ ਵੀ ਕਿਸੇ ਤਰ੍ਹਾਂ ਬਸਤੀ 'ਚੋਂ ਕਿਉਂ ਨਾ ਨੱਸ ਜਾਈਏ ਹੋਰਾਂ ਵਾਂਗ ਹੀ। ਮੈਂ ਸੋਚਿਆ ਭਾਵੇਂ ਬੱਚੇ ਹੀ ਕੱਢ ਛੋੜਾਂ। ਸਬੱਬੀ ਮੌਕਾ ਵੀ ਮਿਲ ਗਿਆ ਅਮੀਨ ਲਹਿਰਵਾਲ ਦੇ ਕੰਨੋਂ ਵੀ ਗੱਲ ਕੱਢਣ ਦਾ। ਇਸ ਕਰਕੇ ਉਸ ਨਾਲ ਜਾ ਹੱਥ ਮਿਲਾਇਆ। ਬਾਵਜੂਦ ਇਸ ਤੱਥ ਦੇ ਕਿ ਉਹ ਅੱਜ ਕੱਲ੍ਹ ਮੂੰਹ ਫੇਰ ਕੇ ਲੰਘ ਜਾਂਦਾ ਹੁੰਦਾ ਸੀ। ਪਰ ਮੈਂ ਜੁਰਅਤ ਇਕੱਠੀ ਕਰਕੇ ਉਸਨੂੰ ਰੋਕ ਹੀ ਲਿਆ ਤੇ ਕਿਸੇ ਵੀ ਝਿੱਜਕ ਨੂੰ ਆੜੇ ਨਾ ਆਉਣ ਦਿੱਤਾ। ਮੈਂ ਆਪਣੀ ਗੱਲ ਕਰਨ ਤੋਂ ਪਹਿਲਾਂ ਉਸਨੂੰ ਸੁਣਨਾ ਜ਼ਰੂਰੀ ਸਮਝਿਆ ਤੇ ਉਹ ਬੜੇ ਜੋਸ਼ ਜਿਹੇ ਵਿਚ ਲਗ ਗਿਆ ਜਵਾਨ ਮੁੰਡਿਆਂ ਦੇ ਕਾਰਨਾਮਿਆਂ ਦੀਆਂ ਗੱਲਾਂ ਕਰਨ ਕਿ ਕਿਵੇਂ ਉਹ ਸਿਰ ਤਲੀ 'ਤੇ ਧਰ ਕੇ ਮੈਦਾਨ ਵਿੱਚ ਨਿੱਕਲ ਆਏ ਹਨ, ਕਿਵੇਂ ਉਹ ਮੁਖਬਰਾਂ ਦਾ ਸਫਾਇਆ ਕਰਨ ਵਿੱਚ ਲੱਗੇ ਹੋਏ ਹਨ। ਕਿਵੇਂ ਉਹ ਬਿਨਾਂ ਕਿਸੇ ਡਰ ਭਉ ਦੇ ਸਰਹੱਦ ਪਾਰ ਕਰ ਜਾਂਦੇ ਨੇ ਤੇ ਹੋਰ ਕਿੰਨਾ ਕੁਝ। ਫਿਰ ਉਸ ਆਪਣੇ ਵਿਸ਼ਵਾਸ ਦੀ ਗੱਲ ਆਖੀ ਕਿ ਬਸਤੀ ਨੂੰ ਹੁਣ ਅਜ਼ਾਦੀ ਮਿਲੀ ਕਿ ਮਿਲੀ। ਮੈਂ ਨਾ-ਚਾਹੁੰਦਿਆਂ ਹੋਇਆਂ ਵੀ ਉਸਦੀ ਹਾਂ ਵਿੱਚ ਹਾਂ ਮਿਲਾਂਦਾ ਰਿਹਾ ਸਾਂ। ਮੈਂ ਆਪਣੀ ਗੱਲ ਆਖਣ ਲਈ ਮੂੰਹ ਸੁਆਰਦਾ ਪਿਆ ਸਾਂ ਕਿ ਮੇਰੀ ਨਿਗਾਹ ਇਕ ਬਾਰ੍ਹਾਂ ਚੌਦਾਂ ਵਰ੍ਹਿਆਂ ਦੇ ਅਲੂੰਏ ਜਿਹੇ ਮੁੰਡੇ 'ਤੇ ਜਾ ਪਈ। ਮੈਂ ਉਸਨੂੰ ਵੱਡਿਆਂ ਦੀਆਂ ਗੱਲਾਂ ਵਿਚ ਰੁਚੀ ਲੈਂਦਿਆਂ ਵੇਖ ਉਸਨੂੰ ਚਲੇ ਜਾਣ ਦਾ ਇਸ਼ਾਰਾ ਕੀਤਾ ਤਾਂ ਉਹ ਖੂਬ ਜ਼ੋਰ ਦਾ ਠਹਾਕਾ ਮਾਰ ਕੇ ਹੱਸ ਪਿਆ। ਮੈਨੂੰ ਉਸਦਾ ਹਾਸਾ ਕੁਝ ਅਸੰਗਤ ਜਿਹਾ ਲੱਗਾ--ਤੇ ਲੱਗਾ ਕਿ ਇਹ ਅਵਾਜ਼ ਕਿਤੇ ਪਹਿਲਾਂ ਵੀ ਸੁਣੀ ਹੋਈ ਹੈ----ਮੈਂ ਉਸਦੇ ਚਿਹਰੇ ਵੱਲ ਗੁਹੁ ਨਾਲ ਵੇਖਿਆ--ਬਾਰਾਂ ਚੌਦਾਂ ਵਰ੍ਹਿਆਂ ਦਾ ਬਾਲ ਜਿਹਾ ਪਰ ਉਸਦੀਆਂ ਕਾਲੀਆਂ ਅੱਖਾਂ ਤੇ ਚੌੜਾ ਮੱਥਾ ਵੱਡਿਆਂ ਜਿਹਾ ਲਗ ਰਿਹਾ ਸੀ। ਮੈਂ ਸੋਚਿਆ ਮੇਰਾ ਵਿਦਿਆਰਥੀ ਵੀ ਤਾਂ ਨਹੀਂ ਹੋ ਸਕਦਾ ਕਿਉਂਕਿ ਉਮਰੋਂ ਉਹ ਕਾਲਜ ਪੜ੍ਹਨ ਵਾਲਾ ਨਹੀਂ ਸੀ ਜਾਪਦਾ---ਤੇ ਫਿਰ ਇਹ ਕੌਣ ਹੋ ਸਕਦੈ? ਕੌਣ ਹੋ ਸਕਦੈ ਇੰਝ ਮੇਰੇ ਨਾਲ ਗੁਸਤਾਖੀ ਕਰਨ ਵਾਲਾ? ਪਰ ਨਹੀਂ---ਚੁੱਪ ਰਹਿਣਾ ਹੀ ਬਿਹਤਰ ਹੈ--ਮਾਹੌਲ ਵੀ ਤਾਂ ਨਹੀਂ--ਇਸਨੂੰ ਕੁਝ ਨ ਆਖਣ ਦਾ ਫੈਸਲਾ ਕਰ ਲਿਆ ਮਨ ਆਪਣੇ ਨਾਲ। ਮੈਂ ਹੈਰਾਨ ਹੋਇਆ ਇਹ ਵੇਖਕੇ ਕਿ ਅਮੀਨ ਲਹਿਰਵਾਲ ਦਾ ਉਸ ਵਲ ਕੋਈ ਧਿਆਨ ਨਹੀਂ ਸੀ। ਉਹ ਬਾਲ ਜਿਹਾ ਇਕ ਵਾਰ ਠਹਾਕਾ ਮਾਰ ਕੇ ਹੱਸ ਪਿਆ ਤੇ ਹੱਸਦਿਆਂ ਹੱਸਦਿਆਂ ਹੀ ਉਸ ਆਖਿਆ---"ਮੈਂ ਗੁਲਾਮ ਰਜ਼ਾ ਹਾਂ----ਹੁਣ ਤੁਸੀਂ ਦਿਖਿਉ ਮੁੰਡੇ ਕਿਸ ਤਰ੍ਹਾਂ ਗਿਣ ਗਿਣ ਕੇ ਬਦਲੇ ਲੈਸਨ--ਸੱਚ ਤਾਂ ਇਹ ਹੈ ਕਿ ਹੁਣ ਅਸਾਂ ਬਸਤੀ ਵਾਲਿਆਂ ਅਜ਼ਾਦੀ ਲੈ ਹੀ ਲੈਣੀ ਹੈ--ਹੁਣ ਅਸਾਂ ਕੁ ਈ ਨਹੀਂ ਰੋਕ ਸਕਦਾ ਆਪਣੇ ਮਿਥੇ ਨਿਸ਼ਾਨੇ 'ਤੇ ਪਹੁੰਚਣ ਤੋਂ ।"--- ਤੇ ਫਿਰ ਉਹ ਚਲਾ ਗਿਆ ਪਤਾ ਹੀ ਨਹੀਂ ਲੱਗਾ ਘੜੀ ਪਲ ਵਿੱਚ ਉਹ ਕਿਧਰੇ ਛਾਈਂ ਮਾਈਂ ਹੋ ਗਿਆ।

ਹੁਣ ਅੱਠ ਵਰ੍ਹਿਆਂ ਤੋਂ ਵੀ ਵੱਧ ਸਮਾਂ ਹੋ ਗਿਐ ਉਸਾਂ ਦਿਖਿਆਂ। ਕਿੰਨਾ ਸਾਰਾ ਪਾਣੀ ਪੁਲ ਥੱਲੋਂ ਵਹਿ ਗਿਐ। ਕਿੰਨੇ ਸਾਰੇ ਲੋਕ ਮਾਰੇ ਗਏ ਨੇ ਕਿੰਨੇ ਸਾਰੇ ਜਿਉਂਦੇ ਸਾੜੇ ਗਏ ਨੇ--ਕੀ ਬੱਸਾਂ ਵਿੱਚ ਤੇ ਕੀ ਘਰਾਂ 'ਚ। ਕਿੰਨੀਆਂ ਸਾਰੀਆਂ ਅੱਗਾਂ ਲੱਗੀਆਂ ਨੇ ਤੇ ਕਿੰਨੀਆਂ ਸਾਰੀਆਂ ਬਸਤੀਆਂ ਵੀਰਾਨ ਹੋ ਗਈਆ ਨੇ, ਕਰਫਿਊ ਤਾਂ ਲਗਾਤਾਰ ਹੀ ਲੱਗਾ ਰਹਿੰਦੈ, ਹੜਤਾਲਾਂ ਵੀ ਖੂਬ ਹੋਈਆਂ ਨੇ---ਦੁਕਾਨਦਾਰਾਂ ਦੀਆਂ ਵੀ ਤੇ ਮੁਲਾਜ਼ਮਾਂ ਦੀਆਂ ਵੀ---ਫਾਕਿਆਂ ਤਕ ਨੌਬਤ ਆ ਗਈ ਸੀ---ਤੇ ਸ਼ਾਇਦ ਇਸੇ ਕਰਕੇ ਹੜਤਾਲਾਂ ਖੁੱਲ੍ਹਣ 'ਤੇ ਉਹ ਨੱਚ ਉਠੇ ਸਨ। ਵਾਰਦਾਤਾ ਅੱਜ ਵੀ ਹੁੰਦੀਆਂ ਨੇ ਲੁੱਟਾਂ ਖੋਹਾਂ ਅੱਜ ਵੀ ਹੁੰਦੀਆਂ ਨੇ। ਹੁਣ ਤਾਂ ਰੱਬ ਦੇ ਘਰਾਂ ਨੂੰ ਵੀ ਸਾੜ ਸੁਆਹ ਕਰ ਦਿੱਤਾ ਜਾਂਦੈ, ਪਰ ਲੋਕਾਂ ਵਿੱਚ ਪਹਿਲਾਂ ਜਿਹਾ ਉਤਸ਼ਾਹ ਤੇ ਜੋਸ਼ ਨਹੀਂ ਰਿਹਾ। ਹਾਂ ਉਤਸ਼ਾਹ ਤੋਂ ਯਾਦ ਹੋ ਆਇਐ--ਗੁਲਾਮ ਰਜ਼ਾ ਪਤਾ ਨਹੀਂ ਕਿਥੇ ਹੋਵੇਗਾ? ਉਸਾਂ ਕੁਝ ਹੋ ਨਾ ਗਿਆ ਹੋਵੇ?---ਮੇਰੇ ਧੁਰ ਅੰਦਰੋਂ ਅਵਾਜ਼



ਉਠੀ ਏ ਤੇ ਨਾਲ ਹੀ ਉਪਰ ਵੱਲ ਨੂੰ ਹੱਥ ਵੀ--ਮੈਂ ਆਸੇ ਪਾਸੇ ਵੇਖਿਆ-- ਕੋਈ ਦਿਖਦਾ ਨਾ ਹੋਵੇ? ਕੇ ਆਖਸੀ?-- ਪਾਗਲਾਂ ਦੀ ਤਰ੍ਹਾਂ ਆਪੇ ਹੀ ਹੱਥਾਂ ਨਾਲ ਇਸ਼ਾਰੇ ਕਰਦਿਆਂ। ਪਰ ਪਤਾ ਨਹੀਂ ਰੱਬ ਨੇ ਕਿਵੇਂ ਸੁਣ ਲਈ---ਸਾਹਮਣੇ ਵਾਲੇ ਪਾਸਿਉਂ ਜਾਣੀਆਂ ਪਛਾਣੀਆਂ ਕਾਲੀਆਂ ਅੱਖਾਂ ਤੇ ਚੌੜੇ ਮੱਥੇ ਵਾਲਾ ਇਕ ਬੰਦਾ ਆਉਂਦਾ ਦਿਸਿਆ। ਦਿਲ ਕੀਤਾ ਇਸਾਂ ਰੋਕ ਕੇ ਪੁੱਛ ਲਵਾਂ ਕਿ ਉਹ ਗੁਲਾਮ ਰਜ਼ਾ ਤਾਂ ਨਹੀਂ। ਪਰ ਫਿਰ ਠਿਠਕ ਗਿਆ। ਪ੍ਰੰਤੂ ਪੈਰ ਅੱਗੇ ਤੁਰਨ ਦਾ ਨਾਂ ਹੀ ਨਹੀਂ ਲੈਂਦੇ। ਉਹ ਮੈਨੂੰ ਵੇਖ ਕੇ ਮੁਸਕਰਾਇਆ--- "ਹਾਂ ਮੈਂ ਗੁਲਾਮ ਰਜ਼ਾ ਹੀ ਹਾਂ--ਕਮਾਲ ਏ ਐਤਕੀਂ ਤੂੰ ਮੈਨੂੰ ਪਛਾਣ ਈ ਲਿਐ।"

"ਪਰ ਤੂੰ ਬਾਲ ਜਿਹਾ ਸੈਂ ਜਦੋਂ ਪਿਛਲੀ ਵਾਰੀ----"

"ਕਿਉਂ ਮੈਂ ਵੱਡਾ ਨਹੀਂ ਹੋ ਸਕਦਾ? ਕੀ ਮੇਰਾ ਵਿਕਾਸ ਨਹੀਂ ਹੋ ਸਕਦਾ?---ਨਾਲੇ ਫਿਰ ਇਨ੍ਹਾਂ ਹਾਲਤਾਂ---ਦਿਖ ਲੈ ਕੇ ਕਰ ਛੋੜਿਐ-- ਹੁਣ ਤੇ ਬੁਢੇੜ ਜਿਹਾ ਲਗਦਾਂ----ਦਿਖ--ਇਧਰ--ਮੇਰੀਆਂ ਕੰਨਪਟੀਆਂ ਦੇ ਵਾਲ ਚਿੱਟੇ ਹੋ ਗਏ ਨੇ।"

"ਅੱਜ ਕੱਲ ਮੈਂ ਕੇ ਸੋਚ ਸਕਦਾਂ ? ਸੋਚ ਹੀ ਮੁੱਕ ਗਈ ਏ। ਦਿਖਿਆ ਨਹੀਂ ਤੂੰ---ਕਿੰਨਾ ਖੂਨ ਖਰਾਬਾ ਹੋਇਐ?---ਗੋਲੀਆਂ ਪਹਿਲਾਂ ਵਾਂਗ ਹੀ ਚਲਦੀਆਂ ਨੇ----ਬੈਂਕਾਂ ਨਾਲ ਹੁਣ ਘਰ ਵੀ ਲੁਟੇ ਜਾ ਰਹੇ ਨੇ---ਆਖਿਰ ਕਦੋਂ ਤੱਕ?---ਕਦੋਂ ਤੱਕ?" ਤੇ ਫਿਰ ਗੁਲਾਮ ਰਜ਼ਾ ਆਪਣੇ ਰਾਹ ਪੈ ਗਿਆ-- ਰਾਹ ਤਾਂ ਉਹ ਪੈ ਗਿਆ ਪਰ ਉਸਦੇ ਆਖੇ ਬੋਲ ਹਾਲਾਂ ਤੱਕ ਮੈਨੂੰ ਸੁਣਾਈ ਦੇ ਰਹੇ ਨੇ ਤੇ ਮੈਂ ਖੜੋਤੇ ਦਾ ਖੜੋਤਾ ਰਹਿ ਜਾਂਦਾ ਹਾਂ--ਨਾ ਅੱਗੇ ਜਾ ਸਕਦਾਂ ਤੇ ਨਾ ਪਿਛਾਂਹ ਮੁੜ ਸਕਦਾਂ--ਮਜਬੂਰੀ ਹੈ--ਹੁਣ ਕਹਾਣੀ ਇਥੇ ਹੀ ਛੱਡਣੀ ਪਵੇਗੀ--ਘੱਟੋ ਘੱਟ ਹੁਣ ਦੀ ਘੜੀ।

*ਗੁਲਸ਼ਨ ਹਾਊਸ, 435, ਹਾਊਸਿੰਗ ਕਲੋਨੀ ਛਾਨਪੁਰਾ, ਸ੍ਰੀਨਗਰ ਕਸ਼ਮੀਰ-190015*

---

## ਗ਼ਜ਼ਲ / ਅਮਰਦੀਪ ਸੰਧਾਵਾਲੀਆ

ਤਿਤਲੀਆਂ ਦੀ ਹਰ ਬੁਝਾਰਤ ਯਾਦ ਆਉਂਦੀ ਹੈ ਬੜੀ
ਸ਼ੋਖ ਰੰਗਾਂ ਦੀ ਤਜ਼ਾਰਤ ਯਾਦ ਆਉਂਦੀ ਹੈ ਬੜੀ।

ਜਿਸ 'ਚ ਰਹਿੰਦਾ ਹਰ ਬਸ਼ਿੰਦਾ ਸੀ ਨਿਰ੍ਹਾ ਪੱਥਰ ਜਿਹਾ,
ਸ਼ੀਸ਼ਿਆਂ ਦੀ ਉਹ ਇਮਾਰਤ ਯਾਦ ਆਉਂਦੀ ਹੈ ਬੜੀ।

ਫੇਰ ਕੀ ਜੇ ਸਰਦ ਹਉਕੇ ਹੁਣ ਮੇਰੀ ਹੋਣੀ ਬਣੇ,
ਤੇਜ਼ ਸਾਹਾਂ ਦੀ ਹਰਾਰਤ ਯਾਦ ਆਉਂਦੀ ਹੈ ਬੜੀ।

ਟੁੱਟਿਆ ਤਾਰਾ ਜਦੋਂ ਮੈਂ ਵੇਖਦਾ ਹਾਂ ਰਾਤ ਨੂੰ,
ਆਖ਼ਰੀ ਖ਼ਤ ਦੀ ਇਬਾਰਤ ਯਾਦ ਆਉਂਦੀ ਹੈ ਬੜੀ।

ਯਾਦ ਰੱਖਣ ਯੋਗ ਮਿਲਿਆ ਨਾ ਕਦੇ ਕੁਝ ਪਰ ਤੇਰੀ,
ਬੇਵਫ਼ਾਈ ਵਿਚ ਮੁਹਾਰਤ ਯਾਦ ਆਉਂਦੀ ਹੈ ਬੜੀ।

ਮੈਂ ਸ਼ਰਾਫ਼ਤ ਨੂੰ ਸਮਰਪਿਤ ਸ਼ੇਅਰ ਸਾਰੇ ਕਰ ਦਿਆਂ,
ਪਰ ਸ਼ਰੀਫ਼ਾਂ ਦੀ ਸ਼ਰਾਰਤ ਯਾਦ ਆਉਂਦੀ ਹੈ ਬੜੀ।

*ਆਕਾਸ਼ਵਾਣੀ, ਬਠਿੰਡਾ*

# ਦੋ ਕਵਿਤਾਵਾਂ / ਪ੍ਰੋ. ਹਰਭਜਨ ਸਿੰਘ

## 1. ਸੁਪਰਪਾਵਰ

ਵੱਖੀ ਵਿਚ ਵੱਜੀ ਆਤੰਕ ਦੀ
ਅਵੇਸਲੀ ਚਿੱਪਰ ਦਾ
ਮੈਂ ਬਦਲਾ ਲੈ ਰਿਹਾ ਹਾਂ
ਸਮਝਾ ਰਿਹਾ ਹਾਂ
ਆਤੰਕ ਦੇ ਅਸਲੀ ਅਰਥ
ਸਾਰੀ ਦੁਨੀਆ ਨੂੰ

ਇੰਨਾ ਆਸਾਨ ਨਹੀਂ ਹੁੰਦਾ
'ਸ਼ੇਰ' ਦੀ ਪੂਛ ਨੂੰ ਹੱਥ ਲਾ ਕੇ
ਵੜ ਜਾਣਾ ਖੁੱਡ ਵਿਚ

ਦੁਨੀਆ ਭਰ ਦੀਏ ਖਲਕਤੇ !
ਦੇਸ਼ ਭਗਤੀ ਦਾ ਭਰਮ ਨਾ ਪਾਲ
ਡਿੱਗਣ ਦੇ ਮੇਰੇ 'ਸ਼ਾਂਤੀ ਦੂਤ'
ਸਿੱਧੇ ਆਤੰਕੀਆਂ ਦੇ ਸਿਰ 'ਤੇ

ਐ ਪਨਾਹਗੀਰੋ, ਬਦਨਸੀਬੋ !
ਆ ਲਓ ਫੜੋ !
ਖਾਣਿਆਂ ਦੇ ਸੁੰਦਰ ਪੈਕਿਟ
ਤੇ ਦੁਆ ਕਰੋ
ਮੇਰੀ ਵਿਸ਼ਵ ਜਿੱਤ ਦੀ
'ਵਿਸ਼ਵ ਸ਼ਾਂਤੀ' ਲਈ
ਬੜਾ ਜ਼ਰੂਰੀ ਹੈ
ਤੁਹਾਡਾ ਪਨਾਹਗੀਰ ਬਣਨਾ
ਦਾਣੇ ਦਾਣੇ ਲਈ ਰੁਲਨਾ
ਅਣਆਈ ਮੌਤੇ ਮਰਨਾ

ਐ ਕੰਗਾਲ ਦੇਸਾਂ ਦੀਓ
ਕੰਗਾਲ ਸਰਕਾਰੋ !
ਮੇਰੀ ਉਂਗਲੀ ਫੜੋ
ਮੇਰੇ ਪਿੱਛੇ ਪਿੱਛੇ ਦੁੰਮ ਹਿਲਾਓ
ਤੇ ਇੰਝ
'ਵਿਸ਼ਵ ਸ਼ਾਂਤੀ ਸਥਾਪਨਾ' ਵਿਚ
ਅਪਣਾ ਬਣਦਾ ਹਿੱਸਾ ਪਾਓ-
ਨਹੀਂ ਤਾਂ
ਚਾੜ੍ਹ ਦਿਆਂਗਾ ਤੁਹਾਨੂੰ ਵੀ
ਵਿਸ਼ਵ ਸ਼ਾਂਤੀ ਦੀ ਭੇਂਟ
ਮਿਟਾ ਕੇ ਰੱਖ ਦਿਆਂਗਾ
ਤੁਹਾਡਾ ਵੀ ਖੁਰਾ ਖੋਜ

ਇਤਿਹਾਸ ਗਵਾਹ ਹੈ-
'ਵਿਸ਼ਵ ਸ਼ਾਂਤੀ ਸਥਾਪਨਾ' ਲਈ ਮੈਂ
ਜਦ ਵੀ ਤੁਰਿਆ ਹਾਂ
ਝੰਡਾ ਗੱਡ ਕੇ ਹੀ ਮੁੜਿਆ ਹਾਂ
ਨਾਗਾਸਾਕੀ ਹੀਰੋਸ਼ੀਮਾ
ਨਹੀਂ ਕੋਈ ਮਿਥ ਜਾਂ ਮਿਥਿਹਾਸ
ਮੇਰੀ ਹਸਤੀ ਦੀ ਏ ਜ਼ਿੰਦਾ ਮਿਸਾਲ
ਕਿਸ ਬਾਗ਼ ਦੀ ਮੂਲੀ ਏ
ਔਹ ਓਸਾਮਾ ਬਿਨ ਲਾਦੇਨ !
ਤਾਲਬਿਨ ਤੂਲਬਿਨ
ਤੇ ਸਦਾਮ ਹੁਸੈਨ !
ਮੇਰ 'ਸ਼ਾਂਤੀ ਮਿਸ਼ਨ' ਵਿਚ
ਸੱਤ ਸਮੁੰਦਰਾਂ ਦੇ ਤਾਰੂ
ਵਿਅਤਨਾਮ ਦੇ ਮਹਾਂ-ਖੁੰਡ
ਮੱਧ-ਪੂਰਵ ਦੇ ਮਹਾਂਰਥੀ
ਦੁਨੀਆ ਭਰ ਦੇ ਮੇਰੇ
ਦੁੰਮ-ਛੱਲੇ ਤੇ ਜੋਟੀਦਾਰ

ਮੈਂ 'ਸਰਵ ਸ਼ਕਤੀਮਾਨ'
ਮਿਟਾਉਣ ਤੁਰਿਆ ਹਾਂ
ਆਤੰਕਵਾਦ ਦਾ ਖੁਰਾ ਖੋਜ
ਝੰਡਾ ਗੱਡਣ ਲਈ
'ਵਿਸ਼ਵ ਸ਼ਾਂਤੀ' ਦੀ
ਵਿਸ਼ਵ ਜਿੱਤ ਦਾ।



## 2. ਨਵੇਂ ਜ਼ਖ਼ਮ

ਇੱਥੇ
ਬੜੀਆਂ ਭਾਰੀ ਭਰਕਮ ਬਿਲਡਿੰਗਾਂ ਨੇ
ਅਸਮਾਨ ਛੂੰਹਦੀਆਂ
ਧਸੀਆਂ ਧਰਤ ਦੇ ਗਰਭ ਤੱਕ
ਇਨ੍ਹਾਂ ਬਿਲਡਿੰਗਾਂ ਦੇ ਪਾਰ ਝਾਕਣ ਲਈ
ਮੈਂ ਜਦ ਵੀ ਸਿਰ ਉਤਾਂਹ ਚੁੱਕਦਾ ਹੈ
ਜਵਾਨ ਸੁਫ਼ਨਿਆਂ ਦੇ ਜ਼ਿੰਦਾ ਕਲਾਊਨ
ਪੁੱਠੇ ਆ ਲਟਕਦੇ ਹਨ ਜ਼ਿਹਨ ਵਿਚ
ਟਕਰਾ ਕੇ ਪਰਤ ਆਉਂਦੀ ਹੈ
ਆਪਣੀ ਹੀ ਆਵਾਜ਼
ਬੇਸੁਰੇ ਬੰਸਰੀ-ਵਾਦਨ ਵਾਂਗ
ਅੱਖਾਂ ਵਿਚ ਉਤਰ ਆਉਂਦੀ ਏ
ਤੀਹ ਵਰ੍ਹੇ ਖੁਦ ਹੰਢਾਈ
ਆਪਣੀ ਹੀ ਸਿੱਖਿਆ
ਕਾਲੇ ਮੋਤੀਏ ਵਾਂਗ

ਇਨ੍ਹਾਂ ਬਿਲਡਿੰਗਾਂ ਤੋਂ ਬਹੁਤ ਉਰੇ
ਮੇਰੇ ਜ਼ਿਹਨ ਵਿਚ
ਸਿਖਿਆ ਤੇ ਅਮਲ ਗੁਥਮ ਗੁੱਥਾ ਹਨ
ਸਿਖਿਆ. ਖਰਾ ਸਿੱਧ ਕਰਨ ਲਈ
ਆਪਣੀ ਹੋਂਦ ਦਾ ਸੱਚ
ਅਮਲ, ਕਰਨ ਲਈ ਬਿਆਨ
ਆਪਣੀ ਹਰ ਮੁਸ਼ਕਿਲ

ਗਾਉਂਦਾ ਏ ਜ਼ਖਮੀ ਅਤੀਤ
ਹਾਲੇ ਤੱਕ, ਕੁੱਲੀਆਂ ਦੇ ਗੀਤ

*—3508 Agate dr 11, Santa Clara,*
*CA 95051, USA*

ਵਾਘਿਓਂ ਪਾਰ

## ਇਕ ਨਜ਼ਮ ਰਹਿ ਗਈ ਸੀ

*—ਵਜਾਹਤ ਮਹਿਮੂਦ*

ਚੰਗਾ ਲੋਕ ਤੇ ਭੈੜਾ ਵੇਲਾ
ਮੈਂ ਅਨਭੋਲ
ਉਮਰਾਂ ਬੱਧਾਂ ਸ਼ੱਕ ਲਗਾਣ
ਚੰਗਾ ਕੀਤਾ ਦੁਨੀਆਂਦਾਰੀ ਕੋਈ ਨਾ ਸਿੱਖੀ
ਆ ਕੇ ਬੈਠੇ,
ਸਿਗਰਟ ਪੀਤਾ
ਵੇਲਾ ਆਇਆ ਉੱਠ ਕੇ ਟੁਰ ਪਏ
ਰੰਗ ਤਮਾਸ਼ਾ ਦੂਰੋਂ ਤੱਕਿਆ
ਜੀ ਪਰਚਾਇਆ
ਵਾਂਗ ਯਤੀਮਾਂ, ਟੱਪਰੀ ਵਾਸਾਂ
ਨੇੜੇ ਹੋ ਕੇ ਕੀ ਕਰਨਾ ਸੀ
ਏਥੇ ਕਿਹੜਾ ਬਹਿ ਰਹਿਣਾ ਸੀ
ਸੱਜਣੋ, ਮਿੱਤਰੋ
ਜੀ ਮੰਨੇ ਤੇ ਰੱਜ ਕੇ ਜੀਣਾ
ਰੰਗ ਮਨਾਣਾ
ਪੰਖ ਪੰਖੇਰੂ ਬਣ ਕੇ ਉਡਣਾ
ਦੁਨੀਆ ਏਨੀ ਮਾੜੀ ਨਹੀਂ ਸੀ
ਸਾਡੇ ਨਾਲ ਤੇ ਹੱਥ ਹੋਇਆ ਸੀ
ਥਾਂ ਤੇ ਵੇਲਾ ਰਾਸ ਨਹੀਂ ਆਏ
ਆ ਕੇ ਬੈਠੇ
ਸਿਗਰਟ ਪੀਤੀ
ਵੇਲਾ ਆਇਆ ਉਠ ਕੇ ਟੁਰ ਪਏ।

## ਝੂਠ ਸੱਚ / ਜ਼ਫ਼ਰ ਇਕਬਾਲ

ਓਸ ਸ਼ਾਮ ਜਦ ਉਸਦੇ ਮੇਰੇ ਘਰੀਂ ਉਤਾਰੇ ਹੋਏ ਸਨ
ਆਪ ਮਧੋਲਿਆ ਹੋਇਆ, ਕੱਪੜੇ ਬੂ ਦੇ ਮਾਰੇ ਹੋਏ ਸਨ
ਸ਼ੇਵ ਤੇ ਸੱਜਰੀ ਕੀ ਕਰਨੀ ਸੀ, ਮੁੱਛਾਂ ਵੀ ਨਹੀਂ ਰੰਗੀਆਂ ਸਨ
ਆਪਣੀਆਂ ਇਹ ਤਰਜ਼ਾਂ ਮੇਰੇ ਆਪਣੇ ਭਾਣੇ ਚੰਗੀਆਂ ਸਨ
ਝੱਲ ਵੀ ਨਹੀਂ ਸੀ ਕੁੱਟਿਆ, ਕੋਈ ਕਿੱਸਾ ਵੀ ਨਹੀਂ ਛੋਹਿਆ ਸੀ
ਮੈਂ ਆਪਣੀ ਅਸਲੀ ਹਾਲਤ ਵਿਚ ਉਸ ਦੇ ਸਾਹਮਣੇ ਹੋਇਆ ਸੀ।

## ਦੁਆ / ਅਹਿਸਾਨ ਬਾਜਵਾ

ਖੂਹਾਂ ਦੇ ਵਿਚ ਪਿੱਪਲ ਉਗੇ
ਥਾਂ ਥਾਂ ਵਗਦੇ ਖੂਹ
ਜਾਨ ਦੇ ਬਦਲੇ ਵੀ ਨਾ ਦੇਵਾਂ
ਜੰਨਤਾਂ ਵਰਗੀ ਜੂਹ
ਵੀਰਾਂ, ਭੈਣਾਂ ਵਾਂਗੂੰ ਮਿਲਦੇ
ਰਾਵੀ ਅਤੇ ਚਿਨਾਬ
ਸ਼ਾਲਾ ਇਹਨੂੰ ਨਜ਼ਰ ਨਾ ਲੱਗੇ
ਵੱਸਦਾ ਰਵੇ ਪੰਜਾਬ। (ਪੰਚਮ-ਲਾਹੌਰ)

# ਉੱਤਰ ਆਧੁਨਿਕਤਾ ਦੀ ਅਸਲੀਅਤ / *ਰਾਮਸੁਜਾਨ ਅਮਰ*

ਪੱਛਮੀ ਬੌਧਿਕ ਸੰਸਾਰ ਵਿੱਚ ਕੁਝ ਸਾਲਾਂ ਤੋਂ ਇਕ ਸ਼ਬਦ ਵਧੇਰੇ ਹੀ ਨੱਚ-ਟੱਪ ਰਿਹਾ ਹੈ। ਉਹ ਸ਼ਬਦ ਹੈ ਉੱਤਰਆਧੁਨਿਕਤਾ। ਉੱਤਰਆਧੁਨਿਕਤਾ ਨੂੰ ਅੱਜ ਦੇ ਸਭ ਤੋਂ ਮਹੱਤਵਪੂਰਣ ਦਰਸ਼ਨ-ਚਿੰਤਨ ਦੇ ਰੂਪ ਵਿੱਚ ਪ੍ਰਚਾਰਿਆ ਜਾ ਰਿਹਾ ਹੈ। ਅਨੇਕਾਂ ਸਮਕਾਲੀਨ ਪੱਛਮੀ ਬੁੱਧੀਜੀਵੀਆਂ ਦੇ ਵੱਖ-ਵੱਖ ਵਿਚਾਰਾਂ ਦੇ ਤਾਲ ਮੇਲ ਨੂੰ ਇਹ ਨਾਮ ਦਿੱਤਾ ਗਿਆ ਹੈ ਅਤੇ ਇਸ ਨੂੰ ਸਾਰੀ ਦੁਨੀਆਂ ਦਾ ਚਿੰਤਨ ਬਣਾ ਕੇ ਪੇਸ਼ ਕਰਨ ਦੀ ਭਰਪੂਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੱਛਮੀ ਵਿਚਾਰ-ਖੇਤਰ ਨੂੰ ਤਾਂ ਇਕ ਹੱਦ ਤੱਕ ਇਸ ਨੇ ਆਪਣੀ ਲਪੇਟ ਵਿਚ ਲੈ ਵੀ ਲਿਆ ਹੈ। ਉਥੇ ਸਾਹਿਤ, ਸੰਸਕ੍ਰਿਤੀ, ਇਤਿਹਾਸ ਆਦਿ ਦੇ ਖੇਤਰਾਂ ਵਿੱਚ ਉਤਰਆਧੁਨਿਕਤਾ ਦਾ ਡੰਕਾ ਸੁਣਾਈ ਦੇ ਰਿਹਾ ਹੈ ਅਤੇ ਤੀਸਰੀ ਦੁਨੀਆਂ ਦੇ ਅਨੇਕਾਂ ਬੁੱਧਜੀਵੀ ਵੀ 'ਗਿਆਨ' ਦੀਆਂ ਇਨ੍ਹਾਂ ਲਪਟਾਂ ਵਲ ਲਲਚਾਈਆਂ ਨਜ਼ਰਾਂ ਨਾਲ ਦੇਖ ਰਹੇ ਹਨ। ਹੁਣ ਹਿੰਦੁਸਤਾਨ ਵੀ ਇਸ ਤੋਂ ਅਛੂਤਾ ਨਹੀਂ ਹੈ। ਅਜਿਹੀ ਸਥਿਤੀ ਵਿਚ ਇਹ ਦੇਖਣਾ ਬਹੁਤ ਜ਼ਰੂਰੀ ਹੈ ਕਿ ਉੱਤਰਆਧੁਨਿਕਤਾ ਦੇ ਇਤਿਹਾਸ ਪ੍ਰਤਿ ਦ੍ਰਿਸ਼ਟੀਕੋਣ ਉਪਰ ਵਿਚਾਰ ਕਰਨਾ ਸਭ ਤੋਂ ਵਧੇਰੇ ਪ੍ਰਾਸੰਗਿਕ ਹੋਵੇਗਾ ਕਿਉਂਕਿ ਅਜਿਹਾ ਕਰਨ ਨਾਲ ਜੀਵਨ ਤੇ ਚਿੰਤਨ ਦੇ ਤਮਾਮ ਖੇਤਰਾਂ ਵੱਲ ਉਸਦੇ ਨਜ਼ਰੀਏ ਨੂੰ ਸਮਝਿਆ ਜਾ ਸਕਦਾ ਹੈ। ਆਖਿਰ ਸਭ ਕੁਝ ਵਾਪਰਦਾ ਤਾਂ ਇਤਿਹਾਸ ਦੇ ਅੰਦਰ ਹੀ ਹੈ। ਪਰ ਨਹੀਂ, ਇਥੇ ਹੀ ਅਸੀਂ ਉੱਤਰਆਧੁਨਿਕਤਾ ਦੀ ਦ੍ਰਿਸ਼ਟੀ ਤੋਂ ਗਲਤ ਹੋ ਗਏ। ਅੱਜ ਤੱਕ ਅਸੀਂ ਜੋ ਵੀ ਜਾਣਿਆ-ਪੜ੍ਹਿਆ-ਸਮਝਿਆ ਹੈ, ਉਹ ਸਭ ਕੁਝ ਬੇਕਾਰ ਹੈ; ਇਸ ਲਈ ਆਉ ਅਸੀਂ ਗਿਆਨ ਦਾ, ਵਿਚਾਰ ਦਾ, ਇਤਿਹਾਸ ਦਾ, ਇਕ ਨਵਾਂ "ਉੱਤਰਆਧੁਨਿਕ ਪਾਠ" ਪੜ੍ਹੀਏ।

ਉੱਤਰਆਧੁਨਿਕਤਾ ਦੇ ਇਕ ਆਧਾਰਸਤੰਭ ਫਰਾਂਸੀਸੀ ਸਿਧਾਂਤਕਾਰ ਜਾਂ ਫਰਾਂਕਵਾ ਲਿਉਤਾਰ ਉੱਤਰਆਧੁਨਿਕਤਾ ਨੂੰ ਪਰਿਭਾਸ਼ਿਤ ਕਰਦਿਆਂ ਹੋਇਆਂ ਕਹਿੰਦਾ ਹੈ ਕਿ ਇਹ "ਮਹਾਂ ਬ੍ਰਿਤਾਂਤਾਂ ਦੇ ਪ੍ਰਤਿ ਇਕ ਅਵਿਸ਼ਵਾਸ ਹੈ।" ਲਿਉਤਾਰ ਦੀ ਚਿੰਤਨ ਪ੍ਰਣਾਲੀ ਵਿੱਚ "ਮਹਾਂਬ੍ਰਿਤਾਂਤ" ਇਤਿਹਾਸ ਦਾ ਹੀ ਦੂਸਰਾ ਨਾਮ ਹੈ। ਇਸ ਤਰ੍ਹਾਂ ਇਤਿਹਾਸ ਨੂੰ ਨਿਸ਼ਾਨਾ ਬਣਾ ਕੇ ਹੀ ਉੱਤਰਆਧੁਨਿਕਤਾ ਦੀ ਸ਼ੁਰੂਆਤ ਹੁੰਦੀ ਹੈ। ਇਸ 'ਤੇ ਸਵਾਲ ਉਠ ਸਕਦਾ ਹੈ ਕਿ ਜੇਕਰ ਇਤਿਹਾਸ ਹੈ ਹੀ ਨਹੀਂ ਤਾਂ ਜੋ ਕੁਝ ਹੁਣ ਤੱਕ ਸਾਡੇ ਸਾਹਮਣੇ ਰਿਹਾ ਹੈ ਉਹ ਕੀ ਹੈ? ਇਸਦਾ ਜਵਾਬ ਉੱਤਰਆਧੁਨਿਕਤਾ ਦੇ ਦੂਸਰੇ ਨਾਇਕ ਜਾਕ ਦੇਰੀਦਾ ਤੋਂ ਸੁਣੋ। "ਹਰ ਚੀਜ਼ ਮਹਿਜ਼ ਸ਼ਬਦਾਂ ਦਾ ਜੋੜ ਹੈ, ਹਰ ਚੀਜ਼ ਵਿਮਰਸ਼ (ਡਿਸਕੋਰਸ) ਜਾਂ ਪਾਠ ਹੈ। ਭਾਸ਼ਾ ਜੋ ਅਰਥਾਂ ਦਾ ਅਨੰਤ ਖੇਲ੍ਹ ਹੈ, ਦੇ ਬਾਹਰ ਕਿਸੇ ਵੀ ਚੀਜ਼ ਦੀ ਹੋਂਦ ਨਹੀਂ ਹੈ। ਕਿਉਂਕਿ ਅਸੀਂ ਸਿਰਫ ਤੇ ਸਿਰਫ ਭਾਸ਼ਾ ਰਾਹੀਂ ਹੀ ਦੁਨੀਆ ਨੂੰ ਸਮਝਦੇ ਹਾਂ, ਇਸ ਲਈ ਹਰ ਚੀਜ਼ ਇਕ ਪਾਠ ਹੈ। ਇਸ ਦਾ ਮਤਲਬ ਇਹ ਹੋਇਆ ਕਿ ਲੇਖਕ ਦੇ ਆਪਣੇ ਲਿਖੇ ਦਾ ਕਦੇ ਵੀ ਕੋਈ ਨਿਸਚਿਤ ਅਰਥ ਨਹੀਂ ਹੋ ਸਕਦਾ ਕਿਉਂਕਿ ਹਰ ਪੜ੍ਹਤ ਤੋਂ ਬਾਦ ਕਿਸੇ ਪਾਠ ਦਾ ਅਰਥ ਬਦਲ ਜਾਂਦਾ ਹੈ। ਇਸ ਵਿਚ ਪਾਠਕ ਆਪਣੇ ਅਰਥ ਪਾਉਂਦੇ ਹਨ ਅਤੇ ਨਿਯਮ ਅਨੁਸਾਰ ਸਾਰੇ ਅਰਥ ਬਰਾਬਰ ਦੇ ਸਹੀ ਹਨ। ਇਸ ਆਧਾਰ 'ਤੇ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਹ ਅਰਥਾਂ ਦੀ ਬਹੁਲਤਾ ਲੋਕਤੰਤਰਾਤਮਿਕਤਾ ਦਾ ਸਵੀਕਾਰ ਤੇ ਵਿਸਤਾਰ ਹੈ। ਪਰੰਤੂ ਬਹੁਅਰਥਤਾ ਨੂੰ ਜ਼ਰੂਰੀ ਦੱਸ ਕੇ ਉੱਤਰਆਧੁਨਿਕਤਾ ਸੰਸਕ੍ਰਿਤੀ, ਸਾਹਿਤ, ਇਤਿਹਾਸ ਆਦਿ ਵਿੱਚ ਇਕ ਤਰ੍ਹਾਂ ਦੀ ਅਰਾਜਕਤਾ ਅਤੇ ਵਿਅਰਥਤਾ ਦਾ ਦਰਸ਼ਨ ਘੜ ਰਹੀ ਹੈ। ਇਥੇ ਵਸਤੂਨਿਸ਼ਠਤਾ ਅਤੇ ਭੌਤਿਕ ਸੱਚ ਦੀ ਧਾਰਨਾ



ਨੂੰ ਨਕਾਰਨ ਦੀ ਕੋਸ਼ਿਸ਼ ਹੈ। ਸਮਝਿਆ ਜਾ ਸਕਦਾ ਹੈ ਕਿ ਇਤਿਹਾਸ ਦੇ ਸੰਦਰਭ ਵਿੱਚ ਪਾਠ ਦੇ ਅਨੰਤ ਅਰਥ ਦੀ ਸਵੀਕ੍ਰਿਤੀ ਕੀ ਚੰਦ ਚਾੜ੍ਹ ਸਕਦੀ ਹੈ। ਜਦਕਿ ਇਤਿਹਾਸ, ਪ੍ਰਮਾਣ ਤੇ ਵਿਸ਼ਲੇਸ਼ਣ ਰਾਹੀਂ ਸੱਚ ਤੱਕ ਪਹੁੰਚਣ ਦਾ ਇਕ ਇਮਾਨਦਾਰ ਯਤਨ ਹੈ। ਪ੍ਰਸਿੱਧ ਅਮਰੀਕੀ ਇਤਿਹਾਸਕਾਰ ਲਾਰੈਂਸ ਸਟੋਨ ਨੇ ਬਿਲਕੁਲ ਠੀਕ ਕਿਹਾ ਹੈ ਕਿ, "ਜੇ ਪਾਠ ਤੋਂ ਬਾਹਰ ਕੁਝ ਵੀ ਨਹੀਂ ਹੈ ਤਾਂ ਹੁਣ ਤੱਕ ਜਿਸ ਰੂਪ ਵਿੱਚ ਇਤਿਹਾਸ ਨੂੰ ਅਸੀਂ ਦੇਖਿਆ ਹੈ, ਉਹ ਚਰਮਰਾ ਕੇ ਡਿੱਗ ਪੈਂਦਾ ਹੈ ਅਤੇ ਸਿਰੇ ਦੀ ਕਲਪਨਾ ਵਿਚ ਫਰਕ ਮਿਟ ਜਾਂਦਾ ਹੈ।"

"ਤੱਥ ਅਤੇ ਕਪੋਲ ਕਲਪਨਾ ਵਿਚ ਫਰਕ ਮਿਟਾਉਣ" ਦੇ ਇਸ ਉੱਤਰਆਧੁਨਿਕਤਾਵਾਦੀ ਅੰਦੋਲਨ ਨੂੰ ਹੋਰ ਬਹੁਤ ਸਾਰੇ ਬੁੱਧੀਜੀਵੀਆਂ ਨੇ ਅੱਗੇ ਵਧਾਇਆ ਹੈ ਅਤੇ ਆਪਣੀ ਇਕ ਚਮਤਕਾਰੀ "ਇਤਿਹਾਸ ਦ੍ਰਿਸ਼ਟੀ" ਪੇਸ਼ ਕੀਤੀ ਹੈ। ਉੱਤਰਆਧੁਨਿਕਤਾਵਾਦੀ ਇਤਿਹਾਸ ਦਰਸ਼ਨ ਦਾ ਇਕ "ਸਟੈਂਡਰਡ ਵਿਚਾਰਕ" ਡਚ ਦਾਰਸ਼ਨਿਕ ਫਰੈਂਕ ਐਂਕਰਸਮਿਟ ਕਹਿੰਦਾ ਹੈ, "ਇਤਿਹਾਸ ਹੁਣ ਸਾਡੇ ਜੀਵਨ ਦੇ ਵਿਭਿੰਨ ਪੜਾਵਾਂ ਵਿਚ ਜੋ ਕੁਝ ਸਾਡੇ ਨਾਲ ਵਾਪਰਿਆ ਹੈ, ਉਸ ਦੀ ਪੁਨਰ-ਰਚਨਾ ਨਹੀਂ ਹੈ ਬਲਕਿ ਉਸਦੀ ਯਾਦ ਵਿਚ ਇਕ ਲਗਾਤਾਰ ਖੇਡ ਹੈ। ਅਤੀਤ ਦੇ ਯਥਾਰਥ ਦੀ ਖੋਜ ਅਤੇ ਉਸਦੀ ਵਿਗਿਆਨਿਕ ਪੁਨਰ-ਰਚਨਾ ਦੀ ਇੱਛਾ ਤੋਂ ਪ੍ਰੇਰਤ ਹੋ ਕੇ ਅਤੀਤ ਦੀ ਵਿਸਤ੍ਰਿਤ ਛਾਣਬੀਣ ਕਰਨਾ ਹੁਣ ਸਾਡੇ ਇਤਿਹਾਕਾਰਾਂ ਦਾ ਕੰਮ ਵਿਵਾਦ ਰਹਿਤ ਨਹੀਂ ਹੈ।...ਸਮਾਂ ਆ ਗਿਆ ਹੈ ਕਿ ਅਸੀਂ ਅਤੀਤ ਦੇ ਸੰਬੰਧ ਵਿੱਚ "ਕਲਪਨਾ ਕਰੀਏ", ਨਾ ਕਿ ਉਸਦੀ "ਛਾਣਬੀਣ ਕੀਤੀ ਜਾਵੇ।" ਇਸ ਤਰ੍ਹਾਂ ਇਤਿਹਾਸ ਨੂੰ ਬਾਹਰਮੁਖੀ ਜਾਂਚ ਪੜਤਾਲ ਦੀ ਜਗਾਹ ਸਿਰਫ "ਕਲਪਨਾ ਕਰਨਾ" ਹੀ ਦੱਸ ਕੇ ਉੱਤਰਆਧੁਨਿਕਤਾ ਉਸ ਨੂੰ "ਬੁਨਿਆਦੀ ਚੁਨੌਤੀ" ਦੇਣ ਦਾ ਦਾਅਵਾ ਕਰਦੀ ਰਹੀ ਹੈ। ਇਸੇ ਕੜੀ ਵਿੱਚ ਅਨੇਕਾਂ ਉੱਤਰਆਧੁਨਿਕਤਾਵਾਦੀ ਵਿਚਾਰਕ ਇਤਿਹਾਸ ਨੂੰ 'ਤੱਥਾਂ' ਤੋਂ "ਮੁਕਤ" ਕਰਕੇ ਕਲਪਨਾ ਲੋਕ ਦਾ ਵਾਸੀ ਬਣਾ ਰਹੇ ਹਨ। ਕਾਰਣਾਂ ਦੀ ਖੋਜ ਦੀ ਜਗਾਹ ਜਿਸਨੂੰ "ਪੁਰਾਣੇ" ਇਤਿਹਾਸ ਦਾ ਆਧਾਰ ਮੰਨਿਆ ਜਾਂਦਾ ਹੈ-ਇਤਿਹਾਸ ਨੂੰ ਹੁਣ ਭਾਸ਼ਾਈ ਬਾਜ਼ੀਗਿਰੀ ਵਿੱਚ ਬਦਲਿਆ ਜਾ ਰਿਹਾ ਹੈ। ਇਤਿਹਾਸ ਨੂੰ ਅਨੇਕ ਵਿਮਰਸ਼ਾਂ ਵਿਚੋਂ ਮਹਿਜ਼ ਇਕ ਵਿਮਰਸ਼ ਸਾਬਤ ਕੀਤਾ ਜਾ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ "ਆਪਣੇ ਆਪਣੇ ਪਰਿਪੇਖ ਦੇ ਸਾਪੇਖ ਇਕ ਹੀ ਘਟਨਾ ਦੇ ਸੰਬੰਧ ਵਿਚ ਉਲਟ ਗੱਲਾਂ ਸੱਚ ਹੋ ਸਕਦੀਆਂ ਹਨ।" ਇਕ ਪਰਿਪੇਖ ਦੇ ਸਾਪੇਖ ਇਹ ਵੀ ਸੱਚ ਹੋ ਸਕਦਾ ਹੈ ਕਿ ਨਾਜ਼ੀ ਗੈਸ ਚੈਂਬਰ ਸੀ ਹੀ ਨਹੀਂ। ਇਸੇ ਸਾਪੇਖਤਾਵਾਦ ਦੇ ਸਹਾਰੇ ਉੱਤਰਆਧੁਨਿਕਤਾਵਾਦੀਆਂ ਰਾਹੀਂ ਇਤਿਹਾਸ ਦੇ ਸੰਬੰਧ ਵਿਚ ਅਜੀਬੋਗਰੀਬ ਫਤਵੇ ਦਿੱਤੇ ਜਾ ਰਹੇ ਹਨ। ਪੈਟ੍ਰਿਕ ਜਾਯਸ ਦਸਦਾ ਹੈ ਕਿ "ਕਾਲ ਇਕ ਕਾਲਪਨਿਕ ਸਿਰਜਣਾ" ਹੈ। ਰੋਲਾਂ ਬਾਰਥ ਐਲਾਨ ਕਰਦਾ ਹੈ ਕਿ ਸਾਰੀ ਦੁਨੀਆਂ ਇਕ ਪਾਠ ਹੈ, ਮਿਸ਼ੇਲ ਫੂਕੋ ਕਹਿੰਦਾ ਹੈ ਕਿ ਇਤਿਹਾਸ ਪ੍ਰਮਾਣ ਜਾਂ ਤੱਥ ਦੀ ਉਪਜ ਨਹੀਂ ਹੈ, ਬਲਕਿ ਕਾਬਿਜ਼ ਸੱਤਾ ਵਿਮਰਸ਼ ਦੀ "ਵਿਚਾਰਕ ਉਪਜ" ਹੈ। ਹੈਂਸਕੈਲਨਰ ਚਾਹੁੰਦਾ ਹੈ ਕਿ ਇਤਿਹਾਸਕਾਰ ਅਜਿਹਾ ਵਰਤਾਅ ਕਰਨਾ ਬੰਦ ਕਰ ਦੇਵੇ ਮਾਨੋ ਉਹ ਉਨ੍ਹਾਂ ਚੀਜ਼ਾਂ ਦੀ ਛਾਣ-ਬੀਣ ਕਰ ਰਹੇ ਹਨ ਜੋ ਵਾਸਤਵ ਵਿਚ ਵਾਪਰੀਆਂ ਸਨ। ਡਾਇਨੀ ਪਰਕੋਸ ਦੀ ਸਿਖਿਆ ਹੈ ਕਿ ਸਾਨੂੰ ਇਸ ਗੱਲ ਦੀ ਪਰਵਾਹ ਕੀਤੇ ਬਗੈਰ ਕਿ ਉਹ ਸੱਚ ਹਨ ਕਿ ਨਹੀਂ, ਕਹਾਣੀਆਂ ਕਹਿਣੀਆਂ ਚਾਹੀਦੀਆਂ ਹਨ। ਫਰੈਂਕ ਐਂਕਰਸਮਿਟ ਦਾਅਵਾ ਕਰਦਾ ਹੈ ਕਿ ਅਤੀਤ ਦੇ ਸੰਬੰਧ ਵਿਚ ਕੁਝ ਵੀ ਨਹੀਂ ਜਾਣਿਆ ਜਾ ਸਕਦਾ ਅਤੇ ਕੀਥ ਜੈਨਕਿਨਸ ਬੜੇ "ਵਿਸ਼ਵਾਸ" ਨਾਲ ਐਲਾਨ ਕਰਦਾ ਹੈ ਕਿ "ਇਤਿਹਾਸ ਦੀ ਆਧੁਨਿਕ ਧਾਰਨਾ ਦਾ ਅੰਤ ਆ ਗਿਆ ਹੈ।"

ਇਨ੍ਹਾਂ ਸਾਰੇ ਐਲਾਨਾਂ ਦਾ ਇੱਕ ਹੀ ਮਤਲਬ ਹੈ ਕਿ ਮੁਢਲੇ ਸੋਮਿਆਂ ਦੀ ਕਠੋਰ ਛਾਣਬੀਣ ਉਤੇ ਅਧਾਰਿਤ ਵਿਗਿਆਨਿਕ ਇਤਿਹਾਸ ਦੀ ਧਾਰਨਾ ਦਾ ਅੰਤ। ਉੱਤਰਆਧੁਨਿਕਤਾਵਾਦੀ ਲੇਖਕਾ

ਵਲੋਂ ਇਨ੍ਹਾਂ "ਮਾਨਸਿਕ" ਅਤੇ "ਭਾਸ਼ਾਈ" ਉਡਾਨਾਂ ਦੇ ਆਧਾਰ ਤੇ ਇਸ ਗੱਲ ਤੋਂ ਸਦਾ ਇਨਕਾਰ ਕੀਤਾ ਜਾ ਰਿਹਾ ਹੈ ਕਿ ਇਤਿਹਾਸਕ ਸੱਚਾਈ ਜਾਂ ਵਸਤੂਨਿਸ਼ਠਤਾ ਨਾਂ ਦੀ ਵੀ ਕੋਈ ਚੀਜ਼ ਹੈ। ਜੇਕਰ ਤਥਾਕਥਿਤ ਉੱਤਰਆਧੁਨਿਕਤਾਵਾਦੀ ਦ੍ਰਿਸ਼ਟੀ ਇਤਿਹਾਸ ਦੇ ਕਿਸੇ ਅਧਿਐਨ-ਵਿਸ਼ਲੇਸ਼ਣ ਦੀ ਸੀਮਾ ਵਲ ਸੰਕੇਤ ਕਰਦੀ ਜਾਂ ਇਸ ਲਈ ਕੋਈ ਨਵੀਂ ਪੱਧਤੀ ਦੇ ਦਿੰਦੀ ਤਾਂ ਕੋਈ ਗੱਲ ਸਮਝ ਵਿਚ ਆਉਂਦੀ ਵੀ ਸੀ। ਪਰੰਤੂ ਉਹ ਤਾਂ ਇਤਿਹਾਸ ਦੇ ਜਾਇਜ਼ਾ ਹੋਣ ਤੇ ਉਸਦੀ ਹੋਂਦ ਤੋਂ ਹੀ ਇਨਕਾਰੀ ਹੈ। ਅਜਿਹਾ ਨਹੀਂ ਹੈ ਕਿ ਇਤਿਹਾਸ ਦੇ ਵਿਸ਼ਲੇਸ਼ਣ ਦੀ ਪੱਧਤੀ ਵਿਚ ਪਰਿਵਰਤਨ ਨਹੀਂ ਹੁੰਦੇ ਰਹੇ ਜਾਂ ਅੱਜ ਸਿਰਫ ਇਕ ਹੀ ਪੱਧਤੀ ਪ੍ਰਚਲਿਤ ਹੈ। ਪਰੰਤੂ ਸਾਰੀਆਂ ਪੱਧਤੀਆਂ ਵਿੱਚ ਇਤਿਹਾਸ ਨੂੰ ਸਵੀਕਾਰ ਕੀਤਾ ਗਿਆ ਹੈ। ਦੋ ਬ੍ਰਿਟਿਸ਼ ਇਤਿਹਾਸਕਾਰਾਂ ਈ.ਐਚ. ਕਾਰ (ਵਟ ਇਜ਼ ਹਿਸਟਰੀ-1961) ਅਤੇ ਜੀ ਆਰ ਐਲਟਨ (ਦਾ ਪ੍ਰੈਕਟਿਸ ਆਫ ਕਰਿਟੀ ਸੇਜ਼ਮ-1967) ਦੀਆਂ ਦ੍ਰਿਸ਼ਟੀਆਂ ਬੜੀਆਂ ਮਹੱਤਵਪੂਰਨ ਹਨ ਅਤੇ ਮਾਰਕਸਵਾਦੀ ਪੱਧਤੀ ਨੇ ਵਿਆਪਕ ਮਾਨਤਾ ਹਾਸਿਲ ਕੀਤੀ ਹੈ। ਈ ਐਚ. ਕਾਰ ਨੇ ਅਤੀਤ ਵਲ ਸਮਾਜਵਾਦੀ ਦ੍ਰਿਸ਼ਟੀਕੋਣ ਦੀ ਵਕਾਲਤ ਕੀਤੀ। ਜਦ ਕਿ ਜੀ ਅ ਰਯ ਐਲਟਨ ਨੇ ਕਿਹਾ ਕਿ ਇਤਿਹਾਸ ਦੇ ਕਿਸੇ ਵੀ ਗੰਭੀਰ ਅਧਿਐਨ ਲਈ ਰਾਜਨੀਤਕ ਘਟਨਾਵਾਂ ਦਾ ਵਰਣਨ ਪ੍ਰਮੁੱਖ ਤੌਰ ਤੇ ਹੋਣਾ ਚਾਹੀਦਾ ਹੈ। ਮਾਰਕਸਵਾਦੀ ਦ੍ਰਿਸ਼ਟੀ ਪੈਦਾਵਾਰੀ ਵਿਧੀਆਂ ਅਤੇ ਉਤਪਾਦਨ ਸੰਬੰਧਾਂ ਦੇ ਆਧਾਰ ਤੇ ਇਤਿਹਾਸਕ ਵਿਸ਼ਲੇਸ਼ਣ ਕਰਦੀ ਹੈ। ਇਨ੍ਹਾਂ ਤੌਰ ਤਰੀਕਿਆਂ ਵਿੱਚ ਅੰਤਰ ਹੋ ਸਕਦੇ ਹਨ ਪਰ ਉਦੇਸ਼ ਵਸਤੂਨਿਸ਼ਠ ਸੱਚ ਦੀ ਖੋਜ ਹੀ ਹੈ। ਇਹ ਠੀਕ ਹੈ ਕਿ ਇਸ ਖੋਜ ਤੇ ਇਤਿਹਾਸਕਾਰ ਦੇ ਵਿਚਾਰ ਅਤੇ ਵਿਚਾਰਧਾਰਾ ਦਾ ਪ੍ਰਭਾਵ ਪੈਂਦਾ ਹੈ। ਪਰ ਇਸਦਾ ਮਤਲਬ ਇਹ ਨਹੀਂ ਕਿ ਵਸਤੂਨਿਸ਼ਠਤਾ ਨੂੰ ਫਾਲਤੂ ਕਰਾਰ ਦੇ ਕੇ ਇਤਿਹਾਸ ਨੂੰ ਤਥਾਕਥਿਤ ਉੱਤਰਆਧੁਨਿਕਤ ਪਾਠ ਅਤੇ ਗਲਪ ਵਿਚ ਬਦਲ ਦਿੱਤਾ ਜਾਵੇ।

ਉੱਤਰਆਧੁਨਿਕਤਾ ਦੀ ਇਸ "ਇਤਿਹਾਸ ਦ੍ਰਿਸ਼ਟੀ' ਦੇ ਖੋਖਲੇਪਣ ਅਤੇ ਖਤਰੇ ਦੋਨਾਂ ਉਪਰ ਅਨੇਕ ਪ੍ਰਸਿੱਧ ਇਤਿਹਾਸਕਾਰਾਂ ਦਾ ਧਿਆਨ ਗਿਆ ਹੈ। ਜੀ.ਆਰ. ਐਲਟਨ ਨੇ ਆਪਣੀ ਮੌਤ ਤੋਂ ਥੋੜ੍ਹੇ ਦਿਨ ਪਹਿਲਾਂ ਹੀ 1991 ਵਿੱਚ ਇਤਿਹਾਸ ਸੰਬੰਧੀ "ਉੱਤਰਆਧੁਨਿਕ ਵਿਚਾਰਾਂ ਨੂੰ 'ਖਤਰਨਾਕ' 'ਵਿਨਾਸ਼ਕ' 'ਬਕਵਾਸ' ਅਤੇ ਅਰਥਹੀਣ ਕਹਿ ਕੇ ਖਾਰਿਜ ਕੀਤਾ ਸੀ। ਉਸਨੇ ਵਿਸਤ੍ਰਿਤ ਵਿਸ਼ਲੇਸ਼ਣ ਕਰਦਿਆਂ ਹੋਇਆਂ ਐਲਾਨ ਕੀਤਾ ਕਿ "ਪੂਰਣ ਸਾਪੇਖਤਾਵਾਦ ਇਕ ਬਿਲਕੁਲ ਗਲਤ ਸਿਧਾਂਤ ਹੈ, ਇਹ ਇਕ ਸਾਰ-ਰਹਿਤ ਸ਼ੂਨਯਵਾਦ ਹੈ।" ਵਾਮਪੰਥੀ ਉਦਾਰ ਇਤਿਹਾਸਕਾਰ ਲਾਰੰਸ ਸਟੋਨ ਨੇ ਉੱਤਰਆਧੁਨਿਕਤਾਵਾਦੀ "ਬੌਧਿਕ ਅਸਭਿਆ" ਲੋਕਾਂ ਨੂੰ ਇਤਿਹਾਸ ਦੇ ਦਰਵਾਜ਼ੇ ਉਪਰ ਹੀ ਰੋਕਣ ਦੀ ਅਪੀਲ ਕਰਦੇ ਹੋਏ ਚੇਤਾਵਨੀ ਦਿੱਤੀ ਹੈ ਕਿ ਜੇ ਕਰ ਉੱਤਰਆਧੁਨਿਕਤਾਵਾਦੀ ਅਤੇ ਪ੍ਰਭਾਵਸ਼ਾਲੀ ਲੋਕ ਸਫਲ ਹੁੰਦੇ ਹਨ ਤਾਂ "ਇਤਿਹਾਸ ਨੂੰ ਇਕ ਲੁਪਤ-ਪ੍ਰਜਾਤੀ" ਬਣਨ ਦਾ ਖਤਰਾ ਪੈਦਾ ਹੋ ਜਾਂਦਾ ਹੈ।" ਸਮਾਜਵਾਦੀ-ਵਾਮਪੰਥੀ ਇਤਿਹਾਸਕਾਰ ਰਾਫੇਲ ਸੈਮੂਅਲ ਦਾ ਕਹਿਣਾ ਹੈ ਕਿ, "ਸਮਕਾਲੀ ਚਿੰਤਨ ਵਿਚ ਵਿਖੰਡਨਵਾਦੀ ਦ੍ਰਿਸ਼ਟੀ ਤੋਂ ਇਤਿਹਾਸ ਘੱਟ-ਵੱਧ ਇਕ ਤੱਥ ਆਧਾਰਿਤ ਅਤੀਤ ਦੇ ਵਿਵਰਣ ਦੀ ਬਜਾਇ ਨਿਰੋਲ ਕਲਪਨਾ ਜਾਂ ਗਲਪ ਦੇ ਰੂਪ ਵਿਚ ਦੇਖਣ ਦੀ ਪ੍ਰਵਿਰਤੀ" ਪੈਦਾ ਹੋਈ ਹੈ। ਉਸਨੇ ਸਪੱਸ਼ਟ ਤੌਰ ਤੇ ਇਸ ਰੁਝਾਨ ਨੂੰ ਅਸਵੀਕਾਰ ਕੀਤਾ ਹੈ। ਪ੍ਰਤਿਸ਼ਠਿਤ ਬ੍ਰਿਟਿਸ਼ ਇਤਿਹਾਸਕਾਰ ਆਰਥਰ ਮਾਰਵਿਕ ਨੇ ਸਪੱਸ਼ਟ ਕੀਤਾ ਹੈ ਕਿ, "ਉੱਤਰਆਧੁਨਿਕਤਾਵਾਦੀ ਵਿਚਾਰ ਗੰਭੀਰ ਇਤਿਹਾਸ-ਅਧਿਐਨ ਲਈ ਇਕ ਖ਼ਤਰਾ ਹੈ" ਇਉਂ ਅਸੀਂ ਦੇਖ ਸਕਦੇ ਹਾਂ ਕਿ ਉੱਤਰਆਧੁਨਿਕਤਾਵਾਦ ਦੇ ਵਿਵੇਕ ਅਤੇ ਵਿਗਿਆਨ ਵਿਰੋਧੀ ਦ੍ਰਿਸ਼ਟੀਕੋਣ ਦੇ ਵਿਰੁੱਧ ਪੱਛਮ ਵਿਚ ਹੀ ਇਕ ਤਕੜਾ ਵਿਚਾਰਧਾਰਧਾਰਿਕ ਸੰਘਰਸ਼ ਅਤੇ ਜਾਗਰੂਕਤਾ ਮੌਜੂਦ ਹੈ।

ਨਿਊਯਾਰਕ ਯੂਨੀਵਰਸਿਟੀ ਦੇ ਦਰਸ਼ਨ ਸ਼ਾਸਤਰ ਦੇ ਪ੍ਰੋਫੈਸਰ ਪਾਲ ਬੋਗੋਸੀਅਨ ਨੇ "ਜੈਸੇ ਕੋ



ਤੈਸਾ" ਸ਼ੈਲੀ ਵਿੱਚ ਉੱਤਰਆਧੁਨਿਕ ਇਤਿਹਾਸ-ਦ੍ਰਿਸ਼ਟੀ ਅਤੇ ਉਸਦੇ "ਅਤਿਅੰਤ ਸਾਪੇਖਵਾਦ" ਦੇ ਬਖੀਏ ਉਧੇੜੇ ਹਨ। ਪ੍ਰੋ: ਬੋਗੋਸੀਅਨ ਦਾ ਕਹਿਣਾ ਹੈ ਕਿ ਉੱਤਰਆਧੁਨਿਕਤਾ ਅਨੁਸਾਰ ਵਸਤੂਨਿਸ਼ਠਤਾ ਦੇ ਸ਼ਬਦਜਾਲ ਦਾ ਪ੍ਰਯੋਗ ਮਹਿਜ਼ ਇਕ ਆਪਣਾ ਹੱਥ ਉੱਪਰ ਰੱਖਣ ਦਾ ਖੇਲ ਹੈ। ਇਹ "ਜਾਨਣ ਦੇ ਦੂਸਰੇ ਤਰੀਕਿਆਂ ਨੂੰ" ਖਤਮ ਕਰਨ ਦਾ ਇਕ ਸਾਧਨ ਹੈ। ਉੱਤਰਆਧੁਨਿਕਤਾ ਦਾ ਦਾਅਵਾ ਹੈ ਕਿ ਮਿੱਥਾਂ ਉਨੀਆਂ ਹੀ 'ਮੰਨਣਯੋਗ' ਹੋ ਸਕਦੀਆਂ ਹਨ ਜਿਨੇ ਪੁਰਾਤਾਤਵਿਕ ਸਿਧਾਂਤ। ਇਸ ਤਰ੍ਹਾਂ ਅਤੀਤ ਦੀ ਕਿਸੇ ਘਟਨਾ ਦੇ ਬਾਰੇ ਵਿਚ ਮਿੱਥ ਨਾਲ ਜੁੜੀ ਅਤੇ ਪੁਰਾਤਾਤਵਿਕ ਦੋਨੋਂ ਦ੍ਰਿਸ਼ਟੀਕੋਣ ਸਹੀ ਹਨ। ਪਰੰਤੂ ਪਹਿਲੀ ਨਜ਼ਰੇ ਹੀ ਇਹ ਕੁਝ ਅਸੰਭਵ ਲੱਗਦਾ ਹੈ ਕਿਉਂਕਿ ਇਹ ਦੋਨੋਂ ਇਕ ਦੂਜੇ ਨੂੰ ਕੱਟਦੇ ਹਨ। ਉੱਤਰਆਧੁਨਿਕਤਾਵਾਦੀ ਇਸਦਾ ਇਹ ਕਹਿ ਕੇ ਜਵਾਬ ਦਿੰਦੇ ਹਨ ਕਿ ਦੋਨੋਂ ਦਾਅਵੇ ਸੱਚ ਹੋ ਸਕਦੇ ਹਨ ਕਿਉਂਕਿ ਦੋਨੋਂ ਆਪਣੇ ਆਪਣੇ ਪਿਛੋਕੜ ਦੇ ਸਾਪੇਖ ਸੱਚ ਹਨ। ਇਕ ਪੁਰਾਤਾਤਵਿਕ ਨਿਯਮ ਦੇ ਸਾਪੇਖ ਅਤੇ ਦੂਸਰਾ ਮਿੱਥ ਸਿਰਜਣ ਨਿਯਮ ਦੇ ਸਾਪੇਖ ਅਤੇ ਇਉਂ ਸਾਪੇਖ ਦੇ ਬਾਹਰ ਸੱਚਾਈ ਦਾ ਸਵਾਲ ਹੀ ਨਹੀਂ ਉਠਦਾ।

ਪ੍ਰੋ: ਬੋਗੋਸਿਅਨ ਨੇ ਇਸ ਉੱਤਰਆਧੁਨਿਕਤਾਵਾਦੀ ਸਾਪੇਖਵਾਦ ਦਾ ਮੋੜਵਾਂ ਉੱਤਰ ਦਿੰਦਿਆਂ ਲਿਖਿਆ ਹੈ ਕਿ, "ਇਹ ਦ੍ਰਿਸ਼ਟੀਕੋਣ ਉੱਤਰਆਧੁਨਿਕਤਾ ਉਪਰ ਹੀ ਲਾਗੂ ਕੀਤਾ ਜਾ ਸਕਦਾ ਹੈ। ਉਦਾਹਰਣ ਲਈ ਜੇ ਇਕ ਦਾਅਵਾ ਤੇ ਉਸਦਾ ਉਲਟਾ ਦਾਅਵਾ ਦੋਨੋਂ ਸੱਚ ਹੋ ਸਕਦੇ ਹਨ, ਜੇ ਕੋਈ ਪਰਿਪੇਖ ਹੈ ਜਿਸਦੇ ਸਾਪੇਖ ਹਰੇਕ ਸੱਚ ਹੈ ਤੇ ਕਿਉਂਕਿ ਇਕ ਪਰਿਪੇਖ ਹੈ-ਯਥਾਰਥਵਾਦ-ਜਿਸਦੇ ਸਾਪੇਖ ਇਹ ਸੱਚ ਹੈ ਕਿ ਇਕ ਦਾਅਵਾ ਤੇ ਉਸਦਾ ਦੂਜਾ ਉਲਟਾ ਦਾਅਵਾ ਦੋਨੋਂ ਸੱਚ ਨਹੀਂ ਹੋ ਸਕਦੇ, ਇਸ ਲਈ ਉੱਤਰਆਧੁਨਿਕਤਾਵਾਦ ਨੂੰ ਇਹ ਸਵੀਕਾਰ ਕਰਨਾ ਪਵੇਗਾ ਕਿ ਇਹ ਆਪਣੇ ਆਪ ਵਿੱਚ ਓਨਾ ਹੀ ਸੱਚ ਹੈ ਜਿਨਾਂ ਇਸਦਾ ਉਲਟਾ-ਯਥਾਰਥਵਾਦ। ਪਰੰਤੂ ਉੱਤਰਆਧੁਨਿਕਤਾਵਾਦ ਇਸ ਨੂੰ ਸਵੀਕਾਰ ਨਹੀਂ ਕਰ ਸਕਦਾ ਕਿਉਂਕਿ ਇਸਦਾ ਸਾਰਾ ਨਜ਼ਰੀਆ ਇਸ ਗੱਲ ਉਪਰ ਟਿਕਿਆ ਹੋਇਆ ਹੈ ਕਿ ਯਥਾਰਥਵਾਦ ਝੂਠ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਉੱਤਰਆਧੁਨਿਕਤਾ ਦੀ ਉਹ ਉਕਤੀ, ਜਿਸਨੂੰ ਸੱਚ ਦੇ ਸੰਬੰਧ ਵਿਚ ਇਕ ਨਜ਼ਰੀਆ ਸਮਝਿਆ ਜਾਂਦਾ ਹੈ, ਆਪਣੇ ਆਪ ਨੂੰ ਆਪੇ ਹੀ ਨਸ਼ਟ ਕਰ ਦਿੰਦੀ ਹੈ।

ਉੱਤਰਆਧੁਨਿਕ ਸਾਪੇਖਵਾਦ ਦੀ ਇਸ ਅਤਿ ਨੂੰ ਸੰਸਾਰ ਪ੍ਰਸਿੱਧ ਇਤਿਹਾਸਕਾਰ ਐਰਕ ਹਾਕਸਬਾਮ ਨੇ ਵੀ ਵਿਚਾਰਿਆ ਹੈ। ਇਹ ਗੱਲ ਵੀ ਦਿਲਚਸਪ ਹੈ ਕਿ ਇਸ ਵਿਚਾਰ ਸਮੇਂ ਹਾਕਸਬਾਮ ਨੂੰ ਰਾਮਜਨਮਭੂਮੀ ਬਾਬਰੀ ਮਸਜਿਦ ਦਾ ਵਿਵਾਦ ਯਾਦ ਆਇਆ ਹੈ। ਉਸ ਅਨੁਸਾਰ, "ਨਿਰੋਲ ਕਲਪਨਾ ਦੇ ਰੂਪ ਵਿਚ ਇਤਿਹਾਸ ਨੂੰ ਇਕ ਨਹੀਂ ਸ਼ਕਤੀ ਉਸ ਸਿਧਾਤ ਤੋਂ ਮਿਲੀ ਹੈ ਜਿਸਨੂੰ ਅਸੀਂ ਇਕ ਅਸਪੱਸ਼ਟ ਸ਼ਬਦ ਉੱਤਰਆਧੁਨਿਕਤਾ ਦੇ ਨਾਂ ਨਾਲ ਜਾਣਦੇ ਹਾਂ। ਉੱਤਰਆਧੁਨਿਕਤਾ ਤੱਥ ਅਤੇ ਨਿਰੋਲ ਕਲਪਨਾ, ਵਸਤੂਨਿਸ਼ਠ ਸੱਚ ਅਤੇ ਕਾਲਪਨਿਕ ਵਿਮਰਸ਼ ਵਿਚ ਭੇਦ ਬਾਰੇ ਸੰਦੇਹ ਕਰਦੀ ਹੈ। ਇਹ ਅਤਿਅੰਤ ਸਾਪੇਖਵਾਦੀ ਹੈ। ਜੇ ਸੱਚ ਅਤੇ ਕਲਪਨਾ ਵਿਚ ਕੋਈ ਭੇਦ ਨਹੀਂ ਹੈ ਤਾਂ ਮੇਰਾ ਯਥਾਰਥ ਵੀ ਇਨਾ ਹੀ ਸੱਚ ਹੈ ਜਿਨ੍ਹਾਂ ਤੁਹਾਡਾ ਜਾਂ ਕਿਸੇ ਹੋਰ ਦਾ। ਇਸ ਤਰ੍ਹਾਂ ਪ੍ਰਮਾਣ ਦੀ ਲੋੜ ਹੀ ਖਤਮ ਹੋ ਗਈ। ਪਰ ਇਤਿਹਾਸ ਤਾਂ ਸੱਚਪਰਕ ਤੱਥਾਂ ਉੱਪਰ ਆਧਾਰਿਤ ਹੈ, ਨਾ ਕਿ ਮਨਘੜੰਤ ਕਥਾ ਉੱਪਰ।... ..ਰਾਜਨੀਤਕ ਜਾਂ ਵਿਚਾਰਕ ਦਾਅਵਿਆਂ ਦੀ ਇਤਿਹਾਸਕ ਸੱਚਪਰਕਤਾ ਬੇਹੱਦ ਮਹੱਤਵਪੂਰਣ ਹੈ ਜੋ ਇਤਿਹਾਸਕਤਾ ਅਜਿਹੇ ਦਾਅਵਿਆਂ ਦੀ ਬੁਨਿਆਦ ਹੈ। ਇਹ ਸਿਰਫ਼ ਰਾਜਾਂ ਜਾਂ ਸਮੂਹਾਂ ਵਲੋਂ ਧਰਤੀ ਤੇ ਦਾਅਵਿਆਂ ਲਈ ਹੀ ਸੱਚ ਨਹੀਂ ਹੈ, ਜੋ ਆਮ ਤੌਰ ਤੇ ਇਤਿਹਾਸਕ ਹੁੰਦੇ ਹਨ। ਹਿੰਦੂ ਪਾਰਟੀ ਭਾਰਤੀ ਜਨਤਾ ਪਾਰਟੀ ਵਲੋਂ ਮੁਸਲਿਮ ਵਿਰੋਧੀ ਅੰਦੋਲਨ ਨੂੰ, ਜਿਸ ਦੇ ਜਾਰੀ ਰਹਿੰਦਿਆਂ ਭਾਰਤ ਵਿੱਚ ਵੱਡੇ ਪੈਮਾਨੇ ਤੇ ਕਤਲਿਆਮ ਹੋਏ, ਇਤਿਹਾਸ ਦੇ ਆਧਾਰ ਤੇ ਸਹੀ ਠਹਿਰਾਇਆ

ਗਿਆ। ਅਯੁਧਿਆ ਲਈ ਭਗਵਾਨ ਰਾਮ ਦੀ ਜਨਮਭੂਮੀ ਹੋਣ ਦਾ ਦਾਅਵਾ ਕੀਤਾ ਗਿਆ। ਇਸ ਲਈ ਪਵਿੱਤਰ ਥਾਂ ਤੇ ਇਕ ਹਿੰਦੂ ਮੰਦਿਰ ਦੀ ਥਾਂ ਤਥਾਕਥਿਤ ਰੂਪ ਵਿੱਚ ਮੁਗਲ ਬਾਦਸ਼ਾਹ ਬਾਬਰ ਵਲੋਂ ਮਸਜਿਦ ਦੇ ਨਿਰਮਾਣ ਕਰਕੇ ਹਿੰਦੂ ਧਰਮ ਦਾ ਮੁਸਲਮਾਨਾਂ ਵਲੋਂ ਅਪਮਾਨ ਤੇ ਇਕ ਇਤਿਹਾਸਕ ਅਤਿਆਚਾਰ ਕਿਹਾ ਗਿਆ। ਇਸ ਮਸਜਿਦ ਨੂੰ ਤੋੜਨਾ ਤੇ ਇਸਦੀ ਜਗਾਹ ਇਕ ਹਿੰਦੂ ਮੰਦਿਰ ਦਾ ਨਿਰਮਾਣ ਜ਼ਰੂਰੀ ਦੱਸਿਆ ਗਿਆ। (ਅਸਲ ਵਿੱਚ ਮਸਜਿਦ ਨੂੰ 1992 ਵਿਚ ਹਿੰਦੂਆਂ ਦੀ ਉਸ ਧਰਮ ਵਿੱਚ ਅੰਨ੍ਹੀ ਭੀੜ ਨੇ ਢਾਹ ਢੇਰੀ ਕਰ ਦਿੱਤਾ ਜਿਸਨੂੰ ਇਸੇ ਉਦੇਸ਼ ਲਈ ਭਾਰਤੀ ਜਨਤਾ ਪਾਰਟੀ ਨੇ ਲਾਮਬੰਦ ਕੀਤਾ ਸੀ।) ਇਸ ਵਿੱਚ ਹੈਰਾਨੀ ਦੀ ਕੋਈ ਗੱਲ ਨਹੀਂ ਹੈ ਕਿ ਉਸ ਪਾਰਟੀ ਦੇ ਨੇਤਾਵਾਂ ਨੇ ਐਲਾਨ ਕੀਤਾ ਕਿ "ਅਜਿਹੇ ਮਾਮਲਿਆਂ ਦਾ ਫ਼ੈਸਲਾ ਅਦਾਲਤਾਂ ਵਿਚ ਨਹੀਂ ਹੋ ਸਕਦਾ" ਕਿਉਂਕਿ ਉਨ੍ਹਾਂ ਦੇ ਦਾਅਵੇ ਦਾ ਕੋਈ ਇਤਿਹਾਸਕ ਆਧਾਰ ਨਹੀਂ ਸੀ। ਹੁਣ ਜੇ ਉੱਤਰਆਧੁਨਿਕ ਇਤਿਹਾਸ ਦ੍ਰਿਸ਼ਟੀ ਲਾਗੂ ਕੀਤੀ ਜਾਵੇ ਤਾਂ ਪਤਾ ਨਹੀਂ ਕਿੰਨੇ ਹੋਰ ਵਿਵਾਦ "ਇਤਿਹਾਸਕ ਆਧਾਰ" ਪ੍ਰਾਪਤ ਕਰ ਲੈਣ ਅਤੇ ਨਤੀਜੇ ਵਜੋਂ ਸੱਚਮੁੱਚ "ਇਤਿਹਾਸ ਦਾ ਅੰਤ" ਹੋ ਜਾਏ। ਇਸ ਗਵਾਹੀ ਦੀ ਮਹੱਤਤਾ ਅਤੇ ਸੱਚਪਰਕ ਤੱਥ ਅਤੇ ਨਿਰੋਲ ਕਲਪਨਾ ਵਿਚ ਭੇਦ ਕਰਨਾ ਅਤਿਅੰਤ ਜ਼ਰੂਰੀ ਹੈ। ਇਤਿਹਾਸ ਦੇ ਰੂਪ ਵਿਚ ਕੀਤੇ ਜਾਣ ਵਾਲੇ ਰਾਜਨੀਤਕ-ਸਮਾਜਿਕ ਮਿੱਥਾਂ ਦਾ ਖੰਡਨ ਲੰਬੇ ਸਮੇਂ ਤੋਂ ਇਤਿਹਾਸਕਾਰਾਂ ਦਾ ਕਿੱਤਾਗਤ ਫ਼ਰਜ਼ ਰਿਹਾ ਹੈ ਜਦੋਂ ਕਿ ਉੱਤਰਆਧੁਨਿਕਤਾ ਇਨ੍ਹਾਂ ਨੂੰ "ਪੁਖਤਾ ਇਤਿਹਾਸ" ਬਣਾ ਕੇ ਪੇਸ਼ ਕਰ ਰਹੀ ਹੈ।

ਬਹਿਰਹਾਲ ਉੱਤਰਆਧੁਨਿਕ ਇਤਿਹਾਸ-ਦ੍ਰਿਸ਼ਟੀ ਦੀ ਆਲੋਚਨਾ ਦਾ ਇਹ ਅਰਥ ਨਹੀਂ ਹੈ ਕਿ ਪ੍ਰਚਲਿਤ ਇਤਿਹਾਸ ਦ੍ਰਿਸ਼ਟੀਆਂ ਦੀਆਂ ਸੀਮਾਵਾਂ ਨਹੀਂ ਹਨ। ਮਾਰਕਸਵਾਦੀ ਪੱਧਤੀ ਵੀ ਇਸ ਦਾ ਅਪਵਾਦ ਨਹੀਂ ਹੈ। ਪਰੰਤੂ ਜੇ ਇਨ੍ਹਾਂ ਵਿਚ ਗੜਬੜੀਆਂ ਹਨ, ਜਿਹਾ ਕਿ ਮਾਰਕਸਵਾਦੀ ਦ੍ਰਿਸ਼ਟੀ ਵੱਲੋਂ ਇਤਿਹਾਸ ਵਿਚ ਵਿਅਕਤੀਆਂ, ਮਿੱਥਾਂ, ਵਿਚਾਰਾਂ ਸਭਿਆਚਾਰਕ ਪਹਿਚਾਣਾਂ ਆਦਿ ਦੀ ਭੂਮਿਕਾ ਉਪਰ ਬਣਦਾ ਧਿਆਨ ਨਾ ਦੇਣਾ, ਤਾਂ ਇਨ੍ਹਾਂ ਨੂੰ "ਜ਼ਿੰਦਾ ਇਤਿਹਾਸ" ਦੇ ਤਹਿਤ ਹੀ ਠੀਕ ਕੀਤਾ ਜਾਣਾ ਚਾਹੀਦਾ ਹੈ ਨਾ ਕਿ ਇਸ ਲਈ ਇਤਿਹਾਸ ਨੂੰ ਹੀ "ਮਾਰ ਦੇਣ" ਦੀ ਜ਼ਰੂਰਤ ਹੈ। ਉੱਤਰਆਧੁਨਿਕਤਾਵਾਦੀ ਤਾਂ ਇਹੀ ਕੁਝ ਕਰ ਰਹੇ ਹਨ। ਉਨ੍ਹਾਂ ਕੋਲ ਤਾਂ ਵਿਵੇਕ ਅਤੇ ਮਾਨਵਤਾ ਉਪਰ ਆਧਾਰਿਤ ਹਰ ਚੀਜ਼ ਦੇ "ਅੰਤ" ਅਤੇ "ਮੌਤ" ਦਾ ਹੀ ਪੈਗ਼ਾਮ ਹੈ। ਬਚੇ ਹਨ ਤਾਂ ਸਿਰਫ ਪੱਛਮੀ ਸਾਮਰਾਜਵਾਦ ਅਤੇ ਉਸਦੇ ਮੁੱਲ। ਇਹ ਸਮਝਣ ਲਈ ਜ਼ਿਆਦਾ ਦਿਮਾਗ ਲਗਾਉਣ ਦੀ ਜ਼ਰੂਰਤ ਨਹੀਂ ਹੈ ਕਿ ਉੱਤਰਆਧੁਨਿਕਤਾ ਕਿਸ ਦਾ ਹਿੱਤ ਪੂਰ ਰਹੀ ਹੈ। ਇਤਿਹਾਸ ਦੀ ਸੱਚਾਈ ਖੋਜਣ ਦੀ ਮਨਾਹੀ ਅਸਲ ਵਿੱਚ ਜਨਤਾ ਵਲੋਂ ਆਪਣੀ ਜੀਵਨ ਸਥਿਤੀ ਬਦਲਣ ਦੇ ਸੰਘਰਸ਼ ਦੀ ਮਨਾਹੀ ਹੈ। ਇਤਿਹਾਸ ਦੇ ਤੱਥ ਜਾਗੀਰਦਾਰੀ, ਪੂੰਜੀਵਾਦ ਅਤੇ ਸਾਮਰਾਜਵਾਦ ਦੀ ਪੋਲ ਖੋਲ੍ਹਦੇ ਹਨ; ਉਸਦਾ ਅਸਲੀ ਚਿਹਰਾ ਦਿਖਾਉਂਦੇ ਹਨ। ਇਸ ਨੂੰ ਧਿਆਨ ਵਿਚ ਰੱਖ ਕੇ ਇਹ ਭਰਮ ਫੈਲਾਇਆ ਜਾ ਰਿਹਾ ਹੈ ਕਿ ਅਤੀਤ ਦਾ ਸੱਚ ਜਾਣਿਆ ਨਹੀਂ ਜਾ ਸਕਦਾ। ਇਸ ਲਈ ਇਤਿਹਾਸ ਤੇ ਛਾਣਬੀਣ ਦੀ ਨਹੀਂ ਸਗੋਂ ਸਿਰਫ਼ ਕਾਲਪਨਿਕ ਯਾਦਾਂ ਵਿਚ ਜੀਣ ਦੀ ਜ਼ਰੂਰਤ ਹੈ। ਇਹ ਵੀ ਕਹਿਣ ਦੀ ਜ਼ਰੂਰਤ ਨਹੀਂ ਕਿ ਉਹ "ਕਾਲ਼ਪਨਿਕ ਯਾਦਾਂ ਵੀ ਆਮ ਜਨਤਾ ਦੀਆਂ ਆਪਣੀਆਂ ਨਹੀਂ ਹੋਣਗੀਆਂ ਬਲਕਿ ਉੱਤਰਆਧੁਨਿਕ ਵਿਚਾਰ ਰਾਹੀਂ ਉਨ੍ਹਾਂ ਅੰਦਰ ਵਸਾਈਆਂ ਜਾਣਗੀਆਂ। ਇਸ ਲਈ ਇਹ ਅਕਾਰਣ ਨਹੀਂ ਹੈ ਕਿ ਪ੍ਰਸਿੱਧ ਅਮਰੀਕੀ ਮਾਰਕਸਵਾਦੀ ਚਿੰਤਕ ਫਰੈਡਰਿਕ ਜੇਮਸਨ ਉੱਤਰਆਧੁਨਿਕਤਾ ਨੂੰ "ਸਾਮਰਾਜਵਾਦ ਦਾ ਸਭਿਆਚਾਰਕ ਤਰਕ" ਕਹਿੰਦਾ ਹੈ। ਉਸ ਅਨੁਸਾਰ "ਜਿਉਂ ਹੀ ਅਮਰੀਕੀ ਸੱਤਾ ਉਪਰ ਸਵਾਲ ਉਠਾਏ ਜਾਂਦੇ ਹਨ, ਉਸ ਨੂੰ ਬਚਾਈ ਰੱਖਣ ਲਈ ਇਕ ਨਵੇਂ ਸਭਿਆਚਾਰਕ ਔਜ਼ਾਰ ਦੀ ਜ਼ਰੂਰਤ ਪੈਦਾ ਹੋ ਜਾਂਦੀ ਹੈ। ਉੱਤਰਆਧੁਨਿਕਤਾ ਇਕ ਨਵੀਂ ਤਰ੍ਹਾਂ ਦੀ ਸਰਦਾਰੀ ਦੇ



ਸਾਧਨ ਦੇ ਰੂਪ ਵਿੱਚ ਸਾਹਮਣੇ ਆਇਆ ਹੈ ਜਿਸਦੀ ਜ਼ਰੂਰਤ ਸ਼ਾਇਦ ਪਹਿਲਾਂ ਕਦੇ ਵੀ ਨਹੀਂ ਸੀ।"

ਗੌਰਤਲਬ ਹੈ ਕਿ ਸੋਵੀਅਤ ਸਮੇਂ ਵਿਚ ਸਮਾਜਵਾਦੀ ਵਿਚਾਰ ਦੇ ਵਿਸ਼ਵ ਵਿਆਪੀ ਫੈਲਾਅ ਨੂੰ ਰੋਕਣ ਲਈ ਅਮਰੀਕੀ ਸਾਮਰਾਜਵਾਦ ਕਈ ਤਰ੍ਹਾਂ ਦੇ ਵਿਚਾਰਕ-ਸਭਿਆਚਾਰਕ ਅਸਤਰਾਂ ਦਾ ਇਸਤੇਮਾਲ ਕਰਦਾ ਰਿਹਾ ਹੈ। ਉਸੇ ਦੌਰ ਵਿੱਚ 1960ਵਿਆਂ ਵਿੱਚ ਹੀ ਉਸਦੇ ਵਿਚਾਰਕਾਂ ਨੇ ਇਸ ਨਵੇਂ ਅਸਤਰ ਦੀ ਅਜ਼ਮਾਇਸ਼ ਸ਼ੁਰੂ ਕਰ ਚੁੱਕੇ ਸਨ ਅਤੇ ਵਿਚਾਰਧਾਰਾ ਦੇ ਅੰਤ ਦੀ ਕਸਰਤ ਵਿੱਚ ਲੱਗ ਪਏ ਸਨ। ਪਰੰਤੂ ਉਸ ਸਮੇਂ ਇੱਛਤ ਸਫਲਤਾ ਨਹੀਂ ਸੀ ਮਿਲ ਰਹੀ। ਅੱਜ ਸੋਵੀਅਤ ਸੰਘ ਦੇ ਪਤਨ ਅਤੇ ਮਾਰਕਸਵਾਦੀ ਚਿੰਤਨ ਵਿਚ ਇਕ ਭਰਮ ਦੀ ਸਥਿਤੀ ਦਾ ਲਾਭ ਉਠਾ ਕੇ ਅਮਰੀਕੀ ਸਾਮਰਾਜਵਾਦ ਆਪਣੀ ਵਿਚਾਰਕ ਧੁੰਦ ਦੇ ਜਾਲ ਵਿਚ ਪੂਰੀ ਦੁਨੀਆ ਨੂੰ ਫਸਾਉਣਾ ਚਾਹੁੰਦਾ ਹੈ। ਇਸੇ ਲਈ 90ਵਿਆਂ ਵਿਚ ਇਸਦਾ ਰੌਲ਼ਾ ਵੱਧ ਗਿਆ ਜਿਸਦਾ ਉਦੇਸ਼ ਇਕ ਪਾਸੇ ਸਮਾਜਵਾਦ ਦੀ ਵਿਅਰਥਤਾ ਦੱਸਣਾ ਹੈ ਤੇ ਦੂਜੇ ਪਾਸੇ ਭੂਮੰਡਲੀਕਰਣ ਦੇ ਨਾਂ 'ਤੇ ਚਲ ਰਹੇ ਨਵਸਾਮਰਾਜਵਾਦ ਦੀ ਬੌਧਿਕ ਪ੍ਰਵਾਨਗੀ ਲਈ ਮਾਨਸਿਕਤਾ ਤਿਆਰ ਕਰਨਾ ਹੈ। ਨੌਅਮ ਚੌਮਸਕੀ ਨੇ ਇਸ ਨੂੰ ਸਹਿਮਤੀ ਨਿਰਮਾਣ ਦਾ ਉਦਯੋਗ ਕਿਹਾ ਹੈ। ਭੂਮੰਡਲੀਕਰਣ ਦੇ ਵਿਰੁੱਧ ਤੀਸਰੀ ਦੁਨੀਆ ਦੇ ਦੇਸ਼ਾਂ ਵਿਚ ਅਮਰੀਕਾ ਨੂੰ ਮਿਲਣ ਵਾਲੀ ਸੰਭਾਵਿਤ ਚੁਨੌਤੀ ਦੇ ਮੁਕਾਬਲੇ ਲਈ ਖਾਸ ਤੌਰ ਤੇ ਇਸ ਸਭਿਆਚਾਰਕ ਸੰਦ ਦੀ ਲੋੜ ਪੈ ਗਈ ਹੈ। ਕਿਸੇ ਨਵੇਂ ਸਮਾਜਵਾਦੀ ਉਭਾਰ ਦੇ ਖਿਲਾਫ ਉੱਤਰਆਧੁਨਿਕਤਾ ਇਕ ਸਾਮਰਾਜਵਾਦੀ ਵਿਚਾਰਕ ਪ੍ਰਪੰਚ ਬਣ ਕੇ ਸਾਹਮਣੇ ਆਈ ਹੈ।

ਪਰੰਤੂ ਉੱਤਰਆਧੁਨਿਕਤਾ ਦੀ ਪੋਲ ਖੁੱਲ੍ਹ ਜਾਣ ਦਾ ਪੂਰਵ-ਅਨੁਮਾਨ ਲਗਾ ਕੇ ਉਸਦੇ ਕਰਣਧਾਰ ਉਸਦਾ ਵਿਚਿਤ੍ਰ ਦਰਸ਼ਨ ਪੇਸ਼ ਕਰਦੇ ਹਨ ਜੋ ਸਾਨੂੰ ਆਪਣੇ ਦੇਸ਼ੀ "ਬਾਬਾ ਨਾਮ ਕੇਵਲਮ" ਦੀ ਯਾਦ ਦੁਆਉਂਦਾ ਹੈ। ਉੱਤਰਆਧੁਨਿਕਤਾ ਦੇ ਇਕ ਤਿੱਖੇ ਬੁਲਾਰੇ ਇਤਿਹਾਸਕਾਰ ਕੀਥ ਜੇਂਕੀਨਜ਼ ਨੇ ਲਿਖਿਆ ਹੈ, "ਅੱਜ ਅਸੀਂ ਉੱਤਰਆਧੁਨਿਕਤਾਵਾਦ ਦੀ ਆਮ ਸਥਿਤੀ ਦੇ ਤਹਿਤ ਜੀ ਰਹੇ ਹਾਂ। ਇਸ ਵਿਚ ਸਾਡੀ ਪਸੰਦ ਨਾਪਸੰਦ ਦਾ ਸਵਾਲ ਨਹੀਂ ਹੈ। ਉੱਤਰਆਧੁਨਿਕਤਾ ਕੋਈ ਵਿਚਾਰਧਾਰਾ ਜਾਂ ਦ੍ਰਿਸ਼ਟੀਕੋਣ ਨਹੀਂ ਹੈ ਜਿਸ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਸਾਡੇ ਵੱਸ ਵਿਚ ਹੋਵੇ, ਉੱਤਰਆਧੁਨਿਕਤਾ ਠੀਕ ਸਾਡੀ ਸਥਿਤੀ ਹੈ, ਇਹ ਸਾਡੀ ਹੋਣੀ ਹੈ।" ਹੁਣ ਬੋਲੋ ਬਾਕੀ ਕੀ ਬਚਿਆ ਹੈ? ਸੁਣਦੇ ਰਹੋ ਇਸ ਅਗੰਮੀ ਬਾਣੀ ਨੂੰ। ਇਹ ਉੱਤਰਆਧੁਨਿਕਤਾ ਹੈ ਜਾਂ ਪੂਰਵਆਧੁਨਿਕਤਾ, ਮੱਧਕਾਲੀਨਤਾ ਜਾਂ ਅੰਧਪੁਰਾਤਨਤਾ? ਇਹ ਤਾਂ ਉਹੀ ਗੱਲ ਹੋਈ ਕਿ ਬਾਵਾ ਕਹਿੰਦੇ ਹਨ ਕਿ, "ਬੱਚਾ ਸੁਣੋ ' ਸਰਸਵਤੀ ਨੇ ਅੱਖੀਆਂ ਉਤਾਂਹ ਕਰ ਕੇ ਉਸ ਵੱਲ ਦੇਖਿਆ ਅਤੇ ਉਹ ਮੂੜ੍ਹ ਪਰਾਣੀ ਇਕ ਛਿਣ ਵਿਚ ਵਿਦਿਆ ਵਿਚ ਪ੍ਰਬੀਨ ਹੋ ਗਿਆ...ਨਾ, ਨਾ, ਤਰਕ ਨਹੀਂ। ਇਹ ਤੁਹਾਡੇ ਮੰਨਣ ਜਾਂ ਨਾ ਮੰਨਣ ਦੀ ਗੱਲ ਨਹੀਂ ....ਅਜਿਹਾ ਹੀ ਹੋਇਆ ਸੀ।" ਇਉਂ ਹੀ ਉੱਤਰਆਧੁਨਿਕਤਾ ਨੂੰ ਮੰਨਣਾ ਨਾ ਮੰਨਣਾ ਸਾਡੇ ਵੱਸ ਦੀ ਗੱਲ ਨਹੀਂ ਹੈ ; ਇਹ ਤਾਂ ਆਮ ਸਥਿਤੀ ਹੈ, ਇਹ ਸਾਡੀ ਹੋਣੀ ਹੈ। ਹੁਣ ਇਨ੍ਹਾਂ ਨੂੰ ਪੁੱਛੋ ਕਿਹੜੀ ਉੱਤਰਆਧੁਨਿਕ ਸਥਿਤੀ? ਕਿਹੋ ਜਿਹੀ ਹੋਣੀ? ਅਜਿਹਾ ਕੀ ਹੋ ਗਿਆ ਕਿ ਉੱਤਰਆਧੁਨਿਕ ਹੋ ਕੇ ਆਪਣੀ ਭੁੱਖਮਰੀ, ਗਰੀਬੀ, ਬੇਰੁਜ਼ਗਾਰੀ, ਸਾਮੰਤੀ, ਪੂੰਜੀਵਾਦੀ, ਸਾਮਰਜਾਵਾਦੀ ਲੁੱਟ ਨੂੰ ਭੁੱਲ ਜਾਈਏ, ਉਸਦੇ ਇਤਿਹਾਸ ਨੂੰ ਭੁੱਲ ਜਾਈਏ, ਇਸਦੀ ਛਾਣਬੀਣ ਨਾ ਕਰੀਏ ਇਸ ਤੋਂ ਤਾਕਤ ਹਾਸਲ ਨਾ ਕਰੀਏ? ਵਿਹਲੜ ਦਿਮਾਗੀ ਅੱਯਾਸ਼ੀ ਵਿਚ ਪੱਛਮੀ ਸਾਮਰਾਜਵਾਦੀ ਵਿਚਾਰਕ ਭਾਵੇਂ ਡੁੱਬੇ ਰਹਿਣ ਪਰੰਤੂ ਸਾਡੇ ਲਈ ਇਹ ਬੜਾ ਮਹਿੰਗਾ ਰੋਗ ਹੈ। ਇਹ ਬੜੇ ਦੁੱਖ ਵਾਲੀ ਗੱਲ ਹੈ ਕਿ ਤੀਸਰੀ ਦੁਨੀਆ ਦੇ ਦੇਸ਼ਾਂ ਦੇ ਕੁਝ ਬੁੱਧੀਜੀਵੀ ਵੀ ਇਸ ਖੇਲ ਦਾ ਹਿੱਸਾ ਬਣ ਗਏ ਹਨ। ਹਿੰਦੁਸਤਾਨ ਵੀ ਇਸਦਾ ਅਪਵਾਦ ਨਹੀਂ ਹੈ।

ਸਾਡੇ ਦੇਸ਼ ਵਿਚ ਵੀ ਉੱਤਰਆਧੁਨਿਕਤਾ ਦੇ ਇਤਿਹਾਸ ਵਿਰੋਧ ਅਤੇ ਯਥਾਰਥ ਵਿਰੋਧ ਦਾ ਭੂਤ

ਕੁਝ ਲੋਕਾਂ ਦੇ ਸਿਰ ਤੇ ਸਵਾਰ ਹੋ ਚੁੱਕਾ ਹੈ। ਇਸਤੋਂ ਪੁਰਾਣੇ "ਬ੍ਰਹਮ ਸੱਤਯਮ ਜਗਨਮਿਥਿਆ" ਵਾਦੀਆਂ ਨੂੰ ਨਵੀਂ ਸ਼ਕਤੀ ਮਿਲੀ ਹੈ। ਸਾਡਾ ਹਿੰਦੀ ਸਾਹਿਤ ਤਾਂ ਖਾਸ ਤੌਰ ਤੇ ਇਸ ਦੀ ਲਪੇਟ ਵਿਚ ਆਉਣ ਨੂੰ ਬੈਠਾ ਹੈ। ਕੁਝ ਲੋਕ ਤਾਂ 'ਯਥਾਰਥੋਤਰ' ਅਤੇ "ਇਤਿਹਾਸ ਤੋਂ ਪਰੇ" ਦਾ ਸਾਹਿਤ ਰਚਣ ਵਿਚ ਜੁੱਟ ਵੀ ਗਏ। ਆਲੋਚਨਾ ਦੇ ਖੇਤਰ ਵਿਚ ਵੀ ਕੁਝ ਕਮਾਲ ਦਿਖਾਈ ਦੇਣ ਲੱਗੇ ਹਨ। ਪਰ ਇਸ ਤੇ ਚਰਚਾ ਕਦੀ ਫਿਰ ਬਾਦ ਵਿਚ। ਹੁਣ ਤਾਂ ਅਸੀਂ ਭਾਰਤ ਵਿੱਚ ਉੱਤਰਆਧੁਨਿਕਤਾ ਦੇ ਮੋਹਪਾਸ਼ ਵਿਚ ਫਸਣ ਜਾਂ ਉਸਨੂੰ ਨਾ ਸਮਝਣ ਜਾਨਣ ਦੀ ਪੀੜ ਤੋਂ ਦੁਖੀ ਲੋਕਾਂ ਨੂੰ ਆਪਣੇ ਦੋ ਮਹਾਨ ਬੌਧਿਕ ਚਿੰਤਕਾਂ ਵਲੋਂ ਉਤਰਾਧੁਨਿਕਤਾ ਸਬੰਧੀ ਕੀਤੀਆਂ ਗਈਆਂ ਟਿੱਪਣੀਆਂ ਦੀ ਯਾਦ ਦੁਆਉਣਾ ਚਾਹੁੰਦੇ ਹਾਂ। ਵਿਸ਼ਵ ਪ੍ਰਸਿੱਧ ਇਤਿਹਾਸਕਾਰ ਰਾਮਸ਼ਰਣ ਸ਼ਰਮਾ ਤੋਂ ਜਦ ਉੱਤਰਆਧੁਨਿਕਤਾ ਦੇ ਸਬੰਧੀ ਵਿੱਚ ਪੁੱਛਿਆ ਗਿਆ ਤਾਂ ਉਸਦਾ ਜਵਾਬ ਸੀ "ਮੈਂ ਨਹੀਂ ਜਾਣਦਾ ਕਿ ਉੱਤਰਆਧੁਨਿਕਤਾ ਕੀ ਹੈ। ਤੁਸੀਂ ਹੀ ਦੱਸੋ।" ਇਹੀ ਸਵਾਲ ਜਦੋਂ ਭਾਰਤੀ ਚਿੰਤਨ ਜਗਤ ਦੇ ਪ੍ਰਸਿੱਧ ਵਿਦਵਾਨ ਰਾਮ ਵਿਲਾਮ ਸ਼ਰਮਾ ਤੋਂ ਪੁੱਛਿਆ ਗਿਆ ਤਾਂ ਉਸਦਾ ਜਵਾਬ ਵੀ ਇਹੀ ਸੀ ਕਿ, "ਮੈਂ ਨਹੀਂ ਜਾਣਦਾ ਕਿ ਉੱਤਰਆਧੁਨਿਕਤਾ ਕਿਸ ਚੀਜ਼ ਦਾ ਨਾਮ ਹੈ।" ਇਨ੍ਹਾਂ ਦੋਨਾਂ ਵਿਚਾਰਕਾਂ ਵਲੋਂ ਇਕੋ ਤਰ੍ਹਾਂ ਦਾ ਜਵਾਬ ਦੇਣਾ ਮਹਿਜ਼ ਸੰਯੋਗ ਦੀ ਗੱਲ ਨਹੀਂ ਹੈ ਤੇ ਨਾ ਹੀ ਜਾਣਕਾਰੀ ਦੀ ਅਣਹੋਂਦ ਹੈ। ਉਨ੍ਹਾਂ ਦੇ ਜਵਾਬ ਉਸੇ ਆਲੋਚਨਾ ਦ੍ਰਿਸ਼ਟੀ ਨੂੰ ਪ੍ਰਤਿਬਿੰਬਤ ਕਰਦੇ ਹਨ ਜਿਸਦੇ ਤਹਿਤ ਜੀ.ਆਰ.ਐਲਟਨ ਨੇ ਉਤਰਆਧੁਨਿਕਤਾ ਨੂੰ 'ਅਰਥਹੀਣ' ਕਿਹਾ ਹੈ ਜਾਂ ਐਰਿਕ ਹਾਬਸਬਾਮ ਨੇ ਇਕ ਉੱਤਰਆਧੁਨਿਕਤਾਵਾਦੀ ਇਤਿਹਾਸ ਦੀ ਪੁਸਤਕ ਦੀ ਸਮੀਖਿਆ ਕਰਦਿਆਂ ਹੋਇਆਂ ਜੰਗਲ ਵਿੱਚ ਉੱਤਰਆਧੁਨਿਕਤਾ ਦਾ ਪ੍ਰਯੋਗ ਕੀਤਾ ਹੈ। ਇਸ ਲਈ ਸਾਡੇ ਦੇਸ਼ ਦੇ ਇਨ੍ਹਾਂ ਦੋਨਾਂ ਵਿਦਵਾਨਾ ਦੇ ਕਥਨਾਂ ਦਾ ਅਰਥ ਇਹ ਹੈ ਕਿ ਆਪਣੇ ਸਮੇਂ ਦੀਆਂ ਸਥਿਤੀਆ ਨੂੰ ਵਿਵੇਕ ਅਤੇ ਤਰਕ ਦੇ ਆਧਾਰ ਤੇ ਸਮਝਦਿਆਂ ਹੋਇਆਂ ਉਨ੍ਹਾਂ ਦੇ ਅਨੁਸਾਰ ਚਿੰਤਨ-ਲੇਖਨ-ਕਰਮ ਕੀਤਾ ਜਾਵੇ ਨਾ ਕਿ ਕਿਸੇ ਸਾਜਿਸ਼ ਦੇ ਤਹਿਤ ਸੁੱਟੇ ਹੋਏ ਚਿੰਤਨ ਦੇ ਟੁਕੜਿਆਂ ਵਲ ਲਪਕਦਿਆਂ ਸਮਾਂ ਬਰਬਾਦ ਕੀਤਾ ਜਾਵੇ। ਵਿਅੰਗ ਇਹ ਹੈ ਕਿ ਭਾਰਤ ਸਮੇਤ ਪੂਰੀ ਦੁਨੀਆ ਵਿੱਚ ਆਪਣੇ ਆਪ ਨੂੰ ਮਾਰਕਸਵਾਦੀ ਕਹਾਉਣ ਵਾਲੇ ਕੁਝ ਲੋਕ ਵੀ ਨਾ ਕੇਵਲ ਇਸ ਭਰਮਜਾਲ ਦੇ ਸ਼ਿਕਾਰ ਹਨ ਬਲਕਿ ਇਸਦੇ ਪ੍ਰਚਾਰ ਪ੍ਰਸਾਰ ਵਿਚ ਲੱਗੇ ਹੋਏ ਹਨ। ਸ਼ਾਇਦ ਉਨ੍ਹਾਂ ਨੂੰ ਸਥਾਪਿਤ ਸਮਾਜਵਾਦ ਦੀ ਅਸਫਲਤਾ ਤੋਂ ਪੈਦਾ ਹੋਈ ਨਿਰਾਸ਼ਾ ਵਿੱਚ ਉੱਤਰਆਧੁਨਿਕਤਾ ਇਕ ਨਵੇਂ ਵਿਚਾਰ ਦੇ ਰੂਪ ਵਿੱਚ ਆਕ੍ਰਸ਼ਿਤ ਕਰ ਰਹੀ ਹੈ। ਉਮੀਦ ਹੈ ਕਿ ਜਲਦੀ ਹੀ ਉਨ੍ਹਾਂ ਦਾ ਮੋਹ ਭੰਗ ਹੋ ਜਾਵੇਗਾ। ਸੱਚਾਈ ਇਹ ਹੈ ਕਿ ਉੱਤਰਆਧੁਨਿਕਤਾ ਦਾ ਇਕ ਬਹੁਤ ਵੱਡਾ ਹਿੱਸਾ ਵਿਅਰਥ ਜਾਂ ਬਕਵਾਸ ਹੈ, ਜਿਸਦਾ ਕੋਈ ਅਰਥ ਤੱਕ ਨਹੀਂ ਹੈ। ਜੇ ਉਸਦਾ ਕੋਈ ਅਰਥ ਨਾ ਨਿਕਲੇ ਤਾਂ ਇਸ ਲਈ ਪਾਠਕ ਦੋਸ਼ੀ ਨਹੀਂ ਹੈ। ਦੂਜੇ ਜੋ ਹਿੱਸਾ ਅਰਥ ਦਿੰਦਾ ਵੀ ਹੈ ਉਹ ਸਮਾਜਵਾਦੀ ਹਿੱਤਾਂ ਦੀ ਰਾਖੀ ਕਰਦਾ ਹੈ। ਇਸ ਤਰ੍ਹਾਂ ਗਿਆਨ ਦੀ ਇਕ ਸ਼ਾਖਾ ਦੇ ਤੌਰ ਤੇ ਵੀ 'ਸਵਾਂਤ:ਸੁਖਾਯ' ਇਸ ਨੂੰ ਪੜ੍ਹਨ ਦੀ ਮਿਹਨਤ ਆਖਿਰਕਾਰ ਕੋਈ ਸੁੱਖ ਨਹੀਂ ਦਿੰਦੀ। ਨਾ ਹੀ ਇਸ ਦਾ ਪ੍ਰਭਾਵ ਸਾਡੇ ਯੁਗਬੋਧ ਨੂੰ ਅਮੀਰ ਬਣਾਉਣ ਵਿਚ ਹੀ ਸਹਾਈ ਹੁੰਦਾ ਹੈ। ਇਸ ਲਈ ਸਭਿਆਚਾਰ, ਸਾਹਿਤ ਜਾਂ ਇਤਿਹਾਸ ਦੀ ਦ੍ਰਿਸ਼ਟੀ ਅੱਜ ਵੀ ਸਾਡੇ ਲਈ ਡੇਨੀਓਅਲ ਬੇਲ, ਲਿਉਤਾਰ, ਰੋਲਾਂ ਬਾਰਥ, ਮਿਸ਼ੇਲ ਫੂਕੋ, ਦੇਰੀਦਾ, ਫੁਕੋਯਾਮਾ ਜਾਂ ਸੈਮੂਅਲ ਹੰਟਿਗਟਨ ਦੀ ਥਾਂ ਜਿਓਤੀ ਬਾ ਫੂਲੇ, ਪੇਰੀਆਰ ਅੰਬੇਡਕਰ, ਸਹਜਾਨੰਦ ਸਰਸਵਤੀ, ਭਿਖਾਰੀ ਠਾਕੁਰ ਅਤੇ ਜਗਦੀਸ਼ ਮਾਸਟਰ ਜ਼ਿਆਦਾ ਜ਼ਰੂਰੀ ਹਨ। ❖

*ਅਨੁਵਾਦ: ਡਾ. ਕਰਮਜੀਤ ਸਿੰਘ D-46,campus, K.U,Kurukshetra-136119*



*ਵਿਸ਼ਵ ਕਵਿਤਾ*

## ਨਾਜ਼ਿਮ ਹਿਕਮਤ—ਕੁਝ ਨਵੀਆਂ ਨਜ਼ਮਾਂ

ਨਾਜ਼ਿਮ ਹਿਕਮਤ ਦੀਆਂ ਕੁਝ ਰੁਬਾਈਆਂ ਹਨ। ਇਹ ਇਕ ਪੁਸਤਕ ਵਿੱਚ ਚਾਰ ਭਾਗਾਂ ਵਿੱਚ ਹਨ। ਹਰ ਭਾਗ ਵਿੱਚ 5 ਤੋਂ 15 ਦੇ ਵਿਚਕਾਰ ਹਨ। ਰੁਬਾਈ ਦਾ ਕੋਈ ਬੱਝਵਾਂ ਤੋਲ ਤੁਕਾਂਤ ਨਹੀਂ ਹੈ, ਸ਼ਾਇਦ ਤੁਰਕੀ ਵਿੱਚ ਹੋਵੇ। ਕੁਝ ਦਾ ਅਨੁਵਾਦ ਇਸ ਤਰ੍ਹਾਂ ਹੈ। ਸਰਕਲ ਵਿੱਚ ਭਾਗ ਨੰਬਰ ਹੈ ਤੇ ਸਰਕਲਮੁਕਤ ਨੰਬਰ ਰੁਬਾਈ ਦਾ ਹੈ।

2 -5 ਇਕ ਮਾਨਵ ਹਾਂ ਮੈਂ,
ਮੈਂ, ਤੁਰਕੀ ਕਵੀ ਨਾਜ਼ਮ ਹਿਕਮਤ, ਮੈਂ..........।
ਸਿਰ ਤੋਂ ਪੈਰਾਂ ਤੱਕ ਦ੍ਰਿੜ ਵਿਸ਼ਵਾਸੀ,
ਸਿਰ ਤੋਂ ਪੈਰਾਂ ਤੱਕ ਜੁਝਾਰੂ ਤੇ ਆਸ਼ਾਵਾਨ—ਇਹ ਹਾਂ ਮੈਂ..........।

2-6 ਮੈਂ, ਮੁਨਾਦੀਵਾਲਾ, ਹੋਕਾਂ ਦੇਵਾਂ
ਮੇਰੀ ਮੱਧਮ ਸੁਰ, ਨੰਗੇ ਪਿੰਡੇ ਬੀਜ ਜਿਵੇਂ
ਮੈਂ ਆਪਣੇ ਦਿਲ ਦੀ ਧੜਕਣ ਦਾ ਸਮਾਂ ਮਿਥਾਂ
ਧੜਕਣ ਦੇ ਨਾਲ ਹੀ ਊਸ਼ਾ ਆਵੇਗੀ

3-1 ਜਾਂ ਫਿਰ ਲੋਕੀ ਤੈਨੂੰ ਪਿਆਰ ਕਰਨਗੇ
ਜਾਂ ਫਿਰ ਤੇਰੇ ਦੁਸ਼ਮਣ ਬਣਨਗੇ
ਜਾਂ ਫਿਰ ਤੈਨੂੰ ਭੁੱਲ ਜਾਵਣਗੇ ਜਿਵੇਂ ਕਦੀ ਤੂੰ ਹੋਇਆ ਹੀ ਨਹੀਂ
ਜਾਂ ਤੂੰ ਕਦੀ ਵੀ ਪਲ ਭਰ ਲਈ, ਵਿੱਸਰੇਂਗਾ ਨਹੀਂ ਉਹਨਾਂ ਦੇ ਮਨ ਤੋਂ।

4-3 ਜਿੰਨੀ ਦੇਰ ਤੂੰ ਕਰੇਂ ਮੁਹੱਬਤ
ਕਰ ਜਿੰਨੀ ਵੀ ਹੋ ਸਕਦੀ ਹੈ
ਲੈ ਪਿਆਰ ਜਿੰਨਾ ਵੀ ਲੈ ਸਕਦਾ ਏਂ, ਜਿੰਨਾ ਚਿਰ ਤੂੰ
ਦੇ ਜਿੰਨਾ ਵੀ ਦੇ ਸਕਦਾ ਏਂ ਪਿਆਰ, ਤੂੰ ਗੱਭਰੂ ਏਂ।

4-6 ਏਸ ਵਣਜ ਵਿੱਚ ਤੂੰ ਤਕੜਾ ਹੋਵੇਂ, ਮਾਣ ਕਰੇਂ, ਪਰ ਥੋੜਾ
ਬੇਰਹਿਮੀ, ਸਦਮਾ ਜਾਂ ਉਦਾਸੀ ਨਹੀਂ
ਸਿਰਫ਼, ਮੌਤ ਇਕੱਲੀ,
ਤੇਰੇ ਅੱਗੇ ਆਪਾ ਅਰਪਨ ਕਰ ਦੇਵੇ।

4-7 ਮੇਰਾ ਇਹ ਆਖਣ ਦਾ ਮੰਤਵ ਨਹੀਂ, ਵਿਖਾਵਾ ਕਰਨਾ
ਦਸ ਵਰ੍ਹਿਆਂ ਦੀ ਕੈਦ ਨੂੰ ਮੈਂ ਤਾਂ ਗੋਲੀ ਵਾਂਗੂੰ ਦਾਗ ਗਿਆ ਹਾਂ
ਮੇਰੇ ਜਿਗਰ 'ਚ ਹੁੰਦੀ ਪੀੜਾ ਤੋਂ ਬਿਨ..........।
ਮੇਰਾ ਹਿਰਦਾ, ਪਹਿਲਾਂ ਵਰਗਾ, ਮੇਰੀ ਸੋਚ ਅਜੇ ਵੀ ਹੈ ਪਹਿਲਾਂ ਵਰਗੀ।

1-12 ਬੰਦ ਗੋਭੀ, ਕਾਰ, ਪਲੰਘ ਦੇ ਜਿਰਮ ਅਤੇ ਤਾਰੇ
ਇਕ ਕਬੀਲੇ ਦੇ ਹਾਂ ਅਸੀਂ ਸਾਰੇ
ਨਹੀਂ, ਪਿਆਰੇ! ਮੇਰੀਆਂ ਸੂਰਜ ਵਰਗੀਆਂ ਅੱਖਾਂ
ਪਰ, ਸਾਡੇ ਏਸੇ ਵਿਸ਼ੇਸ਼ ਕਬੀਲੇ ਦੇ ਵਿੱਚ
ਅਸੀਂ ਇਕੱਲੇ ਸਮਝ ਦੇ ਮਾਲਕ, ਕਿਉਂਕਿ ਅਸੀਂ ਹਾਂ..........।

1-13 ਇਕ ਦਰਜੇ ਦੀ ਵਿੱਥ ਹੈ ਸਾਡੇ ਵਿਚਕਾਰ ਸਿਰਫ਼

ਇਹ ਇਵੇਂ ਹੈ ਕਿ ਮੇਰੀ ਦਿਹ ਦੇ ਬਾਵਜੂਦ
ਤੂੰ ਖੰਭਾਂ ਵਾਲਾ ਸੂਝ ਰਹਿਤ ਪੰਛੀ ਏਂ
ਮੈਂ ਹੱਥਾਂ ਵਾਲਾ ਸੂਝਵਾਨ ਮਾਨਵ
1-10 ਪੂਰਾ ਸ਼ਹਿਦ ਦਾ ਛੱਤਾ..........
ਮੇਰਾ ਮਤਲਬ, ਤੇਰੇ ਨੈਣ ਦੇ ਪੂਰਨ ਸੂਰਜ
ਤੇਰੇ ਨੈਣ, ਮੇਰਾ ਪਿਆਰ, ਭਲਕੇ ਬਣ ਜਾਣੇ ਨੇ ਧੂੜੀ
ਸ਼ਹਿਦ ਹੋਰਨਾਂ ਛੱਤਿਆਂ ਨੂੰ ਭਰ ਦੇਵਣ ਲਈ ਰਹਿ ਜਾਵੇਗਾ।
2 ਉਮਰ ਖ਼ਿਆਮ ਬੋਲਿਆ, ਭਰ ਕੈ ਜਾਮ, ਮਤਾਂ ਮਿੱਟੀ ਸੰਗ ਭਰੇ ਜਾਏ
ਇਕ ਨੰਗੇ ਪੈਰੀਂ, ਨੱਕਲ ਬੰਦਾ, ਵਿਚ ਬਗੀਚੇ ਰੌਲਾ ਪਾਵੇ.........
"ਜਿਸ ਦੁਨੀਆਂ ਵਿੱਚ ਹੋਣ ਅਸੀਸਾਂ, ਤਾਰਿਆਂ ਨਾਲੋਂ ਕਈ ਗੁਣਾਂ"
ਉਸਨੇ ਕਿਹਾ, "ਮੈਂ ਤਾਂ ਭੁੱਖ ਨਾਲ ਮਰਦਾ ਜਾਵਾਂ, ਮੇਰੇ ਕੋਲ ਨਹੀਂ,
ਇਕ ਧੇਲਾ, ਰੋਟੀ ਦੇ ਲਈ, ਜਾਮ ਤਾਂ ਕਿਧਰੇ ਇਕ ਪਾਸੇ।"

*ਪੰਜਾਬੀ ਰੂਪ, ਸੂਫ਼ੀ ਅਮਰਜੀਤ*

---

## ਜੇਲ੍ਹ ਤੋਂ ਖ਼ਤ / ਨਾਜ਼ਿਮ ਹਿਕਮਤ

ਏਥੇ ਪੰਜ ਵਜੇ ਹਨੇਰਾ ਹੋ ਜਾਂਦਾ ਹੈ
ਬੱਦਲ ਹਮਲੇ ਲਈ ਤਿਆਰ-ਬਰ-ਤਿਆਰ,
ਸਾਫ ਦਿਸਦੈ ਕਿ ਮੀਂਹ ਨਾਲ ਭਰੇ
ਏਨੇ ਜ਼ਿਆਦਾ
ਏਨੇ ਨੀਵੇਂ ਕਿ ਹੱਥ ਲੱਗ ਸਕਦੈ
ਸੌ ਵਾਟ ਦੀ ਰੌਸ਼ਨੀ ਕਮਰੇ ਅੰਦਰ
ਤੇ ਦਰਜ਼ੀਆਂ ਕੋਲ ਤੇਲ ਦਾ ਦੀਵਾ
ਉਹ ਲਿੰਡਨ ਦੇ ਰੁੱਖ ਦੀ ਚਾਹ ਪੀ ਰਹੇ ਨੇ.....
ਮਤਲਬ ਕਿ ਸਿਆਲ ਆ ਗਿਆ
ਮੈਂ ਵੀ ਠਰਦਾ ਹਾਂ
ਪਰ ਉਦਾਸ ਨਹੀਂ

ਸਾਡੇ ਲਈ ਉਹ ਵਿਸ਼ੇਸ਼ ਅਧਿਕਾਰ ਹੈ
ਜੇਲ੍ਹ ਵਿਚ ਸਿਆਲ ਦੀ ਰੁੱਤ
ਤੇ ਸਿਰਫ ਜੇਲ੍ਹ ਵਿਚ ਹੀ ਨਹੀਂ
ਇਸ ਵਿਸ਼ਾਲ ਸੰਸਾਰ ਵਿਚ
ਜਿਹੜਾ
ਨਿੱਘਾ ਚਾਹੀਦਾ
ਠੰਢ ਤਾਂ ਭਾਵੇਂ ਹੋਵੇ
ਪਰ ਉਦਾਸੀ ਨਾ ਹੋਵੇ। (10-26-1940)

*(ਹ.ਸ.ਹ.)*



## ਵੀਪਿੰਗ ਵਿਲੋ

ਪਾਣੀ ਵਗਦਾ ਸੀ
ਤੇ ਇਸ ਦੇ ਸ਼ੀਸ਼ੇ ਵਿਚ
ਬੈਂਤ ਦੇ ਦਰੱਖ਼ਤ ਝਲਕਾਂ ਮਾਰਦੇ ਸੀ
ਬੈਂਤ ਦੇ ਦਰੱਖ਼ਤ ਪਾਣੀ ਵਿਚ
ਆਪਣੇ ਕੇਸ ਧੋਂਦੇ ਸੀ
ਤੇ ਆਪਣੀਆਂ ਨੰਗੀਆਂ ਬਲਦੀਆਂ ਤਲਵਾਰਾਂ
ਨਾਲ
ਲਾਲ ਫ਼ੌਜੀ ਘੋੜ-ਸਵਾਰ
ਬੈਂਤ ਦੇ ਰੁੱਖਾਂ ਨੂੰ ਕੱਟਦੇ
ਉਸ ਤਰਫ਼ ਉੱਡਦੇ ਜਾਂਦੇ ਸੀ
ਜਿਧਰ ਸੂਰਜ ਡੁੱਬ ਰਿਹਾ ਸੀ।

ਅਚਾਨਕ ਹੀ
ਇਕ ਪੰਛੀ ਵਾਂਗ
ਪੰਛੀ, ਜਿਸ ਦੇ ਖੰਭਾਂ ਵਿਚ ਸੱਟ ਵੱਜੀ ਹੋਵੇ
ਜ਼ਖ਼ਮੀ ਘੋੜ-ਸਵਾਰ
ਆਪਣੇ ਘੋੜੇ ਤੋਂ ਹੇਠਾਂ ਲੁੜ੍ਹਕ ਗਿਆ।

ਕੋਈ ਸ਼ੋਰ, ਕੋਈ ਆਵਾਜ਼ ਨਾ ਆਈ
ਘੋੜ-ਸਵਾਰ ਦੌੜੀ ਗਏ
ਤੇ ਉਹ ਘੋੜ-ਸਵਾਰ
ਆਪਣੀਆਂ ਚਮਕਦੀਆਂ ਅੱਖਾ ਨਾਲ
ਦੂਰ ਹੁੰਦੇ ਜਾ ਰਹੇ ਚਮਕਦੇ ਸੁੰਮਾ ਵੱਲ
ਵੇਖਦਾ ਰਿਹਾ।

ਅਫ਼ਸੋਸ
ਅਫ਼ਸੋਸ ਕਿ ਉਹ ਹੁਣ
ਮੁੜ੍ਹਕੋ-ਮੁੜ੍ਹਕੀ ਹੋਈਆ ਘੋੜੀਆਂ ਦੀਆਂ ਧੌਣਾਂ ਨੂੰ
ਛੂਹ ਨਹੀਂ ਸਕੇਗਾ
ਉਡਦੇ ਜਾਂਦੇ ਘੋੜਿਆਂ ਦੀਆਂ ਧੌਣਾਂ ਨੂੰ
ਉਹ ਹੁਣ ਚਿੱਟੀਆਂ ਫ਼ੌਜਾਂ ਨਾਲ
ਆਪਣੀ ਤਲਵਾਰ ਨਾਲ
ਆਹੂ ਨਹੀਂ ਲਾਹ ਸਕੇਗਾ।

ਹੌਲੀ ਹੌਲੀ ਘੋੜਿਆਂ ਦੇ ਸੁੰਮਾਂ ਦੀ ਆਵਾਜ਼
ਮੱਧਮ ਹੁੰਦੀ ਗਈ
ਘੋੜ-ਸਵਾਰ ਡੁੱਬਦੇ ਸੂਰਜ ਵੱਲ
ਅਲੋਪ ਹੁੰਦੇ ਗਏ।
ਘੋੜ-ਸਵਾਰ
ਲਾਲ-ਫ਼ੌਜੀ ਘੋੜ-ਸਵਾਰਾਂ ਦੇ ਘੋੜੇ
ਹਵਾ ਨਾਲ ਗੱਲਾਂ ਕਰਨ ਲੱਗੇ
ਹਵਾ ਨਾਲ
ਘੋੜੇ
ਹਵਾ 'ਤੇ ਅਸਵਾਰ ਹੋਏ ਘੋੜਿਆਂ ਦੇ ਨਾਲ
ਨਾਲ
ਉਸ ਦੀ ਜੀਵਨ-ਜੋਤ ਬੁਝਦੀ ਗਈ,
ਵਗਦੇ ਪਾਣੀ ਦੀ ਆਵਾਜ਼ ਵੀ ਚੁੱਪ ਹੁੰਦੀ ਗਈ।

ਪਰਛਾਵੇਂ ਛਾਂ ਵਿਚ ਘੁਲਦੇ ਗਏ
ਰੰਗ ਧੁੰਦਲੇ ਹੁੰਦੇ ਹੁੰਦੇ, ਮਿਟਦੇ ਗਏ
ਉਸ ਦੀਆਂ ਨੀਲੀਆਂ ਅੱਖਾਂ ਦੇ ਛੱਪਰ
ਬੰਦ ਹੁੰਦੇ ਗਏ।
ਉਸ ਦੇ ਪੀਲੇ ਵਾਲਾਂ ਉੱਤੇ
ਬੈਂਤ ਦੇ ਦਰੱਖ਼ਤ ਝੂਲਦੇ ਰਹੇ।

ਰੋ ਨਾ ਵੀਪਿੰਗ ਵਿਲੋ
ਰੋਈਂ ਨਾ।
ਕਾਲੇ ਪਾਣੀ ਦੇ ਸ਼ੀਸ਼ੇ ਵਿਚ
ਆਪਣੇ ਹੱਥਾਂ ਨੂੰ ਗਲਵੱਕੜੀ ਵਿਚ ਨਾ
ਘੁੱਟੀਂ
ਆਪਣੇ ਹੱਥਾਂ ਨੂੰ ਘੁੱਟ ਨਾ ਲਵੀਂ
ਰੋਈਂ ਬਿਲਕੁਲ ਨਾ
ਵੇਖੀਂ ਅੱਥਰੂ ਨਾ ਕੇਰੀਂ
*ਵੀਪਿੰਗ ਵਿਲੋ !

*(ਪੰਜਾਬੀ ਰੂਪ —ਹ.ਸ.ਹ.)*

---

** ਇਕ ਰੁੱਖ ਦਾ ਨਾਂ, ਜਿਸ ਦੀਆਂ ਟਾਹਣੀਆਂ ਹੇਠਾਂ ਨੂੰ ਝੁਕੀਆਂ ਹੁੰਦੀਆਂ ਹਨ।*

## ਕਿੰਝ ਲੰਘਾਈ ਹੈ ?/*ਹਰਭਜਨ ਸਿੰਘ ਹੁੰਦਲ*

ਕੀ ਦੱਸੀਏ ਕਿੰਝ ਲੰਘਾਈ ਹੈ ?
ਬਹੁਤੀ ਤਾਂ ਪੀੜ ਪਰਾਈ ਹੈ।

ਕੁਝ ਧੱਕੇ, ਠੇਡੇ, ਝਿੜਕਾਂ ਨੇ
ਲੱਖ ਰੱਖੀਆਂ, ਸੂਹਾਂ, ਬਿੜਕਾਂ ਨੇ।
ਕੁਝ ਨਿੰਦਿਆ, ਚੋਗੀ, ਯਾਗੀ ਸੀ
ਬਹੁਤੀ ਤਾਂ ਖੱਜਲ ਖ਼ਵਾਰੀ ਸੀ।

ਕੋਈ ਟਾਵਾਂ, ਫੁੱਲ ਗੁਲਾਬ ਵੀ ਹੈ।
ਕੋਈ ਬਚਿਆ ਸੁਰਖ਼ ਖ਼ਵਾਬ ਵੀ ਹੈ।
ਪਰ ਬਹੁਤੇ ਸੂਲਾਂ, ਭੱਖੜੇ ਸਨ
ਸਾਡੇ ਸ਼ੌਕ ਅਵੱਲੇ, ਵੱਖਰੇ ਸਨ।

ਘੱਟ ਜਿੱਤਾਂ ਨੇ, ਵੱਧ ਹਾਰਾਂ ਨੇ।
ਕਿੰਝ ਵੈਰ ਲਿਆ ਸਰਕਾਰਾਂ ਨੇ।

ਕੁਝ ਲੋਈਆਂ, ਚਿੰਨ, ਇਨਾਮ ਵੀ ਸਨ।
ਕੁਝ ਮਹਿਫ਼ਲਾਂ, ਸੂਹੇ ਜਾਮ ਵੀ ਸਨ।
ਕੁਝ ਸੈਰ-ਸਪਾਟੇ ਕੀਤੇ ਨੇ।
ਬਹੁ ਜ਼ਹਿਰ-ਪਿਆਲੇ ਪੀਤੇ ਨੇ।

ਕੁਝ ਸੱਜਣ ਅਤੇ 'ਸੁਹੇਲ' ਵੀ ਸਨ
ਕੁਝ ਹੋਏ ਅਚਾਨਕ ਮੇਲ ਵੀ ਸਨ।
ਕਈ ਦਿਲਬਰ ਤੇ ਦਿਲਦਾਰ ਮਿਲੇ।
ਕਈ ਜੂਝਣ ਵਾਲੇ ਯਾਰ ਮਿਲੇ।

ਸੀਖਾਂ ਦੇ ਕਹਿਰ ਵੀ ਝੱਲੇ ਨੇ।
ਅਸਾਂ ਦਰਦ-ਪਹਾੜ ਉਥੱਲੇ ਨੇ।
ਕੁਝ ਸਾਡੇ ਪੰਧ ਅਵੱਲੇ ਸਨ
ਕੁਝ ਦੁੱਖ ਰਕੀਬਾਂ ਘੱਲੇ ਸਨ।

ਪਰ ਭੋਰਾ ਨਾ ਪਛਤਾਈਦਾ।
ਨਾ ਥਾਂ ਥਾਂ ਦਰਦ ਸੁਣਾਈਦਾ।
ਕੀ ਮਾਣ ਮਾਰੀਆਂ ਮੱਲਾਂ ਦਾ।
ਕੀ ਫ਼ਾਇਦਾ ਫੋਕੀਆਂ ਗੱਲਾਂ ਦਾ।

ਅਸਾਂ ਸਿਰ ਨਾ ਕਦੇ ਨਿਵਾਇਆ ਸੀ
ਬੱਸ ਇੱਕੋ ਵਣਜ ਕਮਾਇਆ ਸੀ।
ਕੀ ਕਹੀਏ ਕਿੰਝ ਲੰਘਾਈ ਹੈ ?
ਬਹੁਤੀ ਤਾਂ ਪੀੜ ਪਰਾਈ ਹੈ।

(15.4.2002)





## ਇਕ ਕਾਫ਼ਰ ਮਸੀਹਾ/*ਇੰਦਰ ਸਿੰਘ ਖ਼ਾਮੋਸ਼*

ਕਾਊਂਟ ਲਿਓ ਤਾਲਸਤਾਏ ਦੀ ਉਮਰ ਦਾ ਚੌਂਤੀਵਾਂ ਸਾਲ। ਮਹੀਨਾ ਅਪ੍ਰੈਲ। ਸ਼ਹਿਰ ਮਾਸਕੋ। ਸਥਾਨ ਡਾਕਟਰ ਐਂਡਰੀ ਬਹਿਰਜ਼ ਦਾ ਕਲਿਨਿਕ। ਖੰਘਦਾ ਹੋਇਆ ਤਾਲਸਤਾਏ ਡਾਕਟਰ ਕੋਲ ਆਪਣਾ ਡਰ ਪ੍ਰਗਟ ਕਰਦਾ ਹੈ।

"ਮੇਰੀ ਖੰਘ ਹਟਣ ਦਾ ਨਾਂ ਹੀ ਨਹੀਂ ਲੈਂਦੀ, ਮੇਰੇ ਦੋ ਭਰਾ ਤਪਦਿਕ ਨਾਲ ਮਰੇ ਹਨ ਡਾਕਟਰ ਬਹਿਰਜ਼। ਜਾਪਦਾ ਹੈ ਮੈਂ ਵੀ ਤਪਦਿਕ ਨਾਲ ਮਰਾਂਗਾ।" ਤਾਲਸਤਾਏ ਬਹੁਤ ਪ੍ਰੇਸ਼ਾਨ ਜਾਪਦਾ ਹੈ।

ਡਾਕਟਰ ਉਸਦਾ ਮੁਆਇਨਾ ਕਰਦਾ ਹੈ। ਟੂਟੀਆਂ ਲਗਾ ਕੇ ਫੇਫੜਿਆਂ ਦੀ ਜਾਂਚ ਪਰਖ ਕਰਦਾ ਹੈ। ਤਪਦਿਕ ਦੇ ਚਿੰਨ੍ਹ ਲੱਭਣ ਲਈ ਥੁੱਕ ਦੀ ਪਰਖ ਕਰਦਾ ਹੈ। ਸਾਰੇ ਟੈਸਟ ਕਰਨ ਪਿਛੋਂ ਆਖਦਾ ਹੈ।

"ਕਾਊਂਟ ਤਾਲਸਤਾਏ ਘਬਰੌਣ ਦੀ ਕੋਈ ਲੋੜ ਨਹੀਂ । ਫਿਲਹਾਲ ਕਿਸੇ ਖਤਰਨਾਕ ਬੀਮਾਰੀ ਦੇ ਕੋਈ ਆਸਾਰ ਨਜ਼ਰ ਨਹੀਂ ਆਂਦੇ। ਕਮਜ਼ੋਰੀ ਜ਼ਰੂਰ ਹੈ। ਖ਼ੂਨ ਦੀ ਘਾਟ ਹੈ। ਇਸ ਸਮੇਂ ਤੁਹਾਨੂੰ ਕਿਸੇ ਦਵਾਈ ਦੀ ਲੋੜ ਨਹੀਂ। ਹਵਾ ਪਾਣੀ ਬਦਲਣ ਦੀ ਲੋੜ ਹੈ । ਕਿਊਮਿਸ ਪੀਣ ਨਾਲ ਤੁਸੀਂ ਬਿਲਕੁਲ ਠੀਕ ਹੋ ਜਾਓਗੇ। ਮੇਰੀ ਸਲਾਹ ਹੈ ਕਿ ਤੁਸੀਂ ਦੋ ਚਾਰ ਮਹੀਨੇ ਸਮਰਾ ਦੇ ਖੁੱਲ੍ਹੇ ਮੈਦਾਨਾਂ ਵਿਚ ਚਲੇ ਜਾਓ। ਉਥੇ ਖਾਨਾਬਦੋਸ਼ ਬਸ਼ਕੀਰਾ ਕੋਲ ਰਹੋ। ਉਨ੍ਹਾਂ ਵਰਗਾ ਖਾਣਾ ਖਾਓ। ਰੱਜ ਕੇ ਕਿਊਮਿਸ ਪੀਓ ਤੁਸੀਂ ਨੌ ਬਰ ਨੌ ਹੋ ਜਾਓਗੇ। ਕਿਊਮਿਸ ਬਾਰੇ ਤਾਂ ਤੁਸੀਂ ਜਾਣਦੇ ਹੀ ਹੋਵੋਗੇ?"

"ਬਹੁਤ ਚੰਗੀ ਤਰ੍ਹਾਂ ਜਾਣਦਾ ਹਾਂ ਡਾਕਟਰ ਬਹਿਰਜ਼। ਕਿਊਮਿਸ ਘੋੜੀ ਦਾ ਖਮੀਰਿਆ ਹੋਇਆ ਦੁੱਧ ਭਾਵ ਦਹੀਂ ਹੁੰਦਾ ਹੈ। ਇਸ ਵਿੱਚ ਥੋੜ੍ਹੀ ਮਾਤਰਾ ਵਿਚ ਕਾਰਬਨਿਕ ਤੇਜ਼ਾਬ ਮਿਲਿਆ ਹੁੰਦਾ ਹੈ। ਬਸ਼ਕੀਰ ਲੋਕ ਇਸਨੂੰ ਤਿਆਰ ਕਰਦੇ ਹਨ। ਮੈਂ ਕਈ ਵਾਰ ਸਮਰਾ ਗਿਆ ਹਾਂ। ਬਹੁਤ ਵਧੀਆ ਲੋਕ ਹੁੰਦੇ ਹਨ ਬਸ਼ਕੀਰ। ਮੈਂ ਕੱਲ ਨੂੰ ਹੀ ਸਮਰਾ ਚਲਾ ਜਾਵਾਂਗਾ।"

"ਮੇਰੀਆਂ ਸ਼ੁਭ ਇਛਾਵਾ ਤੁਹਾਡੇ ਨਾਲ ਹਨ ਕਾਊਂਟ ਤਾਲਸਤਾਏ। ਉਮੀਦ ਹੈ ਉਥੋਂ ਪਹਿਲਵਾਨਾ ਵਰਗੀ ਸਿਹਤ ਲੈ ਕੇ ਵਾਪਸ ਆਓਗੇ।"

ਡਾਕਟਰ ਨਾਲ ਹੱਥ ਮਿਲਾ ਕੇ ਉਸਦਾ ਧੰਨਵਾਦ ਕਰਕੇ ਤਾਲਸਤਾਏ ਉਸਦੇ ਕਲਿਨਿਕ ਵਿਚੋਂ ਬਾਹਰ ਆਉਂਦਾ ਹੈ ਅਤੇ ਅਗਲੇ ਹੀ ਦਿਨ ਆਪਣੇ ਨੌਕਰ ਅਲੈਗਸੀ ਨੂੰ ਨਾਲ ਲੈ ਕੇ ਸਮਰਾ ਜਾਣ ਵਾਸਤੇ ਗੱਡੀ ਚੜ੍ਹ ਜਾਂਦਾ ਹੈ। ਉਥੇ ਪਹੁੰਚ ਕੇ ਉਹ ਬਸ਼ਕੀਰਾਂ ਵਾਂਗ ਹੀ ਨਮਦੇ ਦੇ ਤੰਬੂ ਵਿਚ ਰਹਿੰਦਾ ਹੈ। ਜ਼ਮੀਨ ਉਪਰ ਵਿਛੇ ਘਾਹ ਉੱਪਰ ਸੌਂਦਾ ਹੈ। ਭੇਡੂ ਅਤੇ ਘੋੜੇ ਦਾ ਸੁੱਕਾ ਮਾਸ ਖਾਂਦਾ ਹੈ। ਪਾਣੀ ਦੀ ਥਾਂ ਕਿਊਮਿਸ ਪੀਂਦਾ ਹੈ। ਬੜੀ ਛੇਤੀ ਉਸਦੀ ਖੰਘ ਠੀਕ ਹੋ ਜਾਂਦੀ ਹੈ। ਉਸਦੀਆਂ ਰਗਾਂ ਵਿੱਚ ਤੰਦਰੁਸਤ ਲਹੂ ਗੇੜੇ ਕੱਢਣ ਲੱਗ ਪੈਂਦਾ ਹੈ। ਸਰੀਰ ਟਪੂੰ ਟਪੂੰ ਕਰਨ ਲੱਗ ਪੈਂਦਾ ਹੈ। ਉਹ ਨੌਜਵਾਨ ਬਸ਼ਕੀਰਾਂ ਨਾਲ ਹਰ ਤਰ੍ਹਾਂ ਦੀਆਂ ਸਰੀਰ ਨੂੰ ਥਕਾਵਟ ਵਾਲੀਆਂ ਖੇਡਾਂ ਖੇਡਦਾ ਹੈ। ਜ਼ੋਰ ਅਜ਼ਮਾਈ ਕਰਦਾ ਹੈ, ਦੌੜਾਂ ਲਗਾਉਂਦਾ ਹੈ। ਘੋੜੇ ਭਜਾਉਂਦਾ ਹੈ। ਕੁਸ਼ਤੀਆਂ ਲੜਦਾ ਹੈ। ਉਹ ਸਾਰੇ ਬਸ਼ਕੀਰਾਂ ਨਾਲੋਂ ਤਕੜਾ ਹੈ। ਕੁਸ਼ਤੀ ਵਿਚ ਸਿਰਫ ਇਕ ਬਸ਼ਕੀਰ ਉਸਦਾ ਮੁਕਾਬਲਾ ਕਰ ਸਕਦਾ ਹੈ। ਬਹੁਤ ਸਾਰੇ ਬਸ਼ਕੀਰ ਉਸਦੇ ਦੋਸਤ ਬਣ ਜਾਂਦੇ ਹਨ। ਬਜ਼ੁਰਗਾਂ ਨਾਲ ਉਹ ਧਰਮ ਦੀਆਂ ਗੱਲਾਂ ਕਰਦਾ ਹੈ। ਨੌਜਵਾਨਾ ਨਾਲ ਨੌਜਵਾਨਾਂ ਵਰਗੀਆਂ ਗੱਲਾਂ ਕਰਦਾ ਹੈ। ਉਸਨੂੰ ਬਸ਼ਕੀਰਾਂ ਦੀ ਆਜ਼ਾਦ ਖਾਨਾਬਦੋਸ਼ ਜ਼ਿੰਦਗੀ ਨਾਲ ਪਿਆਰ ਹੋ ਜਾਂਦਾ ਹੈ। ਮਨ ਵਿੱਚ ਇਥੇ ਜ਼ਮੀਨ ਖਰੀਦ ਕੇ ਹਮੇਸ਼ਾ ਲਈ ਰਹਿਣ ਦੀ ਸੱਧਰ ਜਾਗਦੀ ਹੈ। ਉਥੋਂ ਵਾਪਸ ਆਉਣ ਨੂੰ ਉਸਦਾ ਮਨ ਨਹੀਂ ਕਰਦਾ ਪਰ ਆਂਟੀ ਤਾਤੀਆਨਾ ਅਤੇ ਭੈਣ ਮਾਰੀਆ ਦੀ ਯਾਦ ਉਸਨੂੰ ਵਾਪਸ ਮੁੜਨ ਲਈ ਮਜਬੂਰ ਕਰ ਦਿੰਦੀ ਹੈ।

ਉਸਦੇ ਸਮਰਾ ਜਾਣ ਤੋਂ ਤਕਰੀਬਨ ਡੇਢ ਮਹੀਨਾ ਪਿਛੋਂ ਪੁਲੀਸ ਯਾਸਨਾਯਾ ਪੋਲੀਯਾਨਾ ਵਿਖੇ

ਉਸ ਦੇ ਘਰ ਉਤੇ ਛਾਪਾ ਮਾਰਦੀ ਹੈ। ਪੁਲੀਸ ਘਰ ਨੂੰ ਸਾਰੇ ਪਾਸਿਆਂ ਤੋਂ ਘੇਰ ਲੈਂਦੀ ਹੈ। ਤਾਤੀਆਨਾ ਅਤੇ ਮਾਰੀਆ ਪੁਲੀਸ ਨੂੰ ਦੇਖ ਕੇ ਭੈਅਭੀਤ ਹੋ ਜਾਂਦੀਆਂ ਹਨ। ਐਸ.ਐਸ.ਪੀ.ਕਰਨਲ ਡੁਰਕੋਵੋ ਸਾਰੀ ਕਾਰਵਾਈ ਦੀ ਨਿਗਰਾਨੀ ਕਰ ਰਿਹਾ ਹੈ। ਸਰਕਾਰੀ ਹੁਕਮਾਂ ਅਨੁਸਾਰ ਉਸਨੇ ਛਾਪਾ ਮਾਰਿਆ ਹੈ। ਉਸ ਕੋਲ ਘਰ ਦੀ ਤਲਾਸ਼ੀ ਲੈਣ ਦੇ ਵਰੰਟ ਹਨ।

ਉਹ ਤਾਤੀਆਨਾ ਅਤੇ ਮਾਰੀਆ ਨੂੰ ਇੱਕ ਕਮਰੇ ਵਿਚ ਬੰਦ ਕਰਕੇ ਘਰ ਦੀ ਤਲਾਸ਼ੀ ਸ਼ੁਰੂ ਕਰ ਦਿੰਦਾ ਹੈ। ਪੁਲੀਸ ਦੇ ਸਿਪਾਹੀ ਸਾਰੇ ਕਮਰਿਆਂ ਵਿੱਚ ਵੜ ਕੇ ਘਰ ਦਾ ਕੋਨਾ ਕੋਨਾ ਫਰੋਲ ਦਿੰਦੇ ਹਨ। ਕਰਨਲ ਡੁਰਕੋਵੋ ਅਤੇ ਡੀ.ਐਸ.ਪੀ.ਖੁਰਕੋਵ ਤਾਲਸਤਾਏ ਦੀਆਂ ਡਾਇਰੀਆਂ ਪੜ੍ਹਦੇ ਹਨ। ਸਾਹਿਤਕ ਰਚਨਾਵਾ ਦੇ ਖਰੜੇ ਪੜ੍ਹਦੇ ਹਨ। ਚਿੱਠੀਆਂ ਵਾਲੀਆਂ ਫਾਈਲਾਂ ਦੀ ਫਰੋਲਾ ਫਰਾਲੀ ਕਰਦੇ ਹਨ। ਵਾਕਫਕਾਰਾਂ ਦੇ ਪਤੇ ਨੋਟ ਕਰਦੇ ਹਨ। ਪਰ ਸਾਰੇ ਘਰ ਵਿੱਚ ਉਨ੍ਹਾਂ ਨੂੰ ਅਜਿਹਾ ਕੁਝ ਨਹੀਂ ਲੱਭਦਾ ਜਿਸਦੇ ਆਧਾਰ 'ਤੇ ਉਹ ਤਾਲਸਤਾਏ ਵਿਰੁਧ ਕੋਈ ਕਾਨੂੰਨੀ ਕਾਰਵਾਈ ਕਰ ਸਕਣ।

ਗੁੱਸੇ ਨਾਲ ਲਾਲ ਪੀਲੇ ਹੁੰਦੇ ਦੋਵੇ ਅਫਸਰ ਤਾਲਸਤਾਏ ਵਲੋਂ ਚਲਾਏ ਜਾ ਰਹੇ ਸਕੂਲ ਵਿੱਚ ਜਾ ਵੜਦੇ ਹਨ। ਵਿਦਿਆਰਥੀਆਂ ਦੀਆਂ ਕਾਪੀਆ ਕਿਤਾਬਾਂ ਕਬਜ਼ੇ ਵਿਚ ਕਰ ਲੈਂਦੇ ਹਨ। ਅਧਿਆਪਕਾਂ ਨੂੰ ਗ੍ਰਿਫਤਾਰ ਕਰ ਲੈਂਦੇ ਹਨ। ਪੁਲੀਸ ਦੀਆਂ ਨਜ਼ਰਾਂ ਵਿੱਚ ਅਧਿਆਪਕ ਉਹ ਕ੍ਰਾਂਤੀ-ਕਾਰੀ ਵਿਦਿਆਰਥੀ ਹਨ ਜਿਨ੍ਹਾਂ ਨੂੰ ਹੜਤਾਲਾਂ ਕਰਨ ਕਰਕੇ ਯੂਨੀਵਰਸਿਟੀਆਂ ਵਿਚੋਂ ਕੱਢਿਆ ਗਿਆ ਹੈ। ਇਨ੍ਹਾਂ ਕ੍ਰਾਂਤੀ-ਕਾਰੀ ਵਿਦਿਆਰਥੀਆਂ ਨੂੰ ਤਾਲਸਤਾਏ ਵਲੋਂ ਅਧਿਆਪਕ ਦੀ ਨੌਕਰੀ ਦੇਣਾ ਪੁਲੀਸ ਦੀਆਂ ਨਜ਼ਰਾਂ ਵਿੱਚ ਅਪਰਾਧ ਹੈ।

ਪੁਲੀਸ ਦੇ ਨਾਲ ਆਇਆ ਕੈਮਰਾਮੈਨ ਸਾਰੇ ਘਰ ਦੀਆਂ ਤਸਵੀਰਾਂ ਖਿਚਦਾ ਹੈ।

ਪੁਲੀਸ ਦੋ ਦਿਨ ਤੱਕ ਘਰ ਵਿੱਚ ਬੈਠੀ ਰਹਿੰਦੀ ਹੈ। ਘਰ ਦੇ ਨੌਕਰ ਨੌਕਰਾਣੀਆਂ ਤੋਂ ਪੁੱਛ ਪੜਤਾਲ ਕੀਤੀ ਜਾਂਦੀ ਹੈ ਜਿਸ ਕਿਸੇ 'ਤੇ ਪੁਲੀਸ ਨੂੰ ਸ਼ੱਕ ਹੁੰਦਾ ਹੈ ਉਸ ਤੋਂ ਪੁੱਛ ਪੜਤਾਲ ਕਰਦੀ ਹੈ। ਧਮਕੀਆਂ ਡਰਾਵਿਆਂ ਨਾਲ ਖਤਰਨਾਕ ਨਤੀਜਿਆਂ ਦੇ ਡਰਾਵੇ ਦਿੰਦੀ ਹੈ।

ਐਸ.ਐਸ.ਪੀ. ਕਰਨਾਲ ਡੁਰਕੋਵੋ ਖੁਸ਼ ਨਹੀਂ ਹੈ। ਉਹ ਗੁੱਸੇ ਨਾਲ ਉਬਲ ਰਿਹਾ ਹੈ। ਕਾਫੀ ਸਮੇਂ ਤੋਂ ਤਾਲਸਤਾਏ ਉਪਰ ਨਜ਼ਰ ਰੱਖ ਰਿਹਾ ਹੈ। ਉਹ ਬਹੁਤ ਦੁਖੀ ਹੈ। ਉਸਨੂੰ ਤਾਲਸਤਾਏ ਦੇ ਘਰੋਂ ਅਜਿਹਾ ਕੁਝ ਨਹੀਂ ਮਿਲਿਆ ਜੋ ਕੁਝ ਜਾਸੂਸ ਸ਼ਿਪੋਵੋ ਨੇ ਆਪਣੀ ਰਿਪੋਟ ਵਿੱਚ ਲਿਖਿਆ ਹੈ। ਸ਼ਿਪੋਵੋ ਦੀ ਰਿਪੋਟ ਆਖਦੀ ਹੈ।

-ਕਾਊਂਟ ਨਿਕੋਲਾਈ ਵਿੱਚ ਤਾਲਸਤਾਏ ਦੇ ਘਰ ਵਿੱਚ ਕਈ ਗੁਪਤ ਦਰਵਾਜ਼ੇ ਹਨ। ਗੁਪਤ ਪੌੜੀਆਂ ਹਨ। ਘਰ ਵਿੱਚ ਇਕ ਪ੍ਰੈਸ ਲੱਗਾ ਹੋਇਆ ਹੈ ਜਿਥੇ ਬਾਦਸ਼ਾਹ ਦੇ ਖਿਲਾਫ ਪੈਂਫਲਿਟ ਅਤੇ ਇਸ਼ਤਿਹਾਰ ਛਪਦੇ ਹਨ। ਰਾਤ ਸਮੇਂ ਬਹੁਤ ਸਾਰੇ ਪਹਿਰੇਦਾਰ ਘਰ ਦੀ ਚੌਂਕੀਦਾਰੀ ਕਰਦੇ ਹਨ। ਜ਼ਾਰ ਵਿਰੋਧੀ ਪੈਂਫਲਿਟਾਂ ਨੂੰ ਲੋਕਾਂ ਵਿੱਚ ਵੰਡਣ ਦਾ ਕੰਮ ਸਕੂਲ ਦੇ ਵਿਦਿਆਰਥੀ ਅਤੇ ਅਧਿਆਪਕ ਕਰਦੇ ਹਨ। ਤਾਲਸਤਾਏ ਦਾ ਘਰ ਕ੍ਰਾਂਤੀਕਾਰੀਆਂ ਦਾ ਅੱਡਾ ਹੈ।

ਪਰ ਕਰਨਲ ਡੁਰਕੋਵੋ ਨੂੰ ਘਰ ਵਿੱਚ ਕੋਈ ਪ੍ਰੈਸ ਨਹੀਂ ਲੱਭਦਾ। ਕੋਈ ਗੁਪਤ ਦਰਵਾਜ਼ੇ ਨਜ਼ਰ ਨਹੀਂ ਆਉਂਦੇ। ਕੋਈ ਗੁਪਤ ਪੌੜੀਆਂ ਦਿਖਾਈ ਨਹੀਂ ਦਿੰਦੀਆ। ਕੋਈ ਪ੍ਰੈਸ ਨਹੀਂ ਮਿਲਦਾ । ਜ਼ਾਰ ਦੇ ਵਿਰੁੱਧ ਲਿਖਿਆ ਕੋਈ ਪੈਂਫਲਿਟ ਨਹੀਂ ਲੱਭਦਾ। ਉਸਨੂੰ ਸ਼ਿਪੋਵੋ ਉਪਰ ਗੁੱਸਾ ਹੈ। ਉਸਨੂੰ ਆਪਣੀ ਗਲਤੀ ਦਾ ਅਹਿਸਾਸ ਹੁੰਦਾ ਹੈ। ਉਹ ਮਾਰੀਆ ਅਤੇ ਬਜ਼ੁਰਗ ਤਾਤੀਆਨਾ ਤੋਂ ਮੁਆਫੀ ਮੰਗਦਾ ਹੈ। ਪਰ ਨਾਲ ਹੀ ਚਿਤਾਵਨੀ ਦਿੰਦਾ ਹੈ ਕਿ ਉਹ ਤਾਲਸਤਾਏ ਨੂੰ ਰਾਜਨੀਤੀ ਤੋਂ ਦੂਰ ਰਹਿਣ ਲਈ ਆਖਣ ਕਿਉਂਕਿ ਸਰਕਾਰ ਦੀ ਉਸ ਉਤੇ ਅੱਖ ਹੈ। ਪੁਲੀਸ ਦੁਬਾਰਾ ਵੀ ਆ ਸਕਦੀ ਹੈ।

ਸਮਰਾ ਵਿੱਚ ਜ਼ਮੀਨ ਖਰੀਦਣ ਦੇ ਸੁਪਨੇ ਦੇਖਦਾ ਕਿਉਮਿਸ ਪੀਣ ਨਾਲ ਮਿਲੀ ਲਾਲ ਸੂਹੀ ਤੰਦਰੁਸਤੀ ਦੀ ਮਸਤੀ ਨਾਲ ਨਸ਼ਿਆਇਆ ਜਦ ਉਹ ਘਰ ਵਾਪਸ ਆ ਕੇ ਪੁਲੀਸ ਛਾਪੇ ਦੀ



ਕਹਾਣੀ ਸੁਣਦਾ ਹੈ ਤਾਂ ਉਸਦੇ ਤਨ ਬਦਨ ਨੂੰ ਅੱਗ ਲੱਗ ਜਾਂਦੀ ਹੈ। ਮਹਿਸੂਸ ਕਰਦਾ ਹੈ ਉਹ ਬਦਨਾਮੀ ਦੇ ਚਿਕੜ ਨਾਲ ਲੱਥ ਪੱਥ ਹੈ। ਉਸਦੀ ਸਾਰੀ ਇਜ਼ਤ ਮਿੱਟੀ ਵਿੱਚ ਮਿਲ ਗਈ ਹੈ। ਬੜੀਆਂ ਖਤਰਨਾਕ ਗੱਲਾਂ ਉਸਦੇ ਦਿਮਾਗ ਵਿੱਚ ਆ ਰਹੀਆਂ ਹਨ। ਉਸ ਨੂੰ ਸਾਰਾ ਦੇਸ਼ ਇਕ ਜੇਲ੍ਹ ਖਾਨਾ ਜਾਪਦਾ ਹੈ ਜਿਥੇ ਕਿਸੇ ਦੀ ਵੀ ਇਜ਼ਤ ਆਬਰੂ ਸੁਰੱਖਿਅਤ ਨਹੀਂ । ਪੁਲੀਸ ਛਾਪੇ ਨੇ ਉਸਨੂੰ ਕਿਸੇ ਨੂੰ ਮੂੰਹ ਦਿਖਾਉਣ ਜੋਗਾ ਨਹੀਂ ਛੱਡਿਆ। ਉਹ ਇਹ ਸੋਚ ਕੇ ਪ੍ਰੇਸ਼ਾਨ ਹੋ ਰਿਹਾ ਹੈ ਕਿ ਹੁਣ ਲੋਕ ਉਸਨੂੰ ਅੱਗ ਲਗਾਉਣ ਵਾਲਾ ਮਾਰ ਧਾੜ ਕਰਨ ਵਾਲਾ ਖਤਰਨਾਕ ਕ੍ਰਾਂਤੀਕਾਰ ਸਮਝਦੇ ਹੋਣਗੇ। ਉਹ ਮਹਿਸੂਸ ਕਰਦਾ ਹੈ ਪੁਲੀਸ ਨੇ ਉਸਨੂੰ ਨਿਰਵਸਤਰ ਕਰਕੇ ਭਰੇ ਬਾਜ਼ਾਰ ਵਿੱਚ ਨੰਗਾ ਖੜ੍ਹਾ ਕਰ ਦਿੱਤਾ ਹੈ। ਉਸਦੇ ਮੂੰਹ ਉਤੇ ਬਦਨਾਮੀ ਦੀ ਕਾਲਖ ਮਲ ਦਿੱਤੀ ਹੈ। ਬਿਨਾਂ ਕਸੂਰ ਉਸਨੂੰ ਮੁਜਰਮ ਬਣਾ ਕੇ ਪੁਲੀਸ ਨੇ ਉਸ ਨਾਲ ਬਹੁਤ ਵੱਡੀ ਬੇਇਨਸਾਫੀ ਕੀਤੀ ਹੈ। ਉਹ ਇਸ ਬੇਇਨਸਾਫੀ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਇਨਸਾਫ ਪ੍ਰਾਪਤ ਕਰਨ ਲਈ ਉਹ ਹਰ ਸਾਧਨ ਵਰਤੇਗਾ। ਜੇਕਰ ਉਸਦੀ ਤਸੱਲੀ ਨਾ ਹੋਈ ਉਹ ਦੇਸ਼ ਛੱਡ ਕੇ ਚਲਾ ਜਾਵੇਗਾ।

ਉਹ ਬਾਦਸ਼ਾਹ ਨੂੰ ਮਿਲਣਾ ਚਾਹੁੰਦਾ ਹੈ। ਪੁੱਛਣਾ ਚਾਹੁੰਦਾ ਹੈ ਉਸਦਾ ਕਸੂਰ ਕੀ ਹੈ। ਪੁਲੀਸ ਨੂੰ ਉਸਦੇ ਘਰ ਦੀ ਤਲਾਸ਼ੀ ਲੈਣ ਦੀ ਜੁਅਰਤ ਕਿਵੇਂ ਹੋਈ? ਆਖਰ ਉਹ ਵੀ ਇਕ ਕਾਊਂਟ ਹੈ। ਵਿਸ਼ੇਸ਼ ਅਧਿਕਾਰ ਪ੍ਰਾਪਤ ਪ੍ਰਤਿਸ਼ਟ ਪਰਿਵਾਰ ਨਾਲ ਸੰਬੰਧ ਰੱਖਦਾ ਹੈ। ਦੇਸ਼ ਲਈ ਕੀਤੀਆ ਕੁਰਬਾਨੀਆਂ ਦਾ ਉਸਦੇ ਖਾਨਦਾਨ ਦਾ ਸ਼ਾਨਦਾਰ ਇਤਿਹਾਸ ਹੈ। ਸ਼ਾਹੀ ਦਰਬਾਰ ਨਾਲ ਸਬੰਧਤ ਖਾਨਦਾਨਾਂ ਨਾਲ ਉਸਦੀਆਂ ਰਿਸ਼ਤੇਦਾਰੀਆਂ ਹਨ। ਉਸਦੇ ਪੁਰਖੇ ਰਾਜ ਦਰਬਾਰ ਨਾਲ ਸਬੰਧਤ ਵੱਡੀਆਂ ਵੱਡੀਆਂ ਪਦਵੀਆਂ ਤੇ ਰਹੇ ਹਨ। ਪੁਲੀਸ ਦਾ ਇਹ ਛਾਪਾ, ਘਰ ਦੀ ਇਹ ਤਲਾਸ਼ੀ ਉਸਦੇ ਖਾਨਦਾਨ ਦੀ ਬੇਇਜ਼ਤੀ ਹੈ। ਉਸਦੀ ਬਹੁਤ ਭਾਰੀ ਹੱਤਕ ਹੈ। ਉਹ ਛਾਪੇ ਦੇ ਕਾਰਨਾਂ ਦਾ ਪਤਾ ਲਗਾਏਗਾ। ਛਾਪਾ ਮਾਰਨ ਵਾਲਿਆਂ ਅਤੇ ਇਸਦਾ ਹੁਕਮ ਦੇਣ ਵਾਲਿਆਂ ਦੀ ਨੀਂਦ ਹਰਾਮ ਕਰ ਦੇਵੇਗਾ। ਉਨ੍ਹਾਂ ਤੋਂ ਮਾਫੀ ਮੰਗਵਾਏਗਾ। ਆਪਣੀ ਇਜ਼ਤ ਨੂੰ ਹੋਏ ਨੁਕਸਾਨ ਦੀ ਤਲਾਫੀ ਕਰਨਯੋਗ ਆਪਣੇ ਖਿਲਾਫ ਅਜਿਹੀ ਘਟੀਆ ਸਾਜ਼ਿਸ਼ ਕਰਨ ਵਾਲਿਆਂ ਨੂੰ ਅਹਿਸਾਸ ਕਰਵਾਏਗਾ ਕਿ ਕਾਊਂਟ ਤਾਲਸਤਾਏ ਕੋਈ ਲੱਲੂ ਪੰਜੂ ਕਾਊਂਟ ਨਹੀਂ, ਉਹ ਇੱਟ ਦਾ ਜਵਾਬ ਪੱਥਰ ਨਾਲ ਦੇਣਾ ਜਾਣਦਾ ਹੈ। ਉਹ ਬਾਦਸ਼ਾਹ ਨੂੰ ਮਿਲੇਗਾ। ਛਾਪਾ ਮਾਰਨ ਵਾਲਿਆਂ ਤੋਂ ਨੱਕ ਨਾਲ ਲਕੀਰਾਂ ਕਢਵਾਏਗਾ।

ਉਹ ਜ਼ਖਮੀ ਸੱਪ ਵਾਂਗ ਬੈਠਾ ਵਿਉਹ ਘੋਲ ਰਿਹਾ ਹੈ। ਗੁੱਸੇ ਨਾਲ ਉਬਲ ਰਿਹਾ ਹੈ। ਉਸਨੂੰ ਆਪਣੀ ਭੂਆ ਅਲੈਗਜ਼ਾਂਡਰਾ ਤਾਲਸਤਾਏ ਯਾਦ ਆ ਰਹੀ ਹੈ। ਉਹ ਪੀਟਰਜ਼ਬਰਗ ਵਿੱਚ ਰਹਿੰਦੀ ਹੈ। ਉਹ ਬਾਦਸ਼ਾਹ ਦੀਆਂ ਪੋਤੀਆ ਦੀ ਟਿਊਟਰ ਹੈ। ਉਹ ਉਸਨੂੰ ਗੁੱਸੇ ਭਰੀ ਚਿੱਠੀ ਲਿਖਦਾ ਹੈ-

"ਚੰਗੇ ਨੇ ਤੇਰੇ ਦੋਸਤ ਅਲੈਗਜ਼ਾਂਡਰਾ। ਪੀਟਰਜ਼ਬਰਗ ਵਿੱਚ ਤੂੰ ਅਜਿਹੇ ਲੋਕਾਂ ਵਿੱਚ ਕਿਵੇਂ ਰਹਿੰਦੀ ਹੈਂ ਜਿਨ੍ਹਾਂ ਨੂੰ ਚੰਗੇ ਮਾੜੇ ਦੀ ਵੀ ਪਛਾਣ ਨਹੀਂ? ਪਿਛਲੇ ਦਿਨੀਂ ਇਕ ਕਮੀਨੇ ਐਸ.ਐਸ.ਪੀ. ਕਰਨਲ ਡੁਰਕੋਵੋ ਨੇ ਮੇਰੇ ਘਰ ਉਤੇ ਛਾਪਾ ਮਾਰਿਆ। ਸਾਰੇ ਘਰ ਦੀ ਤਲਾਸ਼ੀ ਲਈ। ਆਂਟੀ ਅਤੇ ਮਾਰੀਆ ਨੂੰ ਇਕ ਕਮਰੇ ਵਿੱਚ ਬੰਦ ਕਰਕੇ ਮੇਰੀਆਂ ਨਿਜੀ ਚਿੱਠੀਆਂ ਪੜ੍ਹੀਆਂ। ਮੇਰੀਆ ਡਾਇਰੀਆਂ ਪੜ੍ਹੀਆਂ ਜਿਹੜੀਆਂ ਮੈਂ ਮਰਨ ਸਮੇਂ ਆਪਣੇ ਸਭ ਤੋਂ ਪਿਆਰੇ ਬੰਦੇ ਨੂੰ ਦੇ ਕੇ ਜਾਣੀਆਂ ਸਨ। ਚੰਗੀ ਕਿਸਮਤ ਸੀ ਤੇਰੇ ਉਸ ਦੋਸਤ ਦੀ ਕਿ ਮੈਂ ਘਰ ਨਹੀਂ ਸੀ। ਮੈਥੋਂ ਉਸਦਾ ਖੂਨ ਹੋ ਜਾਂਦਾ ਤੁਸੀਂ ਏਨੇ ਵਧੀਆ ਲੋਕ ਅਜਿਹੇ ਕਮੀਨੇ ਘਟੀਆ ਬੰਦਿਆਂ ਵਿੱਚ ਕਿਵੇਂ ਰਹੀ ਜਾਨੇ ਓ? ਤੁਹਾਨੂੰ ਇਹ ਸਭ ਕੁਝ ਨਜ਼ਰ ਨਹੀਂ ਆਉਂਦਾ?"

ਲਿਖਦੇ ਲਿਖਦੇ ਉਸਦਾ ਗੁੱਸਾ ਉਤਰ ਜਾਂਦਾ ਹੈ। ਉਹ ਅਲੈਗਜਾਂਡਰਾ ਦੇ ਖਿਆਲਾਂ ਵਿਚ ਗੁਆਚ ਜਾਂਦਾ ਹੈ। ਅਲੈਗਜ਼ਾਂਡਰਾ ਉਸਦੇ ਦਾਦੇ ਦੇ ਭਰਾ ਦੀ ਧੀ ਹੋਣ ਕਾਰਨ ਉਸਦੀ ਭੂਆ ਲੱਗਦੀ ਹੈ। ਅਲੈਜ਼ਬਿਥ ਅਤੇ ਅਲੈਗਜ਼ਾਂਡਰਾ ਦੋਵੇਂ ਭੈਣਾਂ ਬਾਦਸ਼ਾਹ ਨਿਕੋਲਸ ਪਹਿਲੇ ਦੀਆਂ ਪੋਤੀਆਂ

ਦੀਆਂ ਟਿਊਟਰ ਹਨ।

ਉਨ੍ਹਾਂ ਦੋਹਾਂ ਨੇ ਵਿਆਹ ਨਹੀਂ ਕਰਵਾਇਆ। ਅਲੈਗਜ਼ਾਂਡਰਾ ਦੋਹਾਂ ਭੈਣਾ ਵਿਚੋਂ ਛੋਟੀ ਹੈ। ਉਹ ਤਾਲਸਤਾਏ ਤੋਂ ਛੇ ਸਾਲ ਵੱਡੀ ਹੈ। ਚਾਲੀ ਸਾਲ ਦੀ ਉਮਰ ਵਿੱਚ ਵੀ ਉਹ ਵੀਹ ਸਾਲ ਦੀਆਂ ਮੁਟਿਆਰਾਂ ਵਾਂਗ ਸੁੰਦਰ ਅਤੇ ਚੰਚਲ ਹੈ। ਜਿੰਨੀ ਉਹ ਸੁੰਦਰ ਹੈ ਉਨੀ ਹੈ ਬੁੱਧੀਮਾਨ ਹੈ। ਤਾਲਸਤਾਏ ਉਸਨੂੰ ਪਿਆਰ ਕਰਦਾ ਹੈ। ਹਮੇਸ਼ਾ ਖਿੜਿਆ ਰਹਿਣ ਵਾਲਾ ਉਸਦਾ ਸੁਭਾਅ ਤਾਲਸਤਾਏ ਨੂੰ ਆਕਰਸ਼ਤ ਕਰਦਾ ਹੈ। ਉਹ ਉਸਨੂੰ ਦੁਨੀਆ ਵਿਚ ਸਭ ਨੂੰ ਸਿਆਣੀ ਔਰਤ ਸਮਝਦਾ ਹੈ। ਉਸਦਾ ਖਿਆਲ ਹੈ ਕਿ ਦੁਨੀਆ ਵਿਚ ਸਿਰਫ ਉਹੀ ਔਰਤ ਹੈ ਜਿਹੜੀ ਉਸਨੂੰ ਸਮਝਦੀ ਹੈ। ਉਨ੍ਹਾਂ ਦੋਹਾਂ ਦੀ ਉਮਰ ਦਾ ਏਨਾ ਘੱਟ ਫਰਕ ਹੈ ਕਿ ਉਹ ਉਸਨੂੰ ਭੂਆ ਕਹਿ ਕੇ ਨਹੀਂ ਬੁਲਾਉਂਦਾ ਸਗੋਂ ਮਖੌਲ ਨਾਲ ਬਬੂਸ਼ਕਾ (ਦਾਦੀ ਮਾਂ) ਆਖਦਾ ਹੈ। ਉਹ ਇਕ ਦੂਜੇ ਨਾਲ ਦਿਲ ਦੀਆਂ ਗੱਲਾਂ ਕਰ ਲੈਂਦੇ ਹਨ। ਆਪਣੇ ਭੇਤ ਸਾਂਝੇ ਕਰ ਲੈਂਦੇ ਹਨ। ਉਸਨੂੰ ਮਿਲ ਕੇ ਉਸਨੂੰ ਅਨੋਖੀ ਖੁਸ਼ੀ ਮਿਲਦੀ ਹੈ। ਉਸਦੀਆਂ ਨਜ਼ਰਾਂ ਵਿਚ ਉਹ ਵਿੱਲਖਣ ਇਸਤਰੀ ਹੈ ਸਾਰੀ ਦੁਨੀਆ ਵਿੱਚ ਕੋਈ ਵੀ ਔਰਤ ਉਸਦੀ ਚੀਚੀ ਦੇ ਬਰਾਬਰ ਵੀ ਨਹੀਂ।

ਅਲੈਗਜ਼ਾਂਡਰਾ ਦੀਆਂ ਯਾਦਾਂ ਉਸਦੇ ਮਨ ਦਾ ਬੋਝ ਹਲਕਾ ਕਰ ਦਿੰਦੀਆਂ ਹਨ। ਕੁਝ ਸਮੇਂ ਲਈ ਉਸਨੂੰ ਆਪਣੀ ਬੇਇਜ਼ਤੀ ਭੁੱਲ ਜਾਂਦੀ ਹੈ। ਅਲੈਗਜ਼ਾਂਡਰਾ ਉਸਦਾ ਚਾਨਣ ਮੁਨਾਰਾ ਹੈ। ਉਸਨੂੰ ਆਪਣਾ ਕਮਰਾ ਚਾਨਣ ਨਾਲ ਭਰਿਆ ਜਾਪਦਾ ਹੈ। ਉਹ ਆਪਣੇ ਅੰਦਰ ਇਕ ਚਾਨਣ ਅਨੁਭਵ ਕਰਦਾ ਹੈ। ਸੋਚਦਾ ਹੈ ਜਦੋਂ ਉਹ ਉਸਨੂੰ ਮਿਲਦਾ ਹੈ ਕਿਵੇਂ ਉਸਦੇ ਜਾਦੂ ਪ੍ਰਭਾਵ ਨਾਲ ਕੀਲਿਆ ਜਾਂਦਾ ਹੈ। ਉਸਨੂੰ ਦੁਨੀਆ ਜਹਾਨ ਦੀ ਕੋਈ ਖਬਰ ਨਹੀਂ ਰਹਿੰਦੀ। ਉਸਦੀ ਯਾਦ ਵਿੱਚ ਵੀ ਜਾਦੂ ਹੈ। ਉਸਨੂੰ ਸਾਰੀਆ ਚਿੰਤਾਵਾਂ ਤੋਂ ਮੁਕਤ ਕਰ ਦਿੰਦੀ ਹੈ। ਉਸਨੂੰ ਮਿਲ ਕੇ ਉਸਨੂੰ ਸ਼ਰਾਰਤਾਂ ਸੁਝਣ ਲੱਗ ਪੈਂਦੀਆਂ ਹਨ। ਉਸਦੇ ਅੰਦਰ ਨਵੀਂ ਜਵਾਨੀ ਧੜਕਣ ਲੱਗ ਪੈਂਦੀ ਹੈ। ਇਹੀ ਹਾਲ ਅਲੈਗਜ਼ਾਂਡਰਾਂ ਦਾ ਹੁੰਦਾ ਹੈ। ਉਹ ਵੀ ਆਪਣੇ ਆਪ ਨੂੰ ਸੋਲਾਂ ਸਾਲ ਦੀ ਕੁੜੀ ਸਮਝਣ ਲੱਗ ਪੈਂਦੀ ਹੈ।

ਯਾਦ ਹੀ ਨਹੀਂ ਰਹਿੰਦਾ ਉਹ ਭੂਆ ਭਤੀਜਾ ਹਨ। ਉਮਰਾਂ ਦਾ ਫਰਕ ਮਿਟ ਜਾਂਦਾ ਹੈ। ਜਾਪਦਾ ਹੈ ਉਹ ਇਕ ਜਾਨ ਦੋ ਸਰੀਰ ਹਨ। ਉਹ ਮਿਲ ਕੇ ਪਿਕਨਿਕਾਂ ਮਨਾਉਂਦੇ ਹਨ। ਕਿਸ਼ਤੀ ਦੀਆਂ ਸੈਰਾਂ ਕਰਦੇ ਹਨ। ਇਕ ਦੂਜੇ ਵਿਚ ਗੁਆਚ ਜਾਂਦੇ ਹਨ।

ਰਾਤ ਦੇ ਗਿਆਰਾ ਵੱਜੇ ਹਨ। ਅੱਖਾਂ ਵਿੱਚ ਨੀਂਦ ਹੈ। ਮਨ ਵਿੱਚ ਅਲੈਗਜ਼ਾਂਡਰਾਂ ਦੇ ਸੁਪਨੇ ਹਨ। ਕੰਨਾ ਵਿੱਚ ਅਲੈਗਜ਼ਾਂਡਰਾਂ ਦੇ ਮਿਠੇ ਬੋਲ ਹਨ:-

"ਲਿਊਵੋਚਕਾ ਡਾਰਲਿੰਗ ਤੇਰੇ ਕੋਲ ਬਹਿ ਕੇ ਖੁਸ਼ ਨਾ ਹੋ ਸਕਣਾ ਬਹੁਤ ਮੁਸ਼ਕਲ ਹੈ। ਅੱਜ ਮੈਂ ਬਹੁਤ ਖੁਸ਼ ਹਾਂ—ਕੋਈ ਵਧੀਆ ਜਿਹੀ ਗੱਲ ਸੁਣਾ—ਆਪਾ ਦੋਵੇਂ ਮਿਲ ਕੇ ਏਨਾ ਹੱਸੀਏ ਸਾਰੀ ਸ੍ਰਿਸ਼ਟੀ ਆਪਣੇ ਨਾਲ ਹੱਸਣ ਲਈ ਮਜਬੂਰ ਹੋ ਜਾਵੇ। ਆਪਾਂ ਹੱਸੀਏ, ਪਹਾੜ ਹੱਸਣ, ਨਦੀਆਂ ਹੱਸਣ, ਬ੍ਰਿਛ ਹੱਸਣ, ਬੂਟੇ ਹੱਸਣ, ਪੰਛੀ ਹੱਸਣ, ਤਿਤਲੀਆਂ ਹੱਸਣ, ਭੌਰੇ ਹੱਸਣ, ਝੀਲ ਦੀਆਂ ਲਹਿਰਾਂ ਹੱਸਣ ਹੱਸਦੇ ਹੱਸਦੇ ਆਪਾਂ ਇਨ੍ਹਾਂ ਲਹਿਰਾਂ ਵਿਚ ਸਮਾ ਜਾਈਏ....

ਹਸਦੇ ਹਸਦੇ ਬਾਹਾਂ ਵਿਚ ਬਾਹਾਂ ਪਾਈ ਉਹ ਇਕ ਹੋਟਲ ਵਿੱਚ ਜਾਂਦੇ ਹਨ। ਸ਼ੈਂਪੇਨ ਦਾ ਆਰਡਰ ਦਿੰਦੇ ਹਨ। ਗਲਾਸਾਂ ਦੇ ਗਲਾਸ ਖਾਲੀ ਕਰਕੇ ਨੱਚਣ ਲੱਗ ਪੈਂਦੇ ਹਨ। ਤਾਲਸਤਾਏ ਪਿਆਨੋ ਵਜਾਉਂਦਾ ਹੈ।"

ਅਲੈਗਜ਼ਾਂਡਰਾ ਗੀਤ ਗਾਉਂਦੀ ਹੈ । ਹੋਟਲ ਵਿਚ ਕਈ ਦੇਸ਼ਾਂ ਦੇ ਸੈਲਾਨੀ ਆਏ ਹੋਏ ਹਨ। ਸਾਰੇ ਸੈਲਾਨੀ ਗਾ ਰਹੇ ਹਨ। ਅਚਾਨਕ ਸਾਰੇ ਸੈਲਾਨੀ ਪੁਲੀਸ ਦੇ ਆਦਮੀ ਬਣ ਜਾਂਦੇ ਹਨ। ਤਾਲਸਤਾਏ ਨੂੰ ਘੇਰਾ ਪਾ ਲੈਂਦੇ ਹਨ। ਉਹ ਰੌਲਾ ਪਾ ਰਿਹਾ ਹੈ। "ਬਬੂਸ਼ਕਾ ਮੇਰਾ ਪਿਸਤੌਲ ਕਿਥੇ ਹੈ। ਮੈਂ ਡੂਰਕੋਵ ਨੂੰ ਗੋਲੀ ਮਾਰ ਦਿਆਂਗਾ.........।"

ਉਸਦੀ ਅੱਖ ਖੁੱਲ੍ਹ ਜਾਂਦੀ ਹੈ। ਉਸਦਾ ਸਾਰਾ ਸਰੀਰ ਪਸੀਨੇ ਨਾਲ ਭਿਜਿਆ ਪਿਆ ਹੈ। ਘੜੀ



ਦੇਖਦਾ ਹੈ। ਸਵੇਰ ਦੇ ਚਾਰ ਵੱਜੇ ਹਨ। ਉਹ ਅਧੂਰੀ ਛੱਡੀ ਚਿੱਠੀ ਮੁੜ ਲਿਖਣ ਲੱਗ ਜਾਂਦਾ ਹੈ।

ਪਿਆਰੀ ਬਬੂਸ਼ਕਾ ਤੁਸੀਂ ਆਪਣੇ ਅਸਰ ਰਸੂਖ ਵਾਲੇ ਬੰਦਿਆਂ ਨਾਲ ਸਲਾਹ ਕਰਕੇ ਦੱਸੋ ਕਿ ਮੈਂ ਬਾਦਸ਼ਾਹ ਨੂੰ ਭੇਜਣ ਵਾਸਤੇ ਆਪਣੀ ਅਰਜ਼ੀ ਦਾ ਮਜ਼ਮੂਨ ਕਿਵੇਂ ਤਿਆਰ ਕਰਾਂ? ਕਿਸ ਵਸੀਲੇ ਰਾਹੀਂ ਬਾਦਸ਼ਾਹ ਕੋਲ ਪੁਚਾਵਾਂ?

ਮੇਰੇ ਸਾਹਮਣੇ ਸਿਰਫ ਦੋ ਹੀ ਰਾਹ ਹਨ ਜਾਂ ਤਾਂ ਮੈਂ ਆਪਣੀ ਇਜ਼ਤ ਨੂੰ ਹੋਏ ਨੁਕਸਾਨ ਦਾ ਮੁਆਵਜ਼ਾ ਵਸੂਲ ਕਰਾਂ ਜਾਂ ਫੇਰ ਦੇਸ਼ ਛਡ ਕੇ ਚਲਾ ਜਾਵਾਂ। ਦੇਸ਼ ਛੱਡਣ ਦਾ ਫੈਸਲਾ ਮੈਂ ਕਰ ਲਿਆ ਹੈ। ਇਹ ਕੰਮ ਮੈਂ ਲੁਕ ਛਿਪ ਕੇ ਨਹੀਂ ਕਰਾਂਗਾ। ਸਗੋਂ ਮੈਂ ਐਲਾਨ ਕਰਾਂਗਾ ਕਿ ਮੈਂ ਆਪਣੀ ਜਾਇਦਾਦ ਵੇਚ ਕੇ ਇਸ ਲਈ ਰੂਸ ਛੱਡ ਕੇ ਜਾ ਰਿਹਾ ਹਾਂ ਕਿਉਂਕਿ ਇਥੇ ਕਿਸੇ ਨੂੰ ਇਕ ਮਿੰਟ ਦਾ ਵੀ ਵਸਾਹ ਨਹੀਂ ਕਿ ਉਹ ਕਦ ਸੀਖਾਂ ਪਿੱਛੇ ਡੱਕਿਆ ਜਾਵੇ ਅਤੇ ਉਸਨੂੰ ਕੋੜਿਆਂ ਦੀ ਮਾਰ ਬਰਦਾਸ਼ਤ ਕਰਨੀ ਪਵੇ।

ਇਕ ਰਾਹ ਹੋਰ ਵੀ ਹੈ। ਮੇਰੇ ਬੈਗ ਵਿਚ ਗੋਲੀਆਂ ਨਾਲ ਭਰਿਆ ਪਿਸਤੌਲ ਵੀ ਹੈ। ਮੈਂ ਉਡੀਕ ਕਰਾਂਗਾ ਇਸ ਮਾਮਲੇ ਦਾ ਫੈਸਲਾ ਕਿਵੇਂ ਅਤੇ ਕਦੋਂ ਹੁੰਦਾ ਹੈ......ਤੇਰਾ ਆਪਣਾ ਲਿਓ ਤਾਲਸਤਾਏ।

ਉਸਦਾ ਨਵਾਬੀ ਅਭਿਮਾਨ ਲਹੂ ਲੁਹਾਣ ਹੈ। ਉਸਦੀ ਪ੍ਰੇਸ਼ਾਨ ਹਉਮੈ ਉਸਨੂੰ ਪਿੰਡ ਬਹਿ ਕੇ ਅਲੈਗਜ਼ਾਂਡਰਾ ਦੀ ਚਿਠੀ ਦਾ ਉਤਰ ਉਡੀਕਣ ਦੀ ਆਗਿਆ ਨਹੀਂ ਦੇ ਰਹੀ। ਉਸਨੂੰ ਨਿਘੀ ਹਮਦਰਦੀ ਦੀ ਲੋੜ ਮਹਿਸੂਸ ਹੋ ਰਹੀ ਹੈ। ਅਜਿਹੀ ਹਮਦਰਦੀ ਉਸਨੂੰ ਡਾਕਟਰ ਬਹਿਰਜ਼ ਦੇ ਪਰਿਵਾਰ ਕੋਲੋਂ ਮਿਲ ਸਕਦੀ ਹੈ। ਡਾ. ਐਂਡਰੀ ਬਹਿਰਜ਼ ਮਾਸਕੋ ਵਿਖੇ ਕਲੈਮਲਿਨ ਦੇ ਪੁਰਾਣੇ ਕਿਲੇ ਦੇ ਇਕ ਫਲੈਟ ਵਿੱਚ ਰਹਿੰਦਾ ਹੈ। ਰਾਜ ਦਰਬਾਰੀ ਹਲਕਿਆਂ ਵਿੱਚ ਉਸਦਾ ਚੰਗਾ ਅਸਰ ਰਸੂਖ ਹੈ।

ਡਾਕਟਰ ਬਹਿਰਜ਼ ਦੇ ਪਰਿਵਾਰ ਨਾਲ ਉਸਦੇ ਪਰਿਵਾਰਕ ਸਬੰਧ ਹਨ। ਡਾਕਟਰ ਦੀ ਪਤਨੀ ਲਿਊਵੋਵਾ ਨਾਲ ਉਹ ਬਚਪਨ ਵਿਚ ਖੇਡਦਾ ਰਿਹਾ ਹੈ। ਉਹ ਉਸਦੀਆਂ ਕਾਲੀਆਂ ਖੂਬਸੂਰਤ ਅੱਖਾਂ ਦਾ ਆਸ਼ਕ ਹੈ। ਉਹ ਉਸ ਨਾਲੋਂ ਤਿੰਨ ਸਾਲ ਵੱਡੀ ਹੈ। ਅੱਜ ਉਹ ਅੱਠ ਬੱਚਿਆਂ ਦੀ ਮਾਂ ਹੈ। ਪਰ ਉਹ ਅਜੇ ਵੀ ਛੜਾ ਹੈ। ਪਰ ਲਿਊਵੋਵਾ ਨਾਲ ਉਸਦਾ ਬਚਪਨ ਦਾ ਪਿਆਰ ਅਜੇ ਵੀ ਉਸਨੂੰ ਮੱਲੋ ਮੱਲੀ ਉਸਦੇ ਘਰ ਲੈ ਆਉਂਦਾ ਹੈ। ਡਾ. ਬਹਿਰਜ਼ ਬਹੁਤ ਲਾਇਕ ਡਾਕਟਰ ਹੈ। ਉਹ ਉਸਦੀ ਡਾਕਟਰੀ ਲਿਆਕਤ ਦਾ ਸਤਿਕਾਰ ਕਰਦਾ ਹੈ। ਉਹ ਜਦ ਵੀ ਡਾ. ਬਹਿਰਜ਼ ਦੇ ਘਰ ਵੱਲ ਜਾਂਦਾ ਹੈ ਉਸਨੂੰ ਬਚਪਨ ਦੀ ਇਕ ਘਟਨਾ ਯਾਦ ਆ ਜਾਂਦੀ ਹੈ। ਉਸਨੂੰ ਆਪਣੇ ਨਾਲੋਂ ਤਿੰਨ ਸਾਲ ਵੱਡੀ ਲਿਊਵੋਵਾ ਨਾਲ ਪਿਆਰ ਹੋ ਗਿਆ ਸੀ। ਉਹ ਚਾਹੁੰਦਾ ਸੀ ਲਿਊਵੋਵਾ ਉਸੇ ਨਾਲ ਹੀ ਖੇਡੇ, ਉਸੇ ਨਾਲ ਹੀ ਬੋਲੇ, ਉਸੇ ਨਾਲ ਹੀ ਹੱਸੇ। ਉਹ ਜਦ ਕਿਸੇ ਹੋਰ ਮੁੰਡੇ ਨਾਲ ਖੇਡਦੀ ਹੱਸਦੀ ਜਾਂ ਬੋਲਦੀ ਉਸਨੂੰ ਬਹੁਤ ਗੁੱਸਾ ਆਉਂਦਾ। ਇਕ ਦਿਨ ਇਸੇ ਗੁੱਸੇ ਦੀ ਹਾਲਤ ਵਿਚ ਉਸਨੇ ਉਸਨੂੰ ਬਾਲਕੋਨੀ ਵਿਚੋਂ ਧੱਕਾ ਦੇ ਦਿੱਤਾ ਸੀ। ਲਿਊਵੋਵਾ ਦਾ ਗਿੱਟਾ ਟੁੱਟ ਗਿਆ ਸੀ। ਸੋਚ ਕੇ ਉਸਨੂੰ ਸ਼ਰਮ ਆਉਂਦੀ ਹੈ। ਅਫਸੋਸ ਹੁੰਦਾ ਹੈ ਉਹ ਕਿੰਨਾ ਮੂਰਖ ਸੀ।

ਅੱਜ ਵੀ ਉਸਨੂੰ ਲਿਊਵੋਵਾ ਯਾਦ ਆ ਰਹੀ ਹੈ। ਬਚਪਨ ਦੀਆਂ ਗੱਲਾਂ ਯਾਦ ਆ ਰਹੀਆਂ ਹਨ। ਪਿਆਰੀਆਂ ਮਿੱਠੀਆਂ ਗੱਲਾਂ ਯਾਦ ਕਰਕੇ ਉਸਨੂੰ ਆਪਣੀਆ ਚਿੰਤਾਵਾਂ ਭੁਲ ਜਾਂਦੀਆਂ ਹਨ।

"ਆਓ ਕਾਊਂਟ ਤਾਲਸਤਾਏ ਸਮਰਾ ਤੋਂ ਕਦ ਵਾਪਸ ਆਏ? ਸਿਹਤ ਦਾ ਕੀ ਹਾਲ ਹੈ? ਕਿਊਮਿਸ ਦੀ ਕਰਾਮਾਤ ਤੁਹਾਡਾ ਚਿਹਰਾ ਦੱਸ ਰਿਹਾ ਹੈ। ਜਾਪਦੈ ਖੰਘ ਸਮਰਾ ਵਿੱਚ ਹੀ ਛੱਡ ਆਏ ਹੋ।" ਹੱਥ ਮਿਲਾਉਂਦਾ ਹੋਇਆ ਡਾ. ਬਹਿਰਜ਼ ਇਕੋ ਸਾਹੇ ਬੋਲੀ ਜਾ ਰਿਹਾ ਹੈ।

"ਮੇਰੀ ਸਿਹਤ ਤਾਂ ਤੁਹਾਡੇ ਸਾਮ੍ਹਣੇ ਐ। ਸਮਰਾ ਤੋਂ ਪਿਛਲੇ ਹਫਤੇ ਮੁੜ ਆਇਆ ਸੀ। ਮੇਰੀ ਗੈਰ ਹਾਜ਼ਰੀ 'ਚ ਪੁਲੀਸ ਨੇ ਛਾਪਾ ਮਾਰ ਕੇ ਮੇਰੇ ਘਰ ਦੀ ਤਲਾਸ਼ੀ ਲਈ। ਮੇਰੀ ਇਜ਼ਤ ਮਿੱਟੀ 'ਚ ਮਿਲ ਗਈ। ਮੈਂ ਬਾਦਸ਼ਾਹ ਦੇ ਕੰਨਾਂ ਤੱਕ ਇਹ ਗੱਲ ਪੁਚਾਉਣੀ ਚਾਹੁੰਦਾ ਹਾਂ। ਤੁਸੀਂ ਦੱਸੋ ਮੈਂ ਅਰਜ਼ੀ ਕਿਵੇਂ ਲਿਖਾਂ ? ਕਿਸ ਵਸੀਲੇ ਰਾਹੀਂ ਬਾਦਸ਼ਾਹ ਕੋਲ ਪੁਚਾਵਾਂ ? ਮੇਰੇ ਨਾਲ ਧੱਕਾ ਹੋਇਐ-ਬੜੀ ਭਾਰੀ

ਬੇਇਨਸਾਫੀ ਹੋਈ ਹੈ। ਮੈਨੂੰ ਇਨਸਾਫ ਚਾਹੀਦੈ ਜੇਕਰ ਮੈਨੂੰ ਇਨਸਾਫ ਨਾ ਮਿਲਿਆ ਮੈਂ ਰੂਸ ਛਡ ਕੇ ਚਲਾ ਜਾਵਾਂਗਾ। " ਗੁੱਸੇ ਨਾਲ ਉਬਲਦਾ ਹੋਇਆ ਉਹ ਬੋਲੀ ਜਾ ਰਿਹਾ ਹੈ।

"ਪੁਲੀਸ ਦਾ ਛਾਪਾ? ਘਰ ਦੀ ਤਲਾਸ਼ੀ? ਇਹ ਤਾਂ ਬਹੁਤ ਮਾੜੀ ਖਬਰ ਐ ਕਾਊਂਟ ਤਾਲਸਤਾਏ ਆਪਾਂ ਡਰਾਇੰਗ ਰੂਮ ਵਿੱਚ ਚਲਦੇ ਹਾਂ। ਉਥੇ ਬਹਿ ਕੇ ਸੋਚਦੇ ਹਾਂ ਕੀ ਕਰਨਾ ਚਾਹੀਦੈ।"

ਡਾ. ਬਹਿਰਜ਼ ਉਸਨੂੰ ਉਠਾ ਕੇ ਅੰਦਰ ਲੈ ਜਾਂਦਾ ਹੈ। ਲਿਊਵੋਵਾ ਪਿਆਰ ਭਰੇ ਸਤਿਕਾਰ ਨਾਲ ਉਸਦਾ ਸੁਆਗਤ ਕਰਦੀ ਹੋਈ ਪੁੱਛਦੀ ਹੈ।

"ਕੀ ਗੱਲ ਕਾਊਂਟ ਤਾਲਸਤਾਏ ਬੜੇ ਘਬਰਾਏ ਹੋਏ ਜਾਪਦੇ ਹੋ? ਸੁਖ ਤਾਂ ਹੈ?

"ਸੁਖ ਇਸ ਦੇਸ਼ 'ਚ ਕਿਥੇ? ਜਿਥੇ ਪੁਲੀਸ ਦਾ ਰਾਜ ਹੋਵੇ, ਬੇਗੁਨਾਹ ਕੁਲੀਨ ਵਰਗ ਦੇ ਲੋਕਾਂ ਦੇ ਘਰੀਂ ਛਾਪੇ ਪੈਂਦੇ ਹੋਣ। ਘਰਾਂ ਦੀ ਤਲਾਸ਼ੀ ਹੋਵੇ। ਉਸ ਦੇਸ਼ ਵਿਚ ਸੁੱਖ ਕਿਥੇ?"

ਮਿਸਿਜ਼ ਬਹਿਰਜ਼ ਉਸਨੂੰ ਠੰਢਾ ਪਾਣੀ ਪਿਆਉਂਦੀ ਹੈ। ਪਾਣੀ ਪੀ ਕੇ ਉਹ ਛਾਪੇ ਅਤੇ ਤਲਾਸ਼ੀ ਦੀ ਸਾਰੀ ਕਹਾਣੀ ਵਿਸਥਾਰ ਨਾਲ ਸੁਣਾਉਂਦਾ ਹੈ। ਸੁਣ ਕੇ ਮਿਸਿਜ਼ ਬਹਿਰਜ਼ ਹਉਕਾ ਲੈਂਦੀ ਹੈ ਤੇ ਸੋਚਦੀ ਹੈ—

"ਕਾਊਂਟ ਤਾਲਸਤਾਏ ਇਹ ਤਾਂ ਸਰਾਸਰ ਧੱਕੇਸ਼ਾਹੀ ਹੈ। ਆਂਟੀ ਅਤੇ ਮਾਰੀਆ ਦਾ ਕਿੰਨਾ ਬੁਰਾ ਹਾਲ ਹੋਇਆ ਹੋਵੇਗਾ। ਜਦ ਉਨ੍ਹਾਂ ਨੂੰ ਇਕ ਕਮਰੇ 'ਚ ਬੰਦ ਕਰ ਦਿੱਤਾ ਹੋਵੇਗਾ–ਤੁਹਾਡੀ ਗੈਰਹਾਜ਼ਰੀ 'ਚ ਪੁਲੀਸ ਕਿਉਂ ਆਈ? ਤੁਹਾਨੂੰ ਦੱਸ ਕੇ ਔਣਾ ਚਾਹੀਦਾ ਸੀ।"

"ਇਹੀ ਤਾਂ ਦੁੱਖ ਐ ਮਿਸਿਜ਼ ਬਹਿਰਜ਼ ਮੇਰੀ ਗੈਰਹਾਜ਼ਰੀ ਵਿਚ ਛਾਪਾ ਮਾਰਨਾ ਜ਼ਾਹਰ ਕਰਦੈ ਕਿ ਮੇਰੇ ਖਿਲਾਫ ਕੋਈ ਸਾਜਿਸ਼ ਘੜੀ ਗਈ ਸੀ। ਸਾਜਿਸ਼ ਘੜਣ ਵਾਲਿਆ ਦਾ ਮੈਂ ਪਤਾ ਕਰ ਲਿਐ। ਮੈਂ ਬਾਦਸ਼ਾਹ ਦੇ ਨਾਂ ਅਰਜ਼ੀ ਲਿਖਕੇ ਰੋਸ ਪ੍ਰਗਟ ਕਰਨਾ ਚਾਹੁੰਨਾਂ। ਮੈਨੂੰ ਇਨਸਾਫ ਚਾਹੀਦੈ। ਮੇਰੀ ਇਜ਼ਤ ਨੂੰ ਹੋਏ ਨੁਕਸਾਨ ਦੀ ਤਲਾਫੀ ਚਾਹੀਦੀ ਐ–ਜੇਕਰ ਮੈਨੂੰ ਇਨਸਾਫ ਨਾ ਮਿਲਿਆ ਮੈਂ ਆਪਣੀ ਸਾਰੀ ਜਾਇਦਾਦ ਵੇਚ ਕੇ ਇੰਗਲੈਂਡ ਚਲਾ ਜਾਵਾਂਗਾ।"

"ਕਾਊਂਟ ਤਾਲਸਤਾਏ ਕਿਹੋ ਜਿਹੀਆ ਗੱਲਾਂ ਕਰਦੇ ਹੋ। ਅਸੀਂ ਤੁਹਾਨੂੰ ਦੇਸ਼ ਛਡ ਕੇ ਨਹੀਂ ਜਾਣ ਦਿਆਂਗੇ। ਤੁਸੀਂ ਅਰਜ਼ੀ ਲਿਖੋ ਮੈਂ ਡਾਕਟਰ ਬਹਿਰਜ਼ ਨੂੰ ਪੀਟਰਜ਼ਬਰਗ ਭੇਜੂੰਗੀ ਉਹ ਖੁਦ ਤੁਹਾਡੀ ਅਰਜ਼ੀ ਬਾਦਸ਼ਾਹ ਕੋਲ ਪੁਚਾ ਕੇ ਔਣਗੇ। ਫੈਸਲਾ ਵੀ ਤੁਹਾਡੀ ਤਸੱਲੀ ਅਨੁਸਾਰ ਕਰਵਾ ਕੇ ਆਵਾਂਗੇ। ਮਿਸਿਜ਼ ਬਹਿਰਜ਼ ਦੀ ਹਮਦਰਦੀ ਬੋਲਦੀ ਹੈ।

"ਕਾਊਂਟ ਤਾਲਸਤਾਏ ਮੈਨੂੰ ਅਜੇ ਤੱਕ ਇਹ ਗੱਲ ਸਮਝ ਨਹੀਂ ਆਈ ਕਿ ਤੁਹਾਡੇ ਵਰਗੇ ਪ੍ਰਤਿਸ਼ਟ ਆਦਮੀ ਦੇ ਘਰ ਉਤੇ ਛਾਪਾ ਮਾਰਨ ਦੀ ਗੱਲ ਸਰਕਾਰ ਦੇ ਦਿਮਾਗ ਵਿਚ ਕਿਵੇਂ ਆਈ। ਸਾਜ਼ਿਸ਼ ਘੜਣ ਵਾਲਿਆਂ ਨੂੰ ਤੁਹਾਡੇ ਖਿਲਾਫ ਕੀ ਸ਼ਿਕਾਇਤ ਹੋ ਸਕਦੀ ਹੈ?" ਡਾ. ਬਹਿਰਜ਼ ਪੁੱਛਦਾ ਹੈ।

ਲੋਕਾਂ ਨੂੰ ਸ਼ਿਕਾਇਤ ਹੈ ਕਿ ਮੇਰੇ ਵਿਚਾਰ ਉਨ੍ਹਾਂ ਨਾਲੋਂ ਵੱਖਰੇ ਕਿਉਂ ਹਨ। ਲੋਕ ਦੁਖੀ ਹਨ ਕਿ ਮੈਂ ਕਿਸਾਨਾਂ ਨਾਲ ਹਮਦਰਦੀ ਕਿਉਂ ਕਰਦਾ ਹਾਂ। ਮੇਰੇ ਖਿਲਾਫ ਸਾਜਿਸ਼ ਕਰਨ ਵਾਲੇ ਔਖੇ ਹਨ ਕਿ ਮੈਂ ਕਿਸਾਨਾਂ ਦੇ ਬੱਚਿਆਂ ਲਈ ਸਕੂਲ ਕਿਉਂ ਖੋਲ੍ਹ ਰੱਖਿਆ ਹੈ। ਕੁਲੀਨ ਵਰਗ ਮੇਰੇ ਨਾਲ ਨਾਰਾਜ਼ ਹੈ ਕਿ ਮੈਂ ਪਬਲਿਕ ਫੈਸਲੇ ਕਿਉਂ ਕੀਤੇ। ਮੇਰੇ ਘਰ ਦੀ ਤਲਾਸ਼ੀ ਦਾ ਮੁੱਖ ਕਾਰਨ ਕਿਸਾਨਾਂ ਨਾਲ ਇਨਸਾਫ ਕਰਨ ਲਈ ਪਬਲਿਕ ਆਰਬਿਟਰੇਟਰ ਵਜੋਂ ਕੀਤਾ ਮੇਰਾ ਕੰਮ ਹੈ।

"ਤੁਸੀਂ ਕਾਊਂਟ ਤਾਲਸਤਾਏ ਈਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਈ। ਕਾਨੂੰਨ ਦੇ ਅੰਦਰ ਰਹਿ ਕੇ ਤੁਸੀਂ ਕਿਸਾਨਾਂ ਨੂੰ ਇਨਸਾਫ ਦਿੱਤਾ। ਇਨਸਾਫ ਦੇ ਮਾਮਲੇ 'ਚ ਕਿਸੇ ਨੂੰ ਕੀ ਤਕਲੀਫ ਸੀ?"

"ਬਹੁਤ ਭਾਰੀ ਤਕਲੀਫ ਸੀ ਡਾ. ਬਹਿਰਜ਼। ਭੂਮੀ ਮਾਲਕ ਬਹੁਤ ਔਖੇ ਹਨ, ਭੂਮੀ ਮਾਲਕ ਮੈਥੋਂ



ਆਸ ਕਰਦੇ ਸੀ ਕਿ ਮੈਂ ਹਰ ਫੈਸਲਾ ਉਨ੍ਹਾਂ ਦੇ ਹੱਕ ਵਿੱਚ ਕਰਾਂ ਕਿਉਂਕਿ ਮੈਂ ਵੀ ਇਕ ਭੂਮੀ ਮਾਲਕ ਹਾਂ। ਪਰ ਮੇਰਾ ਹਰ ਫੈਸਲਾ ਕਿਸਾਨਾਂ ਦੇ ਹੱਕ ਵਿੱਚ ਹੁੰਦਾ ਸੀ। ਇਹ ਛਾਪਾ, ਇਹ ਤਲਾਸ਼ੀ ਭੂਮੀ ਮਾਲਕਾਂ ਦੀ ਮੈਨੂੰ ਗ੍ਰਿਫਤਾਰ ਕਰਵਾਉਣ ਦੀ ਗਿਣੀ ਮਿਥੀ ਸਾਜ਼ਿਸ਼ ਹੈ। ਤੁਸੀਂ ਅਖਬਾਰਾਂ ਵਿੱਚ ਪੜ੍ਹਿਆ ਹੋਵੇਗਾ ਭੂਮੀ ਮਾਲਕਾਂ ਨੇ ਤੇਰਾ ਚੌਦਾਂ ਪਬਲਿਕ ਆਰਬਿਟਰੇਟਰਾਂ ਨੂੰ ਗ੍ਰਿਫਤਾਰ ਕਰਵਾ ਕੇ ਦੋ ਦੋ ਸਾਲ ਦੀ ਸਜ਼ਾ ਕਰਵਾਈ ਹੈ। ਇਹ ਬਹੁਤ ਹੀ ਔਖਾ ਕੰਮ ਸੀ। ਬਹੁਤ ਸੋਚ ਸਮਝ ਕੇ ਫੈਸਲੇ ਕਰਨੇ ਪੈਂਦੇ ਸਨ। ਮੈਨੂੰ ਹਰ ਰੋਜ਼ ਭੂਮੀ ਮਾਲਕਾਂ ਦੀਆ ਸਿਫਾਰਸ਼ਾਂ ਦੇ ਨਾਲ ਧਮਕੀਆਂ ਵੀ ਆਉਂਦੀਆਂ ਸਨ। ਇਸ ਅਹੁਦੇ ਉਪਰ ਨਿਯੁਕਤੀ ਵੇਲੇ ਹੀ ਭੂਮੀ ਮਾਲਕਾਂ ਨੇ ਮੇਰੇ ਖਿਲਾਫ ਰੌਲਾ ਪਾਇਆ ਸੀ। ਈਮਾਨਦਾਰ ਆਦਮੀ ਵਜੋਂ ਮੇਰੀ ਰੈਪੂਟੇਸ਼ਨ ਕਾਰਨ ਭੂਮੀ ਮਾਲਕਾ ਦਾ ਜ਼ੋਰ ਨਹੀਂ ਚੜ੍ਹਿਆ ਅਤੇ ਸਰਕਾਰ ਨੇ ਮੈਨੂੰ ਆਰਬਿਟਰੇਟਰ ਨਿਯੁਕਤ ਕਰ ਦਿੱਤਾ। ਮੈਂ ਇਸ ਨਿਯੁਕਤੀ ਨੂੰ ਇਕ ਚੈਲਿੰਜ ਸਮਝ ਕੇ ਸਵੀਕਾਰ ਕਰ ਲਿਆ। ਇਸ ਖਿਆਲ ਨਾਲ ਕਿ ਮੈਂ ਸ਼ਾਇਦ ਕਿਸਾਨਾਂ ਦਾ ਕੁਝ ਭਲਾ ਕਰ ਸਕਾਂ। ਜਿਥੋਂ ਤੱਕ ਭੂਮੀ ਗੁਲਾਮ ਕਿਸਾਨਾਂ ਦੀ ਆਜ਼ਾਦੀ ਵਾਲੇ ਕਾਨੂੰਨ ਦਾ ਸਬੰਧ ਹੈ। ਇਹ ਵੀ ਇਕ ਗੋਰਖ ਧੰਦਾ ਹੈ। ਇਹ ਕਿਸਾਨਾਂ ਨੂੰ ਆਜ਼ਾਦੀ ਦੇਣ ਦੀ ਬਜਾਇ ਹੋਰ ਗੁਲਾਮ ਬਣਾਉਂਦਾ ਹੈ।"

"ਨਹੀਂ ਕਾਊਂਟ ਤਾਲਸਤਾਏ ਮੇਰੀ ਨਿਗਾਹ ਵਿਚ ਇਹ ਕਾਨੂੰਨ ਕਿਸਾਨਾਂ ਦੀ ਆਜ਼ਾਦੀ ਲਈ ਜ਼ਾਰ ਵਲੋਂ ਕੀਤਾ ਗਿਆ ਕ੍ਰਾਂਤੀਕਾਰੀ ਫੈਸਲਾ ਹੈ। ਮੈਨੂੰ ਤਾਂ ਇਹ ਫੈਸਲਾ ਅਮਰੀਕਾ ਦੇ ਰਾਸ਼ਟਰਪਤੀ ਲਿੰਕਨ ਵਲੋਂ ਹਬਸ਼ੀ ਗੁਲਾਮਾਂ ਨੂੰ ਆਜ਼ਾਦ ਕਰਵਾਉਣ ਵਾਲੇ ਸੰਘਰਸ਼ ਨਾਲੋਂ ਹਜ਼ਾਰਾਂ ਦਰਜੇ ਵਧੀਆ ਲੱਗਦਾ ਹੈ। ਹਬਸ਼ੀ ਗੁਲਾਮਾਂ ਦੀ ਆਜ਼ਾਦੀ ਵਾਸਤੇ ਲਿੰਕਨ ਨੂੰ ਗ੍ਰਹਿਯੁੱਧ ਦਾ ਸਾਹਮਣਾ ਕਰਨਾ ਪਿਆ ਸੀ। ਪਰ ਜ਼ਾਰ ਨੇ ਬਿਨਾਂ ਕਿਸੇ ਖੂਨ ਖਰਾਬੇ ਦੇ ਤਲਵਾਰ ਦੀ ਥਾਂ ਕਲਮ ਨਾਲ ਹੀ ਕਿਸਾਨਾਂ ਨੂੰ ਭੂਮੀ ਮਾਲਕਾਂ ਦੀ ਗੁਲਾਮੀ ਤੋਂ ਆਜ਼ਾਦ ਕਰਵਾ ਦਿੱਤਾ ਹੈ। ਅਖਬਾਰਾਂ ਵਿਚ ਇਸ ਕਾਨੂੰਨ ਦੀ ਬਹੁਤ ਪ੍ਰਸੰਸਾ ਹੋਈ ਹੈ।"

"ਤੁਸੀਂ ਡਾ. ਬਹਿਰਜ਼ ਕਾਨੂੰਨ ਦੀ ਸਿਰਫ ਪ੍ਰਸੰਸਾ ਪੜ੍ਹੀ ਹੈ। ਕਾਨੂੰਨ ਦਾ ਅਸਲ ਖਰੜਾ ਨਹੀਂ ਪੜ੍ਹਿਆ। ਇਹ ਕਾਨੂੰਨ ਜਿਸ ਤਰ੍ਹਾਂ ਦੀ ਭਾਸ਼ਾ ਵਿਚ ਲਿਖਿਆ ਗਿਆ ਹੈ, ਕਿਸੇ ਵੀ ਕਿਸਾਨ ਨੂੰ ਇਸ ਦੀ ਸਮਝ ਨਹੀਂ ਆ ਸਕਦੀ। ਇਸ ਕਾਨੂੰਨ ਵਿੱਚ ਸਭ ਤੋਂ ਵੱਡੀ ਬੇ-ਇਨਸਾਫੀ ਵਾਲੀ ਗੱਲ ਇਹ ਹੈ ਕਿ ਕਿਸੇ ਵੀ ਕਿਸਾਨ ਨੂੰ ਆਰਬਿਟਰੇਟਰ ਨਿਯੁਕਤ ਨਹੀਂ ਕੀਤਾ ਜਾ ਸਕਦਾ। ਕੇਵਲ ਭੂਮੀ ਮਾਲਕ ਹੀ ਆਰਬਿਟਰੇਟਰ ਹੋ ਸਕਦੇ ਹਨ। ਭੂਮੀ ਮਾਲਕ ਆਰਬਿਟਰੇਟਰਾਂ ਤੋਂ ਆਸ ਕੀਤੀ ਜਾਂਦੀ ਸੀ ਕਿ ਉਹ ਭੂਮੀ ਮਾਲਕਾਂ ਦੇ ਹਿੱਤਾਂ ਦੀ ਰਾਖੀ ਕਰਨ। ਕਾਨੂੰਨ ਪਾਸ ਹੋਣ ਸਮੇਂ ਵੀ ਮੈਂ ਕਾਨੂੰਨ ਦੀ ਇਸ ਕਮਜ਼ੋਰੀ ਵੱਲ ਸਰਕਾਰ ਦਾ ਧਿਆਨ ਦੁਆਇਆ ਸੀ। ਮੇਰੀ ਇਨਸਾਨੀਅਤ ਮੰਗ ਕਰਦੀ ਸੀ ਕਿ ਮੈਂ ਉਨ੍ਹਾਂ ਲੋਕਾਂ ਨੂੰ ਇਨਸਾਫ ਦੇਵਾਂ ਜਿਨ੍ਹਾਂ ਨਾਲ ਬੇਇਨਸਾਫੀ ਹੋਈ ਹੈ। ਮੇਰੀ ਹਮਦਰਦੀ ਕਿਸਾਨਾਂ ਨਾਲ ਸੀ। ਮੈਂ ਜਮਾਤੀ ਹਿੱਤਾਂ ਦੇ ਉਲਟ ਕੰਮ ਕਰ ਰਿਹਾ ਸੀ ਇਸੇ ਲਈ ਭੂਮੀ ਮਾਲਕ ਮੈਥੋਂ ਦੁਖੀ ਸਨ।"

"ਆਪਣੇ ਲਈ ਕੰਡੇ ਤਾਂ ਤੁਸੀਂ ਖੁਦ ਹੀ ਬੀਜ ਰਹੇ ਸੀ ਕਾਊਂਟ ਤਾਲਸਤਾਏ।"

"ਸੱਚ ਅਤੇ ਇਨਸਾਫ ਦੇ ਰਾਹ ਤੁਰਨ ਵਾਲੇ ਬੰਦਿਆਂ ਨੂੰ ਕੰਡਿਆਂ ਉਪਰ ਵੀ ਤੁਰਨਾ ਪੈਂਦੈ ਡਾ. ਬਹਿਰਜ਼। ਮੈਂ ਅਜਿਹਾ ਕਿਸੇ ਨਿਜੀ ਦੁਸ਼ਮਣੀ ਜਾਂ ਜ਼ਾਤੀ ਕਿੜ ਕੱਢਣ ਲਈ ਨਹੀਂ ਸੀ ਕਰਦਾ ਇਨਸਾਫ ਦੀ ਕਿਸਾਨਾਂ ਨੂੰ ਲੋੜ ਸੀ, ਸਦੀਆਂ ਤੋਂ ਉਨ੍ਹਾਂ ਨਾਲ ਧੱਕਾ ਹੁੰਦਾ ਆਇਆ ਹੈ। ਭੂਮੀ ਮਾਲਕ ਜੋਕਾਂ ਬਣ ਕੇ ਉਨ੍ਹਾਂ ਦੀ ਰੱਤ ਚੂਸਦੇ ਰਹੇ ਹਨ। ਉਨ੍ਹਾਂ ਦੀ ਲਹੂ ਪਸੀਨੇ ਦੀ ਕਮਾਈ ਹੜੱਪ ਕਰਦੇ ਰਹੇ ਹਨ। ਦਿਨ ਰਾਤ ਮਿੱਟੀ ਨਾਲ ਮਿੱਟੀ ਹੋਣ ਵਾਲਾ ਹੱਡ-ਭੰਨਵੀ ਮਿਹਨਤ ਕਰਨ ਵਾਲਾ ਕਿਸਾਨ ਭੁੱਖਾ ਮਰਦਾ ਹੈ। ਇਹ ਵਿਹਲੜ ਭੂਮੀ ਮਾਲਕ ਕਿਸਾਨਾਂ ਦੀ ਕਮਾਈ ਨਾਲ ਜੂਏ ਖੇਡਦੇ ਹਨ। ਬਦਫੈਲੀਆਂ ਕਰਦੇ ਹਨ। ਦੇਸ਼ ਦੀ ਨੱਬੇ ਫੀ ਸਦੀ ਆਬਾਦੀ ਦਿਨ ਰਾਤ ਮਿਹਨਤ ਕਰਨ ਦੇ ਬਾਵਜੂਦ ਨੰਗ, ਭੁੱਖ

ਵਿਚ ਦਿਨ ਕਟੀ ਜਾ ਰਹੀ ਹੈ। ਦਸ ਫੀ ਸਦੀ ਵਿਹਲੜ ਲੋਕਾਂ ਨੇ ਸਾਰੇ ਅਧਿਕਾਰ ਆਪਣੇ ਕਬਜ਼ੇ ਵਿਚ ਕਰ ਰੱਖੇ ਹਨ। ਆਪਣੇ ਅਧਿਕਾਰਾਂ ਦੀ ਰਾਖੀ ਲਈ ਕੋਰਟ ਕਚਹਿਰੀਆ ਪੁਲੀਸ ਅਤੇ ਫੌਜਾਂ ਖੜ੍ਹੀਆ ਕਰ ਰੱਖੀਆ ਹਨ। ਲੋਕ ਮੇਰੇ ਉਤੇ ਖੁਸ਼ ਸਨ ਜਦ ਮੈਂ ਉਨ੍ਹਾਂ ਵਾਂਗ ਰਹਿੰਦਾ ਸਾਂ, ਉਨ੍ਹਾਂ ਵਾਂਗ ਸੋਚਦਾ ਸਾ। ਹੁਣ ਜਦ ਮੈਂ ਆਪਣੀ ਸ਼੍ਰੇਣੀ ਦਾ ਭ੍ਰਿਸ਼ਟ ਜੀਵਨ ਤਿਆਗ ਕੇ ਵੱਖਰੀ ਤਰ੍ਹਾਂ ਜਿਉਣ ਦੀ ਕੋਸ਼ਿਸ਼ ਕਰ ਰਿਹਾ ਹਾਂ ਤਾਂ ਲੋਕ ਮੇਰੇ ਉਤੇ ਦੁਖੀ ਹਨ। ਇਸ ਕਾਨੂੰਨ ਬਾਰੇ ਤੁਸੀਂ ਜੋ ਕੁਝ ਅਖਬਾਰਾਂ ਵਿੱਚ ਪੜ੍ਹਿਆ ਹੈ ਅਸਲੀਅਤ ਇਸਦੇ ਬਿਲਕੁਲ ਉਲਟ ਹੈ। ਇਹ ਕਾਨੂੰਨ ਕਿਸਾਨਾਂ ਨੂੰ ਆਜ਼ਾਦੀ ਨਹੀਂ ਦਿੰਦਾ ਸਗੋਂ ਹੋਰ ਗੁਲਾਮ ਬਣਾਉਂਦਾ ਹੈ।"

"ਮੈਂ ਤੁਹਾਡੀ ਗੱਲ ਨਾਲ ਸਹਿਮਤ ਨਹੀਂ । ਇਹ ਕਾਨੂੰਨ ਭੂਮੀ ਗੁਲਾਮਾਂ ਨੂੰ ਆਜ਼ਾਦ ਕਰਦਾ ਹੈ। ਮੈਨੂੰ ਇਸ ਬਾਰੇ ਕੋਈ ਭੁਲੇਖਾ ਨਹੀਂ ਕਾਊਂਟ ਤਾਲਸਤਾਏ।"

"ਮੇਰੀ ਸਮਝ ਅਨੁਸਾਰ ਜ਼ਾਰ ਨੇ ਭੂਮੀ ਗੁਲਾਮ ਕਿਸਾਨਾਂ ਦੀ ਆਜ਼ਾਦੀ ਦਾ ਐਲਾਨ ਕਰਕੇ ਕਿ। ਾਨਾਂ ਨਾਲ ਬਹੁਤ ਵੱਡਾ ਮਜ਼ਾਕ ਕੀਤਾ ਹੈ।"

"ਅਖਬਾਰਾਂ ਤਾਂ ਇਸ ਮੈਨੀਫੈਸਟੋ ਦੇ ਸੋਹਲੇ ਗਾਉਂਦੀਆਂ ਨਹੀਂ ਥਕਦੀਆਂ। ਤੁਸੀਂ ਇਸ ਨੂੰ ਕਿਸਾਨਾਂ ਨਾਲ ਕੀਤਾ ਗਿਆ ਮਜ਼ਾਕ ਆਖਦੇ ਹੋ। ਇਸ ਬਾਰੇ ਮੈਨੂੰ ਜ਼ਰਾ ਵਿਸਥਾਰ ਨਾਲ ਦੱਸੋ , ਕਾਊਂਟ ਤਾਲਸਤਾਏ, ਤੁਸੀਂ ਇਸ ਨੂੰ ਮਜ਼ਾਕ ਕਿਉਂ ਆਖ ਰਹੇ ਹੋ?"

"ਡਾ. ਬਹਿਰਜ਼ ਕੀ ਤੁਸੀਂ ਜਾਣਦੇ ਹੋ ਕਿ ਇਕ ਕਿਸਾਨ ਕੋਲ ਕਿੰਨੀ ਜਾਇਦਾਦ ਹੁੰਦੀ ਹੈ?"

ਕਾਊਂਟ ਤਾਲਸਤਾਏ ਮੈਂ ਡਾਕਟਰ ਹਾਂ ਪਟਵਾਰੀ ਨਹੀਂ । ਮੈਨੂੰ ਕਿਸਾਨਾਂ ਦੀਆਂ ਜਾਇਦਾਦਾਂ ਦਾ ਕੀ ਇਲਮ। ਤੁਸੀਂ ਹੀ ਕਿਰਪਾ ਕਰਕੇ ਇਸ ਗੱਲ ਬਾਰੇ ਚਾਨਣਾ ਪਾਓ।"

ਸੁਣੋ ਡਾਕਟਰ ਬਹਿਰਜ਼! ਇਕ ਭੂਮੀ ਗੁਲਾਮ ਕਿਸਾਨ ਇਕ ਦਰਖਤ ਵਰਗਾ ਹੁੰਦੈ ਜਿਵੇਂ ਇਕ ਦਰਖਤ ਇਕ ਖੇਤ ਵਿਚੋਂ ਦੂਜੇ ਖੇਤ ਵਿੱਚ ਨਹੀਂ ਜਾ ਸਕਦਾ। ਇਸੇ ਤਰ੍ਹਾਂ ਇਕ ਭੂਮੀ ਗੁਲਾਮ ਕਿਸਾਨ ਵੀ ਇਕ ਮਾਲਕ ਦੀ ਜ਼ਮੀਨ ਛੱਡ ਕੇ ਦੂਜੇ ਮਾਲਕ ਦੀ ਜ਼ਮੀਨ ਵਿੱਚ ਨਹੀਂ ਜਾ ਸਕਦਾ।"

"ਕਿਉਂ ਨਹੀਂ ਜਾ ਸਕਦਾ? ਜੇਕਰ ਮਾਲਕ ਉਸਨੂੰ ਤੰਗ ਕਰਦਾ ਹੋਵੇ, ਉਸ ਨਾਲ ਧੋਖਾ ਕਰਦਾ ਹੋਵੇ। ਉਸ ਉਤੇ ਜ਼ੁਲਮ ਕਰਦਾ ਹੋਵੇ ਬੇਇਨਸਾਫੀ ਕਰਦਾ ਹੋਵੇ, ਕਿਸਾਨ ਨੂੰ ਮਾਲਕ ਬਦਲਣ ਦਾ ਅਧਿਕਾਰ ਹੋਣਾ ਚਾਹੀਦੈ।"

"ਇਹੀ ਤਾਂ ਸਮਝਣ ਵਾਲੀ ਗੱਲ ਹੈ ਡਾ. ਬਹਿਰਜ਼। ਕਿਸਾਨ ਨੂੰ ਮਾਲਕ ਬਦਲਣ ਦਾ ਕੋਈ ਅਧਿਕਾਰ ਨਹੀਂ। ਉਹ ਜ਼ਮੀਨ ਨਾਲ ਬੰਨ੍ਹਿਆ ਹੁੰਦਾ ਹੈ। ਉਹ ਜਿਸ ਜ਼ਮੀਨ ਉਤੇ ਜੰਮਦਾ ਹੈ, ਸਾਰੀ ਉਮਰ ਕੰਮ ਕਰਕੇ ਉਥੇ ਹੀ ਮਰ ਜਾਂਦਾ ਹੈ। ਉਸਦੀ ਜ਼ਿੰਦਗੀ ਦਰਖਤ ਨਾਲੋਂ ਵੀ ਭੈੜੀ ਹੈ। ਦਰਖਤ ਨੂੰ ਧਰਤੀ ਵਿਚੋਂ ਰੱਜਵੀਂ ਖੁਰਾਕ ਮਿਲਦੀ ਹੈ। ਦਰਖਤ ਨੂੰ ਕੰਮ ਨਹੀਂ ਕਰਨਾ ਪੈਂਦਾ ਪਰ ਕਿਸਾਨ ਕੰਮ ਕਰਕੇ ਵੀ ਭੁੱਖਾ ਮਰਦਾ ਹੈ। ਜ਼ਮੀਨ ਵਿਕਣ ਨਾਲ ਜਿਵੇਂ ਦਰਖਤ ਵੀ ਨਾਲ ਹੀ ਵਿਕ ਜਾਂਦੇ ਹਨ, ਭੂਮੀ ਗੁਲਾਮ ਕਿਸਾਨ ਵੀ ਜ਼ਮੀਨ ਦੇ ਨਾਲ ਹੀ ਵਿਕ ਜਾਂਦੇ ਹਨ। ਮਾਲਕ ਜ਼ਮੀਨ ਵੇਚ ਕੇ ਜਾ ਸਕਦਾ ਹੈ ਪਰ ਕਿਸਾਨ ਜ਼ਮੀਨ ਦੇ ਨਾਲ ਹੀ ਬੰਨ੍ਹਿਆ ਰਹਿੰਦਾ ਹੈ। ਉਸਦੀ ਆਪਣੀ ਕੋਈ ਜਾਇਦਾਦ ਨਹੀਂ ਹੁੰਦੀ। ਜਿਸ ਥਾਂ ਉਤੇ ਉਸਦੀ ਕੁੱਲੀ ਹੁੰਦੀ ਹੈ ਉਹ ਥਾਂ ਵੀ ਮਾਲਕ ਦੀ ਹੁੰਦੀ ਹੈ। ਕੁੱਲੀ ਉਪਰ ਪਾਈ ਘਾਹ ਫੂਸ ਦੀ ਛੱਤ ਵੀ ਕਿਸਾਨ ਦੀ ਆਪਣੀ ਨਹੀਂ ਹੁੰਦੀ ਉਹ ਵੀ ਮਾਲਕ ਦੀ ਹੁੰਦੀ ਹੈ।"

"ਬੜੀ ਤਰਸਯੋਗ ਹਾਲਤ ਹੈ ਕਿਸਾਨਾਂ ਦੀ। ਦਿਨ ਰਾਤ ਮਿਹਨਤ ਕਰਕੇ ਵੀ ਆਪਣੀ ਕੋਈ ਜਾਇਦਾਦ ਨਾ ਹੋਵੇ। ਸੱਚ ਮੁੱਚ ਕਿਸਾਨ ਹਮਦਰਦੀ ਦੇ ਪਾਤਰ ਹਨ। ਤੁਸੀਂ ਕਿਸਾਨਾਂ ਦਾ ਪੱਖ ਕਰਕੇ ਬਹੁਤ ਹੀ ਪਰਉਪਕਾਰ ਕੀਤਾ। ਕਾਊਂਟ ਤਾਲਸਤਾਏ! ਸੱਚ ਮੁੱਚ ਤੁਸੀਂ ਪ੍ਰਸੰਸਾ ਦੇ ਹੱਕਦਾਰ ਹੋ।"

"ਜਾਇਦਾਦ ਦੀ ਗੱਲ ਤਾਂ ਇਕ ਪਾਸੇ ਡਾ. ਬਹਿਰਜ਼! ਕਿਸਾਨ ਦਾ ਸਰੀਰ ਵੀ ਆਪਣਾ ਨਹੀਂ



ਹੁੰਦਾ। ਉਸਦਾ ਸਰੀਰ ਮਾਲਕ ਦੀ ਜ਼ਮੀਨ ਵਿੱਚ ਕੰਮ ਕਰਨ ਵਾਲਾ ਸੰਦ ਹੁੰਦਾ ਹੈ। ਹਲ ਪੰਜਾਲੀ, ਸੁਹਾਗੇ ਵਰਗਾ ਸੰਦ। ਹੁਣ ਮੈਨੀਫੈਸਟੋ ਆਖਦਾ ਹੈ ਕਿ ਕਿਸਾਨ ਮਾਲਕ ਨੂੰ ਮੁਆਵਜ਼ਾ ਦੇ ਕੇ ਜ਼ਮੀਨ ਦਾ ਮਾਲਕ ਬਣ ਸਕਦਾ ਹੈ। ਜਿਸ ਬੰਦੇ ਕੋਲ ਆਪਣਾ ਕੁਝ ਵੀ ਨਹੀਂ ਉਹ ਉਹ ਮੁਆਵਜ਼ਾ ਕਿਥੋਂ ਦੇਵੇਗਾ? ਕਿਵੇਂ ਦੇਵੇਗਾ?"

ਦੂਜੀ ਗੱਲ ਕਿਸਾਨ ਆਪਣੀ ਮਰਜ਼ੀ ਦੀ ਜ਼ਮੀਨ ਨਹੀਂ ਲੈ ਸਕਦਾ। ਮਾਲਕ ਖ਼ੁਦ ਉਸਨੂੰ ਜ਼ਮੀਨ ਅਲਾਟ ਕਰੇਗਾ ਜਿਸਦਾ ਉਸਨੂੰ ਮੁਆਵਜ਼ਾ ਦੇਣਾ ਪਵੇਗਾ। ਮਾਲਕ ਉਸਨੂੰ ਉਹ ਜ਼ਮੀਨ ਅਲਾਟ ਕਰਦਾ ਹੈ ਜਿਹੜੀ ਵਾਹੀਯੋਗ ਨਹੀਂ, ਬੰਜਰ ਹੈ, ਟੋਇਆਂ ਟਿਬਿਆਂ ਵਾਲੀ ਹੈ ਜਿਸ ਨੂੰ ਸੰਵਾਰ ਕੇ ਹੀ ਵਾਹੀਯੋਗ ਬਣਾਇਆ ਜਾ ਸਕਦਾ ਹੈ।

ਤੀਜੀ ਗੱਲ ਜ਼ਮੀਨ ਵਿਚਲੇ ਜੰਗਲ, ਚਰਾਂਦਾਂ, ਪਾਣੀ ਦੇ ਸੋਮੇ ਮਾਲਕ ਦੇ ਹੋਣਗੇ। ਇਨ੍ਹਾਂ ਦੀ ਵਰਤੋਂ ਕਰਨ ਲਈ ਕਿਸਾਨ ਮਾਲਕ ਨੂੰ ਕਿਰਾਇਆ ਦੇਵੇਗਾ।

"ਹੁਣ ਮਜ਼ਾਕ ਵਾਲੀ ਗੱਲ ਡਾ. ਬਹਿਰਜ਼ ਇਹ ਹੈ ਕਿ ਕਿਸਾਨ ਕੋਲ ਕੋਈ ਜਾਇਦਾਦ ਨਹੀਂ, ਕੋਈ ਪੂੰਜੀ ਨਹੀਂ । ਮੁਆਵਜ਼ਾ ਉਹ ਕਿਥੋਂ ਦੇਵੇਗਾ? ਨਾ ਉਹ ਮੁਆਵਜ਼ਾ ਦੇ ਸਕੇਗਾ ਨਾ ਜ਼ਮੀਨ ਦਾ ਮਾਲਕ ਬਣ ਸਕੇਗਾ। ਨਾ ਨੌਂ ਮਨ ਤੇਲ ਹੋਵੇਗਾ ਨਾ ਰਾਧਾ ਨੱਚੇਗੀ। ਪੰਚਾਂ ਦਾ ਕਹਿਣਾ ਸਿਰ ਮੱਥੇ ਪਰਨਾਲਾ ਉਥੇ ਦਾ ਉਥੇ । ਹੈ ਨਹੀਂ ਕਿਸਾਨਾਂ ਨਾਲ ਮਖੌਲ। ਤੁਸੀਂ ਇਸ ਕਾਨੂੰਨ ਨੂੰ ਹਬਸ਼ੀ ਗੁਲਾਮਾਂ ਦੀ ਆਜ਼ਾਦੀ ਵਰਗਾ ਆਖ ਕੇ ਜ਼ਾਰ ਨੂੰ ਲਿੰਕਨ ਵਰਗਾ ਮਹਾਨ ਬਣਾਈ ਜਾਨੇ ਓ।"

"ਵਾਕਈ ਕਾਊਂਟ ਤਾਲਸਤਾਏ ਕਿਸਾਨਾਂ ਨੂੰ ਤਾਂ ਕਾਨੂੰਨ ਦਿੰਦਾ ਹੀ ਕੁਝ ਨਹੀਂ, ਸਚ ਮੁੱਚ ਇਹ ਕਿਸਾਨਾਂ ਨਾਲ ਮਖੌਲ ਹੈ।"

"ਮੁਆਵਜ਼ੇ ਦੀਆਂ ਸ਼ਰਤਾਂ ਸੁਣੋਗੇ ਡਾ. ਬਹਿਰਜ਼ ਤਾਂ ਤੁਸੀਂ ਹੋਰ ਵੀ ਹੈਰਾਨ ਹੋਵੋਗੇ। ਏਨੀਆਂ ਕਰੜੀਆਂ ਸ਼ਰਤਾਂ ਲਗਾ ਕੇ ਕਿਸਾਨ ਦੀ ਗੁਲਾਮੀ ਨੂੰ ਪੱਕਾ ਕੀਤਾ ਹੈ। ਮੇਰੇ ਹਿਸਾਬ ਨਾਲ ਇਹ ਆਜ਼ਾਦੀ ਨਹੀਂ ਪਹਿਲੀ ਗੁਲਾਮੀ ਨਾਲੋਂ ਵੀ ਭੈੜੀ ਕਿਸਮ ਦੀ ਗੁਲਾਮੀ ਹੈ। ਜਿਹੜਾ ਕਿਸਾਨ ਮੁਆਵਜ਼ਾ ਦੇਣ ਦੀ ਸਮਰੱਥਾ ਹੀ ਨਹੀਂ ਰਖਦਾ ਉਹ ਮੁਆਵਜ਼ਾ ਕਿਥੋਂ ਦੇਵੇਗਾ। ਮੁਆਵਜ਼ਾ ਪੂਰਾ ਕਰਨ ਲਈ ਉਸਨੂੰ ਮਾਲਕ ਦੀ ਗੁਲਾਮੀ ਕਰਨੀ ਪਵੇਗੀ। ਤੀਹ ਸਾਲ ਤੱਕ ਹੱਡ ਭੰਨਵੀਂ ਮਿਹਨਤ ਕਰਕੇ ਮੁਆਵਜ਼ੇ ਦੀ ਰਕਮ ਪੂਰੀ ਕਰਨੀ ਹੈ। ਜੰਗਲਾਂ, ਚਰਾਂਦਾਂ, ਪਾਣੀ ਦੇ ਸੋਮਿਆਂ ਦਾ ਠੇਕਾ ਪੂਰਾ ਕਰਨ ਲਈ ਮਾਲਕ ਦੀ ਜ਼ਮੀਨ ਵਿਚ ਕੰਮ ਕਰਨਾ ਹੈ। ਕਿੰਨੀ ਕੁ ਮਿਹਨਤ ਕਰ ਸਕੇਗਾ ਕਿਸਾਨ? ਕਿੰਨੀ ਕੁ ਬਚਤ ਕਰਕੇ ਮੁਆਵਜ਼ੇ ਅਤੇ ਠੇਕੇ ਦੀ ਰਕਮ ਮੋੜੇਗਾ? ਉਹ ਆਪਣੀਆਂ ਲੋੜਾਂ ਪੂਰੀਆ ਕਰੇਗਾ ਜਾਂ ਮਾਲਕ ਦੀਆਂ ਰਕਮਾਂ ਤਾਰੇਗਾ? ਕੀ ਨੰਗੀ ਨਹਾਊ ਕੀ ਨਚੋੜੂ? ਹੈ ਕੋਈ ਇਨਸਾਫ ਦੀ ਗੱਲ? ਮਜ਼ਾਕ ਨਹੀਂ ਤਾਂ ਹੋਰ ਕੀ ਹੈ ਇਹ ਕਾਨੂੰਨ? ਫੇਰ ਕਦੋਂ ਕਿਸਾਨ ਬੰਜਰ ਜ਼ਮੀਨਾਂ ਨੂੰ ਵਾਹੀਯੋਗ ਬਣਾਏਗਾ? ਕਦੋਂ ਉਸ ਵਿੱਚ ਫਸਲਾਂ ਬੀਜੇਗਾ? ਕਦੋਂ ਕਮਾਈ ਕਰੇਗਾ? ਕਦੋਂ ਮਾਲਕ ਦਾ ਮੁਆਵਜ਼ਾ ਪੂਰਾ ਕਰੇਗਾ? ਖੱਜਲ ਖੁਆਰੀ ਤੋਂ ਬਿਨਾਂ ਜ਼ਾਰ ਨੇ ਕੀ ਦਿੱਤਾ ਕਿਸਾਨਾਂ ਨੂੰ? ਉਹੀ ਪ੍ਰੇਸ਼ਾਨੀ, ਉਹੀ ਗਰੀਬੀ, ਉਹੀ ਹੱਡ ਭੰਨਵੀਂ ਮਿਹਨਤ। ਕਾਹਦੀ ਆਜ਼ਾਦੀ ਦਿੱਤੀ ਹੈ ਜ਼ਾਰ ਨੇ ਕਿਸਾਨਾਂ ਨੂੰ? ਨਾ ਉਹ ਵਸਦਿਆ ਵਿਚ ਨਾ ਉਜੜਿਆਂ ਵਿੱਚ। ਕਿਸਾਨਾਂ ਨੇ ਇਸ ਦੇ ਖਿਲਾਫ ਬਥੇਰਾ ਰੌਲਾ ਪਾਇਆ, ਮੁਜ਼ਾਹਰੇ ਕੀਤੇ। ਫੌਜ ਨੇ ਸਭ ਕੁਚਲ ਦਿੱਤੇ। ਕਿਸਾਨਾਂ ਦੇ ਪੱਖ ਵਿੱਚ ਫੈਸਲੇ ਕਰਨ ਵਾਲੇ ਆਰਬਿਟਰੇਟਰਾ ਨੂੰ ਜੇਲੀਂ ਭਿਜਵਾਇਆ। ਮੇਰੇ ਖਿਲਾਫ ਭੂਮੀ ਮਾਲਕਾਂ ਦਾ ਜ਼ੋਰ ਨਹੀਂ ਚੜ੍ਹਿਆ ਕਿਉਂਕਿ ਮੇਰੇ ਫੈਸਲਿਆਂ ਵਿਚ ਕੋਈ ਕਾਨੂੰਨੀ ਨੁਕਸ ਨਹੀਂ ਹੁੰਦਾ ਸੀ। ਹੁਣ ਮੇਰੇ ਘਰ ਉਪਰ ਛਾਪਾ ਅਤੇ ਤਲਾਸ਼ੀ ਮੈਨੂੰ ਜੇਲ ਭਿਜਵਾਉਣ ਲਈ ਭੂਮੀ ਮਾਲਕਾਂ ਦੀ ਸਾਜਿਸ਼ ਹੈ। ਕਰਨਲ ਡੁਰਕੋਵ ਵੀ ਮੇਰੇ ਕੋਲ ਆਪਣੀ ਕਿਸੇ ਰਿਸ਼ਤੇਦਾਰ ਇਸਤਰੀ ਦੀ ਸਿਫਾਰਸ਼ ਕਰਨ ਆਇਆ ਸੀ। ਸਿਫਾਰਸ਼ ਮੰਨੀ ਹੀ ਨਹੀਂ ਜਾ ਸਕਦੀ ਸੀ ਕਿਉਂਕਿ ਉਹ ਇਸਤਰੀ ਕਾਨੂੰਨ ਦੀਆਂ ਨਜ਼ਰਾਂ ਵਿਚ ਕਸੂਰਵਾਰ ਸੀ।"

"ਕੀ ਕਸੂਰ ਸੀ ਉਸ ਇਸਤਰੀ ਦਾ? ਕਰਨਲ ਡੁਰਕੋਵੋ ਦੀ ਕੀ ਲੱਗਦੀ ਸੀ?"

"ਉਹ ਕਰਨਲ ਡੁਰਕੋਵੋ ਦੀ ਸਾਲੀ ਸੀ ਪ੍ਰਿੰਸੇਸ ਸੋਫੀਆ। ਉਸਦਾ ਕਸੂਰ ਇਹ ਸੀ ਕਿ ਉਸਨੇ ਆਪਣੇ ਇਕ ਕਿਸਾਨ ਮਾਰਕ ਨੂੰ ਛੇ ਮਹੀਨਿਆਂ ਤੱਕ ਆਜ਼ਾਦ ਨਹੀਂ ਸੀ ਕੀਤਾ। ਉਸ ਤੋਂ ਜ਼ਮੀਨ 'ਤੇ ਕੰਮ ਕਰਵਾਂਦੀ ਸੀ ਅਤੇ ਉਸਦੀ ਪਤਨੀ ਤੋਂ ਘਰ ਦਾ ਕੰਮ ਕਰਵਾਂਦੀ ਸੀ ਅਤੇ ਉਸਨੂੰ ਕੁੱਟਦੀ ਵੀ ਸੀ ਕਿਸਾਨ ਨੇ ਮੇਰੇ ਕੋਲ ਸ਼ਿਕਾਇਤ ਕੀਤੀ ਮੈਂ ਪ੍ਰਿੰਸੇਸ ਸੋਫੀਆ ਨੂੰ ਤਲਬ ਕਰ ਲਿਆ।"

"ਫੇਰ ਆਈ ਪ੍ਰਿੰਸੇਸ ਸੋਫੀਆ?"

"ਆਉਂਦੀ ਕਿਵੇਂ ਨਾ ਸੰਮਨ ਨਾਲ ਨਾ ਔਂਦੀ ਵਾਰੰਟਾਂ ਨਾਲ ਔਂਦੀ। ਬਹੁਤ ਵੱਡੀ ਜਾਇਦਾਦ ਦੀ ਮਾਲਕ ਹੈ। ਬੜੀ ਡਾਟ-ਫਾਟ ਲਾ ਕੇ ਆਈ। ਨਾਲ ਆਪਣਾ ਇਕ ਵਕੀਲ ਲੈ ਕੇ ਆਈ। ਵੱਡੇ ਵੱਡੇ ਰਿਸ਼ਤੇਦਾਰਾਂ ਦੇ ਨਾਂ ਲਏ। ਫੋਕਾ ਰੋਅਬ ਝਾੜਨ ਦੀ ਕੋਸ਼ਿਸ਼ ਕਰੇ। ਮੈਂ ਉਸ ਨੂੰ ਸਵਾਲ ਕੀਤਾ।"

"ਪ੍ਰਿੰਸੇਸ ਸੋਫੀਆ, ਤੁਹਾਨੂੰ ਪਤੈ ਗੁਲਾਮ ਕਿਸਾਨਾਂ ਨੂੰ ਆਜ਼ਾਦ ਕਰਨ ਦਾ ਕਾਨੂੰਨ ਪਾਸ ਹੋਏ ਨੂੰ ਕਿੰਨਾ ਸਮਾਂ ਹੋ ਗਿਐ?"

'ਹਾਂ ਜੀ ਪਤੈ, ਛੇ ਮਹੀਨੇ ਹੋ ਗਏ ਹਨ।'

'ਫੇਰ ਤੁਸੀਂ ਮਾਰਕ ਨੂੰ ਆਜ਼ਾਦ ਕਿਉਂ ਨਹੀਂ ਕੀਤਾ?'

'ਪਹਿਲੀ ਫਸਲ ਵੱਢਣ ਵਾਲੀ ਪਈ ਸੀ, ਦੂਜੀ ਬੀਜਣ ਵਾਲੀ ਸੀ, ਮੈਂ ਇਸਨੂੰ ਆਜ਼ਾਦ ਕਿਵੇਂ ਕਰ ਸਕਦੀ ਸੀ?'

'ਮਤਲਬ ਤੁਸੀਂ ਇਸਤੋਂ ਛੇ ਮਹੀਨੇ ਮੁਫਤ ਕੰਮ ਕਰਵਾਇਆ?'

'ਮੁਫਤ ਦਾ ਕੀ ਮਤਲਬ? ਇਹ ਮੇਰਾ ਗੁਲਾਮ ਹੈ ਮੇਰੇ ਲਈ ਕੰਮ ਕਰਨਾ ਇਸਦਾ ਫਰਜ਼ ਹੈ।'

'ਪ੍ਰਿੰਸੇਸ ਸੋਫੀਆ ਤੁਹਾਨੂੰ ਇਹ ਤਾਂ ਪਤੈ ਹੈ ਕਿ ਕਾਨੂੰਨ ਪਾਸ ਹੋਏ ਨੂੰ ਛੇ ਮਹੀਨੇ ਹੋ ਗਏ ਪਰ ਤੁਹਾਨੂੰ ਇਹ ਨਹੀਂ ਪਤਾ ਕਿ ਕਾਨੂੰਨ ਵਿੱਚ ਲਿਖਿਆ ਕੀ ਐ?'

"ਤੁਸੀਂ ਛੇ ਮਹੀਨੇ ਗੈਰਕਾਨੂੰਨੀ ਢੰਗ ਨਾਲ ਮਾਰਕ ਤੋਂ ਕੰਮ ਕਰਵਾਇਆ ਹੈ। ਤੁਸੀਂ ਕਾਨੂੰਨ ਦੀ ਉਲੰਘਣਾ ਕੀਤੀ ਹੈ। ਕਾਨੂੰਨ ਦੀਆਂ ਨਜ਼ਰਾਂ ਵਿਚ ਤੁਸੀਂ ਮੁਜਰਮ ਹੋ। ਤੁਹਾਨੂੰ ਮਾਰਕ ਨੂੰ ਛੇ ਮਹੀਨਿਆਂ ਦੀ ਉਸਦੀ ਮਿਹਨਤ ਦਾ ਇਵਜ਼ਾਨਾ ਦੇਣਾ ਪਵੇਗਾ। ਅਗਲੀ ਗੱਲ ਮਾਰਕ ਆਖਦਾ ਹੈ ਤੁਸੀਂ ਉਸਦੀ ਪਤਨੀ ਨੂੰ ਕੁੱਟਦੇ ਰਹੇ ਹੋ।"

"ਸਾਰੇ ਮਾਲਕ ਆਪਣੇ ਗੁਲਾਮਾਂ ਨੂੰ ਕੁੱਟਦੇ ਹਨ। ਮੈਂ ਆਪਣੇ ਅਧਿਕਾਰਾਂ ਦੀ ਵਰਤੋਂ ਕੀਤੀ ਹੈ।"

"ਅਧਿਕਾਰਾਂ ਦੀ ਵਰਤੋਂ ਨਹੀਂ ਕੀਤੀ ਪ੍ਰਿੰਸੇਸ ਸੋਫੀਆ ਤੁਸੀਂ ਕਾਨੂੰਨ ਦੀ ਉਲੰਘਣਾ ਕੀਤੀ ਹੈ। ਅਪਰਾਧ ਕੀਤਾ ਹੈ। ਇਸ ਅਪਰਾਧ ਲਈ ਤੁਹਾਨੂੰ ਪੰਜ ਸੌ ਰੂਬਲ ਜੁਰਮਾਨਾ ਕੀਤਾ ਜਾਂਦਾ ਹੈ। ਇਕ ਹਜ਼ਾਰ ਰੂਬਲ ਮਾਰਕ ਦਾ ਇਵਜ਼ਾਨਾ ਅਤੇ ਪੰਜ ਸੋ ਰੁਬਲ ਜੁਰਮਾਨਾ ਤੁਹਾਨੂੰ ਭਰਨੇ ਪੈਣਗੇ। ਜੇਕਰ ਤੁਹਾਨੂੰ ਮੇਰਾ ਫੈਸਲਾ ਮਨਜ਼ੂਰ ਨਹੀਂ ਤੁਸੀਂ ਉਪਰ ਅਪੀਲ ਕਰ ਸਕਦੇ ਹੋ।"

"ਕਾਉਂਟ ਤਾਲਸਤਾਏ ਅਸਲ ਵਿੱਚ ਤੁਹਾਨੂੰ ਜ਼ਾਰ ਦੇ ਮੈਨੀਫੈਸਟੋ ਨੂੰ ਈਮਾਨਦਾਰੀ ਨਾਲ ਲਾਗੂ ਕਰਨ ਦੀ ਸਜ਼ਾ ਮਿਲੀ ਹੈ। ਮੈਨੂੰ ਪੂਰਾ ਯਕੀਨ ਹੈ ਜਦ ਇਹ ਸਾਰੀ ਕਹਾਣੀ ਜ਼ਾਰ ਦੇ ਨੋਟਿਸ ਵਿਚ ਲਿਆਂਦੀ ਜਾਵੇਗੀ, ਉਹ ਜ਼ਰੂਰ ਤੁਹਾਡੀ ਪ੍ਰਸੰਸਾ ਕਰੇਗਾ ਅਤੇ ਤੁਹਾਨੂੰ ਇਨਸਾਫ ਮਿਲੇਗਾ। ਇਹ ਛਾਪਾ ਅਤੇ ਤੁਹਾਡੇ ਘਰ ਦੀ ਤਲਾਸ਼ੀ ਭੂਮੀ ਮਾਲਕਾਂ ਅਤੇ ਕਰਨਲ ਡੁਰਕੋਵੋ ਦੀ ਤੁਹਾਨੂੰ ਕੈਦ ਕਰਵਾਉਣ ਲਈ ਘੜੀ ਗਈ ਗਿਣੀ ਮਿਥੀ ਸਾਜ਼ਿਸ਼ ਹੈ। ਸਚਾਈ ਤੁਹਾਡੇ ਹੱਕ ਵਿੱਚ ਬੋਲ ਰਹੀ ਹੈ। ਆਪਾਂ ਹੁਣ ਐਡਵੋਕੇਟ ਪਲੈਖਾਨੋਵ ਕੋਲ ਚਲਦੇ ਹਾਂ। ਉਸ ਕੋਲ ਕਾਨੂੰਨੀ ਢੰਗ ਨਾਲ ਪਟੀਸ਼ਨ ਲਿਖਵਾਵਾਂਗੇ। ਮੈਂ ਖੁਦ ਤੁਹਾਡੀ ਪਟੀਸ਼ਨ ਲੈ ਕੇ ਪੀਟਰਜ਼ਬਰਗ ਜਾਵਾਂਗਾ। ਮੈਨੂੰ ਪੂਰੀ ਉਮੀਦ ਹੈ ਜ਼ਾਰ ਕੋਲੋਂ ਤੁਹਾਨੂੰ ਇਨਸਾਫ ਮਿਲੇਗਾ। *(ਲਿਖੇ ਜਾ ਰਹੇ ਨਾਵਲ ਦਾ ਅੰਸ਼)*

*ਜੰਡਾਂਵਾਲਾ ਰੋਡ, ਬਰਨਾਲਾ (148101), ਫੋਨ 01679-32557*



## ਹਉਕਾ ਤੇ ਨਜ਼ਮ/*ਜੈ ਪਾਲ*

ਹੰਸੇ ਜੈਨ ਦੀ ਕੋਠੀ
ਮੈਂ ਤੇ ਮੇਰੀ ਨਿੱਕੀ ਭੈਣ ਦੀ ਜੋਟੀ

ਗੱਟਿਆਂ 'ਚ ਲੂਣ ਕੱਢਦੇ
ਬਣੇ ਡਲੇ ਤੋੜਦੇ
ਕਿਲੋ-ਕਿਲੋ ਤੋਲਦੇ

ਮੋਮਬਤੀ ਦੀ ਲਾਟ ਨਾਲ
ਪੈਕ ਕਰਦੇ ਸਾਂ ਥੈਲੀਆਂ
ਲੂਣ ਹੀ ਸੀ ਖੇਡ ਸਾਡੀ
ਲੂਣ ਹੀ ਸੀ ਪੈਲੀਆਂ

ਸੁਪਨਿਆਂ 'ਚ ਵੀ
ਥੈਲੀਆਂ ਗਿਣਦੇ ਸਾਂ
ਬਸ ਆਪਣਾ ਬੱਚਪਨ ਚਿਣਦੇ ਸਾਂ
ਤ੍ਰਿਕਾਲਾਂ ਵੇਲੇ
ਚਾਹ ਦੀ ਘੁੱਟ ਪਿਆਉਣ ਬਦਲੇ
ਘਰ ਦੇ ਹਰ ਕੰਮ ਕਰਵਾਉਣ ਲਈ

ਕੋਠੀ 'ਚ
ਇਕ ਵੱਖਰਾ ਆਲਾ ਸੀ
ਜਿਸਦੇ ਗਲਾਸ
ਬੁਝਾਂਦੇ ਸਨ
ਸਿਰਫ 'ਕੰਮੀਆਂ' ਦੀ ਪਿਆਸ

ਉਹਨਾ ਗਲਾਸਾਂ 'ਚ
ਚਾਹ 'ਪਿਆਈ' ਜਾਂਦੀ ਸੀ
ਤੇ ਉਸ ਕੋਠੀ 'ਚ
ਮਹਾਂਵੀਰ ਜੈਨ ਦੀ ਤਸਵੀਰ ਅੱਗੇ
ਰੋਜ਼ ਧੂਫ ਧੁਖਾਈ ਜਾਂਦੀ ਸੀ

ਹੰਸਾ ਜੈਨੀ ਸੀ
ਅੰਹਿਸਾ ਦਾ ਗਿਆਨੀ ਸੀ

ਭਾਵੇਂ ਹੁਣ ਹੰਸੇ ਨੇ
ਲੂਣ ਦਾ 'ਛੋਟਾ ਕੰਮ' ਛੱਡ ਦਿੱਤਾ
ਪਰ ਮੇਰੇ ਬਚਪਨ ਦੇ ਬੁੱਲ੍ਹਾਂ 'ਤੇ ਨਮਕ ਦੀ
ਇਕ ਪਰਤ ਜੰਮੀ ਹੈ
ਕੱਚ ਦੀ ਇਕ ਕਿਰਕ
ਸਹਿਜਤਾ ਦੇ ਮੱਥੇ ਵੱਜੀ ਹੈ।

ਮੈਂ ਕਵਿਤਾ ਨਾਲ
ਨਮਕ ਦੀ ਜੰਮੀ ਹੋਈ
ਪਰਤ ਧੋਂਦਾ ਹਾਂ ਹਾਲੇ ਵੀ
ਸੁਪਨੇ 'ਚ
ਮੋਮਬੱਤੀ ਦੀ ਲਾਟ ਨਾਲ
ਮੁਲਾਇਮ ਸੁਪਨੇ ਸਿਉਂਦਾ ਹਾਂ

*ਘਰ ਨੰ:71, ਵਾਰਡ ਨੰ-11. ਡੇਰਾ ਬਸੀ -140507*

## ਅਲੈਗਜ਼ਾਂਡਰ ਬਲਾਕ ਦੀ ਮੌਤ / ਵਲਾਦੀਮੀਰ ਮਾਇਆਕੋਵਸਕੀ

ਅਲੈਗਜ਼ਾਂਡਰ ਬਲਾਕ ਦੀਆਂ ਰਚਨਾਤਮਿਕ ਕਿਰਤਾਂ ਇਕ ਪੂਰਾ ਕਾਵਿਕ ਯੁੱਗ ਹੈ। ਹੁਣੇ ਹੀ ਬੀਤਿਆ ਯੁੱਗ।

ਚਿੰਨ੍ਹਵਾਦ ਦੇ ਅਸਚਰਜ ਜਨਕ ਉਸਤਾਦ ਕਵੀ ਬਲਾਕ ਦਾ ਸਮੁੱਚੀ ਸਮਕਾਲੀ ਕਵਿਤਾ ਉੱਤੇ ਬੜਾ ਡੂੰਘਾ ਪ੍ਰਭਾਵ ਸੀ।

ਅਜਿਹੇ ਲੋਕ ਵੀ ਹਨ ਜੋ ਅੱਜ ਤੀਕਰ ਉਸ ਦੀ ਟੂਣੇਹਾਰੀ ਕਵਿਤਾ ਦੇ ਪ੍ਰਭਾਵ ਤੋਂ ਮੁਕਤ ਨਹੀਂ ਹੋ ਸਕੇ। ਉਹ ਬਲਾਕ ਦੀ ਇਕ ਪੰਗਤੀ ਲੈਂਦੇ ਹਨ ਤੇ ਉਸ ਨੂੰ ਪੂਰੇ ਸਫ਼ਿਆਂ 'ਤੇ ਖਿਲਾਰ ਦੇਂਦੇ ਹਨ। ਇਸ ਉੱਤੇ ਆਪਣੀ ਸਾਰੀ ਕਾਵਿ ਦੌਲਤ ਦੀ ਉਸਾਰੀ ਕਰਦੇ ਹਨ। ਹੋਰ ਦੂਸਰਿਆਂ ਨੇ ਇਸ ਵਿਰੁੱਧ ਆਪਣੀ ਕਾਵਿਕ ਜੰਗ ਦਾ ਐਲਾਨ ਕਰ ਦਿੱਤਾ ਹੈ ਤੇ ਆਪਣੇ ਚਿੰਨਵਾਦੀ ਪ੍ਰਬੰਧ ਵਿਚੋਂ ਟੁਕੜੇ ਲੈ ਕੇ ਨਵੇਂ ਤਾਲਾਂ ਦੀਆਂ ਨੀਹਾਂ ਪੁੱਟ ਰਹੇ ਹਨ, ਨਵੇਂ ਬਿੰਬਾ ਦੀਆਂ ਇੱਟਾਂ ਜੜ ਰਹੇ ਹਨ, ਆਪਣੀਆਂ ਪੰਗਤੀਆਂ ਨਾਲ ਨਵੇਂ ਛੰਦਾਂ ਨੂੰ ਬੰਨ੍ਹ ਰਹੇ ਹਨ, ਤੇ ਭਵਿੱਖ ਦੀ ਕਵਿਤਾ ਦੀ ਸਿਰਜਨਾ ਵਾਸਤੇ ਦਲੇਰੀ ਭਰੀਆਂ ਕੋਸ਼ਿਸ਼ਾਂ ਕਰ ਰਹੇ ਹਨ। ਪਰ ਬਲਾਕ ਨੂੰ ਪਿਛਲੇ ਤੇ ਪਹਿਲੇ ਦੋਵੇਂ ਹੀ ਬਰਾਬਰ ਦੇ ਪਿਆਰ ਨਾਲ ਯਾਦ ਕਰਦੇ ਹਨ।

ਬਲਾਕ ਨੇ ਸਾਡੀ ਮਹਾਨ ਕਰਾਂਤੀ ਦੀ ਪੂਰੀ ਸੁਹਿਰਦਤਾ ਤੇ ਵੱਡੀ ਖੁਸ਼ੀ ਨਾਲ, ਸਵਾਗਤ ਕੀਤਾ। ਐਪਰ ਚਿੰਨ੍ਹਵਾਦੀ ਕਵੀ ਦੀ ਸੋਧੀ ਹੋਈ ਛਬੀਲੀ ਭਾਸ਼ਾ, ਕਰਾਂਤੀ ਦੀ ਭਾਰੀ ਤੇ ਬਹੁਤ ਖੁਰਦਰੀ ਬਿੰਬਾਵਲੀ ਨੂੰ ਚੁੱਕ ਨਾ ਸਕੀ ਤੇ ਨਾ ਹੀ ਇਸ ਦੀ ਪੁਸ਼ਟੀ ਕਰ ਸਕੀ ਆਪਣੀ ਪ੍ਰਸਿੱਧ ਕਵਿਤਾ ਬਾਰਾਂ ਜਣੇ ਜੋ ਕਈ ਭਾਸ਼ਾਵਾਂ ਵਿੱਚ ਅਨੁਵਾਦ ਹੋਈ ਵਿੱਚ ਕਵੀ ਬਲਾਕ ਨੇ ਆਪਣੀ ਸਮਰੱਥਾ ਤੋਂ ਵੱਧ ਭਾਰ ਚੁੱਕਿਆ।

ਕਰਾਂਤੀ ਦੇ ਪਹਿਲੇ ਦਿਨਾਂ ਵਿਚ ਮੈਨੂੰ ਯਾਦ ਹੈ ਕਿ ਮੈਂ ਪਤਲੇ ਤੇ ਇੱਕ ਸੁੱਕੇ ਜਹੇ ਸਿਪਾਹੀ ਵਰਗੇ ਬੰਦੇ ਦੇ ਮਗਰ ਜਾ ਰਿਹਾ ਸੀ ਜਿਸ ਨੇ ਵਿੰਟਰ ਪੈਲੇਸ ਦੇ ਸਾਹਮਣੇ ਬਲਦੇ ਧੂੰਏ ਵਿੱਚ ਆਪਣੇ ਆਪ ਨੂੰ ਸੇਕ ਕੇ ਨਿੱਘਾ ਕੀਤਾ ਸੀ। ਉਸ ਨੇ ਮੈਨੂੰ ਨਮਸਕਾਰ ਕੀਤਾ। ਇਹ ਬਲਾਕ ਸੀ ਉਹ ਮੇਰੇ ਨਾਲ ਡੈਸਕਾਈ ਐਂਟਰੈਂਸ ਤੀਕ ਤੁਰਿਆ ਗਿਆ।

"ਕੀ ਇਹ ਤੈਨੂੰ ਚੰਗੀ ਲੱਗਦੀ ਹੈ ?" ਮੈਂ ਪੁੱਛਿਆ

"ਇਹ ਠੀਕ ਹੈ" ਬਲਾਕ ਨੇ ਕਿਹਾ ਤੇ ਨਾਲ ਹੀ ਵਾਧਾ ਕੀਤਾ," ਉਹਨਾਂ ਨੇ ਦੇਹਾਤ ਵਿੱਚ ਮੇਰੀ ਲਾਇਬ੍ਰੇਰੀ ਸਾੜ ਦਿੱਤੀ ਹੈ।

ਇਹ ਠੀਕ ਹੈ ਅਤੇ ਮੇਰੀ ਲਾਇਬ੍ਰੇਰੀ ਸਾੜਨ ਵਾਲੀ ਗੱਲ ਕਰਾਂਤੀ ਪ੍ਰਤੀ ਉਸ ਦੇ ਮਨੋਭਾਵ ਸਨ ਤੇ ਇਹ ਦੋਵੇਂ "ਬਾਰਾਂ-ਜਣੇ" ਕਵਿਤਾ ਵਿਚ ਵਿਲੱਖਣ ਰੂਪ ਵਿੱਚ ਜੁੜੇ ਹੋਏ ਹਨ। ਕਈਆਂ ਨੇ ਇਸ ਨੂੰ ਕਰਾਂਤੀ ਉੱਤੇ ਇਕ ਵਿਅੰਗ ਦੇ ਰੂਪ ਵਿੱਚ ਲਿਆ ਤੇ ਦੂਜਿਆਂ ਨੇ ਇਸ ਦੀ ਮਹਿਮਾ ਦੇ ਰੂਪ ਵਿੱਚ।

ਚਿੱਟੀਆਂ ਫੌਜਾਂ ਦੀ ਧਿਰ ਨੇ ਕਵਿਤਾ ਨੂੰ ਬਾਰ-ਬਾਰ ਪੜ੍ਹਿਆ ਤੇ ਉਹ ਇਸ ਵਿਚਲੇ ਠੀਕ ਹੋਣ ਦੇ ਅਰਥਾਂ ਨੂੰ ਭੁੱਲ ਗਏ ਤੇ ਲਾਲ ਫੌਜੀਆਂ ਨੇ ਵੀ ਇਸ ਨੂੰ ਮੁੜ ਮੁੜ ਪੜ੍ਹਿਆ ਤੇ ਉਹ ਕਵੀ ਬਲਾਕ ਦੀ ਲਾਇਬ੍ਰੇਰੀ ਨੂੰ ਸਾੜੇ ਜਾਣ ਦੇ ਦਰਦ ਨੂੰ ਭੁੱਲ ਗਏ। ਚਿੰਨ੍ਹਵਾਦੀ ਕਵੀ ਨੇ ਫੈਸਲਾ ਕਰਨਾ ਸੀ ਕਿ ਇਹਨਾਂ ਦੋਵਾਂ ਮਨੋਭਾਵਾਂ ਵਿਚੋਂ ਕਿਹੜਾ ਤਕੜਾ ਸੀ। 'ਚੰਗੇ' ਦੀ ਮਹਿਮਾ ਕਰੇ ਜਾ ਅੱਗ ਦੇ ਕੋਲਿਆਂ ਦਾ ਮਾਤਮ ਕਰੇ। ਬਲਾਕ ਨੇ ਆਪਣੀ ਕਵਿਤਾ ਵਿੱਚ ਇਹ ਚੋਣ ਕਦੇ ਵੀ ਨਾ ਕੀਤੀ।

ਇਸ ਸਾਲ ਮੈਂ ਉਸ ਨੂੰ ਮਾਸਕੋ ਵਿੱਚ ਸੁਣਿਆ। ਹਾਲ ਅੱਧਾ ਖਾਲੀ ਸੀ ਤੇ ਕਬਰਾਂ ਵਰਗੀ ਦੁੱਪ ਸੀ। ਉਸ ਨੇ ਬੜੀ ਉਦਾਸੀ ਵਿਚ ਹੌਲੀ ਹੌਲੀ ਖਾਨਾਬਦੋਸ਼ ਗੀਤਕਾਰਾਂ, ਪਿਆਰ ਤੇ ਸੁੰਦਰ ਤੀਵੀਂ ਬਾਰੇ ਆਪਣੀਆਂ ਪੁਰਾਣੀਆਂ ਕਵਿਤਾਵਾਂ ਸੁਣਾਈਆਂ। ਅੱਗੋਂ ਹੁਣ ਸੜਕ ਬੰਦ ਸੀ। ਅੱਗੇ ਸਿਰਫ ਮੌਤ ਸੀ ਤੇ ਇਹ ਆਣ ਪਹੁੰਚੀ। ❖

*ਅਨੁਵਾਦ (ਹ.ਸ.ਹ)*





## ਮੁਖ਼ਬਰੀ ਕਰਦੇ ਦਿਨ / ਹਰਭਜਨ ਸਿੰਘ ਹੁੰਦਲ

ਮੇਰੇ ਹਥਲੇ ਕਾਵਿ-ਸੰਗ੍ਰਹਿ ਦੇ ਪਹਿਲੇ ਭਾਗ ਦੀਆਂ ਕਵਿਤਾਵਾਂ ਮੇਰੀ ਪਹਿਲੀ ਕਾਵਿ ਰਚਨਾ ਨਾਲੋਂ ਵੱਖਰੀ ਭਾਂਤ ਦੀਆਂ ਹਨ। ਪਹਿਲੀ ਕਾਵਿ ਰਚਨਾ ਪ੍ਰਗਤੀਵਾਦੀ/ਜਨਵਾਦੀ ਸਾਹਿਤ-ਸਿਧਾਤਾਂ ਪ੍ਰਤੀ ਮੇਰੇ ਅਟੁੱਟ ਵਿਸ਼ਵਾਸ ਦੀ ਉਪਜ ਸੀ, ਜਿਸ ਦੀ ਪਿੱਠ ਭੂਮੀ ਵਿੱਚ ਸੰਸਾਰ ਸਮਾਜਵਾਦੀ ਲਹਿਰ ਦੀ ਵਿਰਾਸਤ ਅਤੇ ਕਲਾ ਦ੍ਰਿਸ਼ਟੀ ਹੁੰਦੀ ਸੀ। ਹਥਲੀਆਂ ਕਵਿਤਾਵਾਂ ਵਿੱਚ ਸਮਾਜਵਾਦੀ ਸੰਸਾਰ ਦ੍ਰਿਸ਼ਟੀਕੋਣ ਅਤੇ ਵਿਚਾਰਧਾਰਾ ਪ੍ਰਤੀ ਮੇਰੀ ਪਹਿਲੀ ਨਿਸ਼ਠਾ ਤਾਂ ਭਾਵੇਂ ਕਾਇਮ ਹੈ ਪਰ ਇਸ ਦੇ ਜਥੇਬੰਦਕ ਢਾਂਚੇ ਵਿੱਚ ਪੈਦਾ ਹੋਏ ਤੇ ਹੋ ਰਹੇ ਵਿਗਾੜਾਂ ਪ੍ਰਤੀ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ। ਪੈਦਾ ਹੋਏ ਇਹਨਾਂ ਖਤਰਨਾਕ ਵਿਗਾੜਾਂ ਅਤੇ ਕੁਰਾਹਿਆਂ ਵਿਚ ਕਿਹੜੀ ਧਿਰ ਗਲਤ ਸੀ ਤੇ ਕਿਹੜੀ ਠੀਕ, ਹੱਕ ਸੱਚ ਤੇ ਨਿਆਂ ਅਤੇ ਜਨਵਾਦੀ ਪਰੰਪਰਾਵਾਂ ਕਿਸ ਪਾਸੇ ਸਨ ਤੇ ਕੁਫ਼ਰ, ਧੌਂਸ ਤੇ ਕਪਟ ਕਿਸ ਪਾਸੇ, ਮੇਰੇ ਲਈ ਇਹ ਸਾਰਾ ਰਾਜਸੀ ਵਰਤਾਰਾ ਗੰਭੀਰ ਚਿੰਤਨ ਤੇ ਡੂੰਘੀ ਚਿੰਤਾ ਦਾ ਕਾਰਨ ਬਣਿਆ ਹੋਇਆ ਸੀ।

ਦੇਰ ਤੀਕ, ਬਹੁਤ ਕੁਝ ਵੇਖ, ਪੜ੍ਹ ਸੁਣ ਅਤੇ ਅਨੁਭਵ ਕਰਕੇ ਮੈਂ ਇਸ ਨਤੀਜੇ ਉੱਤੇ ਅਪੜਿਆ ਸੀ ਕਿ ਇਸ ਚਿੰਤਾਜਨਕ ਸਥਿਤੀ ਵਿੱਚ ਮੇਰੀ ਕਵਿਤਾ ਨੂੰ ਠੀਕ ਤੇ ਗਲਤ ਸੱਚ ਤੇ ਝੂਠ ਵਿਚੋਂ ਸਹੀਂ ਧਿਰ ਦੀ ਪਛਾਣ ਕਰਨੀ ਬਣਦੀ ਹੈ। ਏਸੇ ਮਾਨਸਿਕ ਕਸ਼ਮਕਸ਼ ਅਤੇ ਤਲਾਸ਼ ਦਾ ਸਿੱਟਾ ਇਹ ਹਥਲੀਆਂ ਕਵਿਤਾਵਾਂ ਹਨ।

ਮੇਰੇ ਪਾਠਕ ਤੇ ਸ਼ੁਭ ਚਿੰਤਕ ਪੁੱਛ ਸਕਦੇ ਹਨ ਕਿ ਤੁਸੀਂ ਕੀ ਲੈਣਾ ਸੀ ਇਸ ਵਾਦ-ਵਿਵਾਦ ਵਿੱਚ ਰਚਨਾਤਮਕ ਦਖਲ ਦੇ ਕੇ। ਬਿਹਤਰ ਸੀ ਕਿ ਸਭ ਕੁਝ ਵੇਖ ਕੇ ਚੁੱਪ ਕਰ ਰਹਿੰਦੇ। ਤੁਹਾਡੇ ਉੱਤੇ ਦੋਵੇਂ ਧਿਰਾਂ ਖੁਸ਼ ਰਹਿੰਦੀਆਂ। ਕੀ ਇਸ ਦਾ ਅਰਥ ਇਹ ਸੀ ਕਿ ਮੈਂ ਗਲਤ ਗੱਲਾਂ ਨਾਲ ਸਮਝੌਤਾ ਕਰ ਲੈਂਦਾ ਜਾਂ ਸਭ ਕੁਝ ਵੇਖ ਕੇ ਅੱਖਾਂ ਮੀਟੀ ਰੱਖਦਾ। ਐਪਰ ਮੇਰੀ ਕਲਾ ਦ੍ਰਿਸ਼ਟੀ ਵਿੱਚ ਇਹੀ ਤਾਂ 'ਨੁਕਸ' ਹੈ ਕਿ ਮੈਂ ਠੀਕ ਜਾਂ ਗਲਤ ਵਿਚੋਂ ਆਪਣਾ ਪਾਸਾ ਚੁਣ ਲੈਂਦਾ ਹਾਂ। ਇਹ ਪਾਸਾ ਮੈਂ ਭਾਵੇਂ ਕਾਫੀ ਦੇਰ ਨਾਲ ਤੇ ਲੰਮੀ ਸੋਚ ਵਿਚਾਰ ਬਾਅਦ ਚੁਣਦਾ ਹਾਂ ਐਪਰ ਇੰਝ ਕਰਦੇ ਮੇਰੇ ਲਈ ਨਿਰਪੱਖ ਰਹਿਣਾ ਸੰਭਵ ਨਹੀਂ ਹੁੰਦਾ। ਨਿਰਪੱਖ ਰਹਿੰਦਿਆਂ ਕਵਿਤਾ ਲਿਖਣ ਦੀ ਸ਼ਾਇਦ ਅਵੱਸ਼ਕਤਾ ਵੀ ਨਹੀਂ ਰਹਿੰਦੀ। ਜਿਸ ਕਵੀ ਨੂੰ ਸਮਾਜਕ ਸੱਚ ਜਾਂ ਗਤੀਸ਼ੀਲ ਯਥਾਰਥ ਦੀ ਪਛਾਣ ਆਉਣੋਂ ਹਟ ਜਾਂਦੀ ਹੈ, ਕਵਿਤਾ ਵੀ ਉਸ ਨਾਲੋਂ ਤੋੜ-ਵਿਛੋੜਾ ਕਰ ਜਾਂਦੀ ਹੈ। ਮੇਰੀ ਸਥਿਤੀ ਅਜਿਹੀ ਸੀ ਕਿ ਜਾਂ ਤਾਂ ਮੈਂ ਕਵਿਤਾ ਲਿਖਣੀ ਛੱਡ ਦਿੰਦਾ ਤੇ ਜਾਂ ਫਿਰ ਕੁਫ਼ਰ ਤੇ ਸੱਚ ਵਿਚੋਂ ਕੋਈ ਪਾਸਾ ਚੁਣ ਲੈਂਦਾ। ਏਸੇ ਵਜ੍ਹਾ ਕਾਰਨ ਮੇਰੀ ਹਰ ਰਚਨਾ ਪੱਖਪਾਤੀ ਹੁੰਦੀ ਹੈ। ਅਸਲ ਵਿੱਚ ਸਾਹਿਤ, ਕਲਾ ਤੇ ਵਿਚਾਰਧਾਰਾ ਦੇ ਖੇਤਰ ਵਿਚ ਨਿਰਪੱਖਤਾ ਨਾਂ ਦੀ ਕੋਈ ਗੱਲ ਹੁੰਦੀ ਨਹੀਂ। ਹਰ ਕਲਾਕ੍ਰਿਤ ਅਚੇਤ ਜਾਂ ਸੁਚੇਤ ਇੱਕ ਪੱਖ ਚੁਣਦੀ ਜਾਂ ਲੈਂਦੀ ਹੈ ਅਤੇ ਸਾਹਿਤਕ ਰਚਨਾ ਲਈ ਕੋਈ ਖੇਤਰ ਵਰਜਿਤ ਨਹੀਂ ਹੁੰਦਾ।

ਵੇਖਣ ਵਾਲੀ ਮੁੱਖ ਗੱਲ ਇਹ ਹੁੰਦੀ ਹੈ ਕਿ ਰਚਨਾਤਮਿਕ ਕਲਾਕਾਰ ਜਾਂ ਲੇਖਕ ਨੇ ਪੇਸ਼ ਸਮਾਜਕ ਯਥਾਰਥ ਨੂੰ ਸਾਹਿਤਕ ਅਥਵਾ ਕਲਾਤਮਿਕ ਬਿੰਬ ਦਾ ਸਰੂਪ ਪਰਦਾਨ ਕਰਨ ਵਿਚ ਕਿੰਨੀ ਕੁ ਸਫਲਤਾ ਪ੍ਰਾਪਤ ਕੀਤੀ ਹੈ।

ਗੰਭੀਰ ਭਾਂਤ ਦੇ ਇਹਨਾਂ ਵਿਚਾਰਧਾਰਕ ਪ੍ਰਸ਼ਨਾਂ ਬਾਰੇ ਕਵਿਤਾ ਕਹਿਣੀ ਸਰਲ ਸਹਿਜ ਜਾਂ ਸਿੱਧ ਪੱਧਰਾ ਕਾਰਜ ਨਹੀਂ ਹੁੰਦਾ। ਪੈਰ ਪੈਰ 'ਤੇ ਖ਼ਤਰੇ ਅਤੇ ਟੋਏ ਪੇਸ਼ ਆਉਂਦੇ ਨੇ। ਕਈ ਵਾਰ ਪੇਸ਼ ਅਨੁਭਵ ਨਿਰੋਲ ਸਿਆਸੀ ਪ੍ਰੈੱਸ ਬਿਆਨ ਤੀਕ ਹੀ ਰਹਿ ਜਾਂਦਾ ਹੈ ਤੇ ਸਾਹਿਤਕ ਸਰੂਪ ਗ੍ਰਹਿਣ ਨਹੀਂ ਕਰਦਾ। ਹਥਲੇ ਜਥੇਬੰਦਕ ਸੰਕਟ ਦੇ ਪ੍ਰਸੰਗ ਵਿੱਚ ਮੇਰੀ ਕਾਵਿ ਸੰਵੇਦਨਾ ਨੂੰ ਚੈਨ ਨਹੀਂ ਸੀ ਆ ਰਿਹਾ। ਇਹਨਾਂ ਕਵਿਤਾਵਾਂ ਨੂੰ ਲਿਖੇ ਜਾਣ ਤੋਂ ਇਨਕਾਰੀ ਹੋਣਾ ਮੇਰੇ ਲਈ ਸੰਭਵ ਨਹੀਂ ਸੀ। ਰਚਨਾਤਮਿਕ ਵੰਗਾਰ ਨੂੰ ਪ੍ਰਵਾਨ ਕਰਨਾ ਤੇ ਮਨ ਦੇ ਬੂਹੇ ਅੱਗੇ ਆਣ ਖਲੋਤੀਆਂ ਕਵਿਤਾਵਾਂ ਨੂੰ ਦੁਰਕਾਰ ਦੇਣਾ ਆਸਾਨ ਤੇ ਦਰੁਸਤ ਨਹੀਂ ਹੁੰਦਾ। ਕਿਉਂਕਿ ਸਿਰਜਣਾਤਮਿਕ ਛਿਣ ਬਾਰ ਬਾਰ ਹਾਜ਼ਰ ਨਹੀਂ ਹੁੰਦੇ ਤੇ ਨਾ ਹੀ ਪਕੜ ਵਿੱਚ ਆਉਂਦੇ ਹਨ।

ਆਪਣੇ ਸਾਹਿਤਕ ਸਫ਼ਰ ਵਿਚ ਪਹਿਲਾਂ ਵੀ ਮੈਂ ਅਜੇਹੀਆਂ ਖ਼ਤਰਨਾਕ ਵੰਗਾਰਾਂ ਨੂੰ ਪ੍ਰਵਾਨ ਕਰਕੇ ਅਤੇ ਰਚਨਾਤਮਿਕ ਤੌਰ 'ਤੇ ਨਜਿੱਠ ਕੇ ਹੁਣ ਦੇ ਪੜਾਅ ਤੀਕ ਪਹੁੰਚਿਆ ਹਾਂ। ਅਜਿਹੀਆਂ ਚੁਣੌਤੀਆਂ ਅਸਲ ਵਿਚ ਲੇਖਕ ਲਈ ਪ੍ਰੀਖਿਆ ਦਾ ਅਵਸਰ ਪ੍ਰਦਾਨ ਕਰਦੀਆਂ ਹਨ। ਇਹਨਾਂ ਨੂੰ ਸਵੀਕਾਰਨ ਤੇ ਨਜਿੱਠਣ ਤੋਂ ਬਾਅਦ ਹੀ ਲੇਖਕ ਆਪਣੀਆਂ ਨਾਗਰਿਕ ਜ਼ੁੰਮੇਵਾਰੀਆਂ ਤੋਂ ਸੁਰਖ਼ਰੂ ਹੁੰਦਾ ਹੈ।

ਮੇਰੀਆਂ ਇਹ ਕਵਿਤਾਵਾਂ ਖੱਬੀ ਰਾਜਨੀਤੀ ਅੰਦਰ ਪ੍ਰਵੇਸ਼ ਕਰ ਰਹੇ ਅਪਰਾਧੀ ਕਰਨ ਦੇ ਮਾੜੇ ਰੁਝਾਨ ਵਿਰੁੱਧ ਉਪਜੇ ਪ੍ਰਤੀ ਕਰਮ ਦਾ ਸਿੱਟਾ ਹਨ। ਅਹੁਦਿਆਂ ਦੀ ਪ੍ਰਾਪਤੀ ਤੇ ਕਾਇਮੀ ਲਈ ਹਰ ਘਿਰਣਤ ਦਾਅ-ਪੇਚ ਵਰਤਣੇ, ਸੁਹਿਰਦ ਆਗੂਆਂ ਤੇ ਵਿਅਕਤੀਆਂ ਦੀ ਥਾਂ ਚਮਚਗੀਰਾਂ ਨੂੰ ਉਤਸਾਹਤ ਕਰਨਾ, ਗੁੱਟਬੰਦੀ ਤੇ ਨੰਗੀ ਚਿੱਟੀ ਗੁੰਡਾਗਰਦੀ ਦੀ ਵਧ ਰਹੀ ਕਰੁੱਚੀ, ਸਮਰਪਿਤ ਵਰਕਰਾਂ ਨੂੰ ਕਿਸੇ ਨਾ ਕਿਸੇ ਛੜਯੰਤਰ ਰਾਹੀਂ ਪਾਸੇ ਧੱਕਣਾ ਅਤੇ ਵਰਗ ਸਹਿਯੋਗ ਦੇ ਰਾਹ ਤੁਰ ਪੈਣਾ ਆਦਿ ਅਜੇਹੇ ਵਿਗਾੜ ਸਨ ਜੋ ਮੇਰੀ ਫਿਕਰਮੰਦੀ ਦਾ ਕਾਰਨ ਅਤੇ ਮੇਰੇ ਕਾਵਿਕ ਪ੍ਰਤੀਕਰਮ ਲਈ ਉਕਸਾਊ ਉਪਜਾਊ ਬਹਾਨਾ ਬਣੇ ਹਨ। ਇਹ ਗੱਲ ਤਾਂ ਸਪਸ਼ਟ ਹੈ ਕਿ ਇਹਨਾਂ ਕਵਿਤਾਵਾਂ ਦੀ ਪ੍ਰਕਾਸ਼ਨਾ ਨਾਲ ਮੇਰੇ ਲਈ ਕਈ ਨਵੀਆਂ ਔਕੜਾਂ ਖੜ੍ਹੀਆਂ ਹੋ ਸਕਦੀਆਂ ਹਨ। ਮੈਨੂੰ ਬੇ-ਬੁਨਿਆਦ ਤੇ ਹਾਸੋ ਹੀਣੇ ਦੂਸ਼ਣਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਵਕਤੀ ਤੌਰ 'ਤੇ ਮੇਰੇ ਧਰਮ-ਨਿਰਪੱਖ ਤੇ ਖੱਬੀ ਦਿੱਖ ਵਾਲੇ ਪਾਠਕਾਂ ਤੇ ਪ੍ਰਸੰਸਕਾਂ ਦੀ ਗਿਣਤੀ ਵਿਚ ਭੋਰਾ ਕਮੀ ਵੀ ਆ ਸਕਦੀ ਹੈ। ਪਰ ਮੈਂ ਸਭ ਨੂੰ ਖੁਸ਼ ਕਰਨ ਜਾਂ ਖੁਸ਼ ਰੱਖਣ ਵਾਲਾ ਵਿਅਕਤੀ ਨਹੀਂ ਹਾਂ । ਪੁਛਿਆ ਜਾ ਸਕਦਾ ਹੈ ਕਿ ਮੈਂ ਆਪਣੀ ਉਮਰ ਦੇ ਆਖਰੀ ਪੜਾਅ ਉੱਤੇ ਆ ਕੇ ਆਪਣੇ ਲਈ ਕਿਉਂ ਨਵੀਆਂ ਮੁਸ਼ਕਲਾਂ ਪੈਦਾ ਕਰ ਰਿਹਾ ਹਾਂ?

ਪਰ ਮੇਰੀ ਉਹ ਧਾਰਨਾ ਹੈ ਕਿ ਇਹ ਕਵਿਤਾਵਾਂ ਮੇਰੇ ਵੱਸੋਂ ਬਾਹਰ ਹੋ ਕੇ ਆਪ ਮੁਹਾਰੇ ਲਿਖੀਆਂ ਗਈਆਂ ਹਨ। ਇਹਨਾਂ ਨੂੰ ਕਾਗਜ਼ ਉੱਤੇ ਸ਼ਬਦਾਂ ਦੀ ਸਹਾਇਤਾ ਨਾਲ ਉਤਾਰਨ ਤੋਂ ਮੈਂ ਰਹਿ ਨਹੀਂ ਸਕਿਆ। ਪਾਠਕ ਕਹਿ ਸਕਦੇ ਹਨ ਕਿ ਲਿਖਣ ਵੇਲੇ ਤਾਂ ਮੇਰੀ ਕੋਈ ਭਾਵਕ ਮਜਬੂਰੀ ਜਾਂ ਬੇਬਸੀ ਸੀ ਪਰ ਛਾਪਣ ਦਾ ਫੈਸਲਾ ਕਰਨ ਸਮੇਂ ਤਾਂ ਅਜੇਹੀ ਕੋਈ ਮਜਬੂਰੀ ਨਹੀਂ ਸੀ।

ਹਕੀਕਤ ਇਹ ਹੈ ਕਿ ਰਚਨਾਤਮਿਕ ਕਾਰਜ ਦੇ ਪ੍ਰਸੰਗ ਵਿੱਚ ਮੈਂ ਕਿਸੇ ਭਾਂਤ ਦੇ ਬਾਹਰਲੇ ਦਖਲ, ਲਾਲਚ ਭੈਅ ਜਾਂ ਕਿਸੇ ਅਖੌਤੀ ਹੁਕਮਨਾਮੇ, ਦਬਾਅ ਜਾਂ ਧਮਕੀ ਨੂੰ ਕਦੇ ਪ੍ਰਵਾਨ ਨਹੀਂ ਕੀਤਾ ਹਾਂ ਇਹ ਗੱਲ ਜ਼ਰੂਰ ਹੈ ਕਿ ਲਿਖੀ ਜਾਣ ਤੋਂ ਬਾਅਦ ਨਵੀਂ ਕਵਿਤਾ ਨੂੰ ਬਿਹਤਰ ਬਣਾਉਣ ਲਈ ਪਾਠਕਾਂ ਵੱਲੋਂ ਆਏ ਹਰ ਤਰ੍ਹਾਂ ਦੇ ਸੁਝਾਵਾਂ ਦਾ ਮੈਂ ਹਮੇਸ਼ਾ ਹੀ ਸੁਆਗਤ ਕੀਤਾ ਹੈ।

ਅਸਲੋਂ ਹੀ ਵੱਖਰੇ ਤੇ ਅਸਚਰਜ ਅਨੁਭਵ ਨੂੰ ਪੇਸ਼ ਕਰਦੀਆਂ ਮੇਰੀਆਂ ਇਹ ਕਵਿਤਾਵਾਂ ਜਨਵਾਦੀ ਵਿਸ਼ਵਾਸਾਂ ਤੇ ਪਰੰਪਰਾਵਾਂ ਪ੍ਰਤੀ ਮੇਰੀ ਰਾਜਸੀ ਪ੍ਰਤੀਬੱਧਤਾ ਦਾ ਪ੍ਰਗਟਾਵਾ ਹਨ। ਇਹਨਾਂ ਨੂੰ ਲਿਖ ਕੇ ਮੈਂ ਆਪਣੇ ਸਿਰ ਤੋਂ ਵੱਡਾ ਬੋਝ ਲਾਹ ਦਿੱਤਾ ਹੈ। ਹੁਣ ਮੈਂ ਇਹਨਾਂ ਨੂੰ ਲਿਖਣ ਦੇ ਕੀਤੇ 'ਘੋਰ ਗੁਨਾਹ' ਦੀ ਬਣਦੀ ਸਜ਼ਾ ਭੁਗਤਣ ਲਈ ਤਿਆਰ ਹਾਂ।

ਮੇਰੀ ਰਾਜਸੀ ਦ੍ਰਿਸ਼ਟੀ ਨੇ ਸਿਰਜਣਾਤਮਿਕ ਰੂਪ ਧਾਰ ਕੇ ਕਵਿਤਾ ਦੇ ਮਾਧਿਅਮ ਦੁਆਰਾ ਪ੍ਰਗਟ ਹੋਣਾ ਹੁੰਦਾ ਹੈ। ਜੇ ਮੇਰੀ ਲਿਖੀ ਕੋਈ ਕਵਿਤਾ ਕਲਾਤਮਿਕ ਸੁਹਜ ਦੀਆਂ ਬੁਨਿਆਦੀ ਲੋੜਾਂ ਨੂੰ ਪੂਰਿਆਂ ਨਹੀਂ ਕਰਦੀ ਤਾਂ ਅਜੇਹੀ ਕਾਵਿ ਕਿਰਤ ਭਾਵੇਂ ਕਿਤਨੀ ਵੀ ਕ੍ਰਾਂਤੀਕਾਰੀ ਦਿੱਖ ਜਾਂ ਤੱਤ ਵਾਲੀ ਹੋਵੇ ਉਹ ਸਾਹਿਤ ਤੇ ਕਲਾ ਦਾ ਸਾਰਥਕ ਅੰਗ ਨਹੀਂ ਬਣ ਸਕਦੀ।

ਇਹਨਾਂ ਵਰ੍ਹਿਆਂ ਵਿੱਚ ਮੈਂ ਆਪਣੇ ਪਿਛਲੇ ਕੀਤੇ ਸਾਹਿਤਕ ਕਾਰਜ ਨੂੰ ਸਮੇਟਣ ਅਥਵਾ ਛਾਪਣ ਵਿੱਚ ਰੁਝਾ ਹੋਇਆ ਸੀ ਤੇ ਮੈਂ ਸਮਝਦਾ ਸੀ ਕਿ "ਰੰਗ ਆਪੋ ਆਪਣਾ" (2000) ਕਾਵਿ ਸੰਗ੍ਰਹਿ ਮੇਰਾ ਆਖਰੀ ਸੰਗ੍ਰਹਿ ਹੋਵੇਗਾ। ਪਰ ਇਹ ਗੱਲ ਇੱਕ ਭਰਮ ਹੀ ਸਿੱਧ ਹੋਈ ਹੈ। ਰਚਨਾਤਮਿਕ ਪ੍ਰਕਿਰਿਆ ਐਸਾ ਅਦਭੁੱਤ ਮਨੁੱਖੀ ਵਰਤਾਰਾ ਹੈ ਕਿ ਇਸ ਬਾਰੇ ਕੋਈ ਅਗਾਊਂ ਅਨੁਮਾਨ ਲਾਉਣਾ ਅਸੰਭਵ ਹੁੰਦਾ ਹੈ । ਪਤਾ ਨਹੀਂ ਹੁੰਦਾ ਕਿ ਕਿਹੜੀ ਠੋਹਕਰ ਵੱਜਣ ਉੱਤੇ ਕਵਿਤਾ ਦੀ ਕੂਲ ਵਗ ਤੁਰਨੀ ਹੁੰਦੀ ਹੈ।

ਅਜੋਕੇ ਪ੍ਰਾਪਤ ਅਨੁਭਵ ਨੂੰ ਪ੍ਰਗਟ ਕਰਨ ਵਿਚ ਮੈਂ ਸਫਲ ਰਿਹਾ ਹਾਂ ਜਾਂ ਅਸਫਲ, ਇਸ ਦਾ ਨਿਰਣਾ ਕਰਨਾ ਮੇਰਾ ਕੰਮ ਨਹੀਂ ਹੈ। ਇਹ ਕਾਰਜ ਪਾਰਖੂਆਂ ਤੇ ਪਾਠਕਾਂ ਦਾ ਹੁੰਦਾ ਹੈ।





## ਖੌਲਦੇ ਸਾਗਰ ਦੀ ਸਾਰਥਕ ਪਹਿਚਾਨ—*ਬਿਸਮਿਲ ਫਰੀਦਕੋਟੀ*

*-ਤੇਜਵੰਤ ਮਾਨ (ਡਾ.)*

ਮੈਂ ਅੱਜ ਜਦੋਂ ਬਿਸਮਿਲ ਫਰੀਦਕੋਟੀ ਦੀ ਕਾਵਿ ਚੇਤਨਾ ਬਾਰੇ ਤੁਹਾਡੇ ਨਾਲ ਆਪਣੀ ਗੱਲ ਸਾਂਝੀ ਕਰ ਰਿਹਾ ਹਾਂ ਤਾਂ ਮੇਰੇ ਲਈ ਸਭ ਤੋਂ ਪ੍ਰਮੁੱਖ ਸਵਾਲ ਸਾਹਿਤ ਵਿਚਲੀ ਵਿਚਾਰਧਾਰਕ ਪ੍ਰਮੁੱਖਤਾ ਦਾ ਹੈ। ਪਰ ਅੱਜ ਸਾਡੇ ਦੁਆਲੇ ਕੁਝ ਅਜਿਹੀਆਂ ਅਵਾਜ਼ਾਂ ਵੀ ਸ਼ੋਰ ਪਾ ਰਹੀਆਂ ਹਨ ਜੋ ਕਲਾ, ਸੰਰਚਨਾ, ਆਧੁਨਿਕਤਾ, ਉਤਰ-ਆਧੁਨਿਕਤਾ ਦੇ ਨਾਂ ਉਤੇ ਕਿਰਤ ਆਧਾਰਤ ਸਮਾਜਵਾਦੀ ਵਿਚਾਰਧਾਰਾ ਦਾ ਵਿਰੋਧ ਕਰ ਰਹੀਆਂ ਹਨ। ਅਜਿਹੀਆਂ ਅਵਾਜ਼ਾਂ ਸਾਹਿਤ ਅਤੇ ਵਿਚਾਰ ਦਾ ਵਿਰੋਧ ਸਾਹਿਤ ਅਤੇ ਪ੍ਰਚਾਰ ਦੇ ਨਾਂ ਹੇਠ ਕਰਦੀਆਂ ਹਨ। ਉਹ ਉਚੀ ਡੌਰੂ ਵਜਾ ਕੇ ਕਹਿੰਦੇ ਹਨ ਕਿ ਵਿਚਾਰਧਾਰਕ ਪ੍ਰਤੀਬੱਧਤਾ ਜਾਂ ਨਿਸਚਿਤ ਤੌਰ 'ਤੇ ਪੇਸ਼ ਕੀਤਾ ਗਿਆ ਵਿਚਾਰ ਕਲਾ ਅਤੇ ਕਲਾਕਾਰ ਦੋਵਾਂ ਨੂੰ ਖਤਮ ਕਰ ਦੇਵੇਗਾ। ਜੈਕੁਅਸ ਮਾਰਟੀਜ਼ ਅਤੇ ਫਿਸ਼ਰ ਜਿਹੇ ਅਜਿਹੇ ਚਿੰਤਕਾਂ ਦੇ ਵਿਚਾਰ ਨਿਸਚੇ 'ਸ਼ਬਦ' ਦੀ ਮੌਤ ਨੂੰ ਸਵੀਕਾਰ ਕਰਨ ਵਾਲੇ ਹਨ। ਮੇਰਾ ਯਕੀਨ ਹੈ ਕਿ ਇਹ ਸਾਰੇ ਹਮਲੇ 'ਸ਼ਬਦ' ਵਿਰੋਧੀ ਹਨ ਕਿਉਂਕਿ ਸ਼ਬਦ ਵਿੱਚ ਹੀ ਸਾਰੀ ਮਨੁੱਖੀ ਵਿਚਾਰਧਾਰਾ ਨਿਹਿਤ ਹੈ। ਅਜਿਹੀ ਸਥਿਤੀ ਵਿਚ ਜਦੋਂ ਕੁਝ ਚਿੰਤਕ 'ਮਨੁੱਖ ਦੀ ਮੌਤ' 'ਇਤਿਹਾਸ ਦੀ ਮੌਤ' 'ਸਮਾਜ ਦੀ ਮੌਤ' 'ਕਿਰਤ ਦੀ ਮੌਤ' 'ਪ੍ਰੰਪਰਾ ਦੀ ਮੌਤ' ਆਦਿ ਨਿਖੇਧਾਤਮਕ ਸੰਕਲਪਾਂ ਦਾ ਜ਼ੋਰ ਸ਼ੋਰ ਨਾਲ ਪ੍ਰਚਾਰ ਕਰਨ ਵਿਚ ਰੁਝੇ ਹੋਏ ਹਨ ਤਾਂ ਸਾਨੂੰ ਇਤਿਹਾਸ, ਸਮਾਜ, ਕਿਰਤ ਅਤੇ ਪਰੰਪਰਾ ਨੂੰ ਨਿਰੰਤਰਤਾ ਪ੍ਰਦਾਨ ਕਰਨ ਲਈ ਅਜਿਹੇ ਸੰਕਲਪਾਂ ਦਾ ਡਟਵਾਂ ਵਿਰੋਧ ਕਰਨਾ ਚਾਹੀਦਾ ਹੈ। ਕਿਉਂਕਿ ਇਤਿਹਾਸ, ਸਮਾਜ, ਕਿਰਤ ਅਤੇ ਪ੍ਰੰਪਰਾ ਤੋਂ ਟੁਟਿਆ ਆਦਮੀ ਜਾਂ ਤਾਂ 'ਪਾਗਲ' ਹੋ ਸਕਦਾ ਹੈ ਜਾਂ ਸ਼ੈਤਾਨ।

ਮੈਂ ਸਵਰਗੀ ਬਿਸਮਿਲ ਫਰੀਦਕੋਟੀ ਦੀ ਕਾਵਿ-ਰਚਨਾ 'ਖੌਲਦੇ ਸਾਗਰ' ਨੂੰ ਇਕ ਅਜਿਹੇ ਦ੍ਰਿਸ਼ਟੀਕੋਣ ਤੋਂ ਪੜ੍ਹਿਆ ਜਿਥੇ ਰਚਨਾ ਕੇਵਲ ਰਚਨਾ ਨਾ ਰਹਿ ਕੇ ਰਚਨਾਕਾਰ ਦੀ ਕਰਤਾਰੀ ਸ਼ਕਤੀ ਦਾ ਸਮਾਜਕ, ਇਤਿਹਾਸਕ, ਸਿਰਜਣਾਤਮਿਕ ਪ੍ਰੰਪਰਕ ਵਰਤਾਰਾ ਬਣ ਜਾਂਦੀ ਹੈ। ਇਸ ਵਰਤਾਰੇ ਵਿਚ ਫਰੀਦਕੋਟੀ ਦੀ ਇਸ ਰਚਨਾ ਦਾ ਸਰੋਕਾਰ ਖੰਡਨ ਅਤੇ ਮੰਡਨ ਦੇ ਵਿਰੋਧ-ਜੁੱਟ ਨੂੰ ਉਜਾਗਰ ਕਰਨਾ ਹੈ। ਇਹ ਪੁਸਤਕ ਬਿਸਮਿਲ ਫਰੀਦਕੋਟੀ ਜੀ ਦੀ ਮੌਤ ਬਾਅਦ ਚੋਣਕਾਰਾਂ ਨੇ ਸੰਪਾਦ ਕੀਤੀ ਹੈ। ਜਿਸ ਤੋਂ ਇਸ ਦਲੀਲ ਦਾ ਭੁਲੇਖਾ ਵੀ ਦੂਰ ਹੋ ਜਾਂਦਾ ਹੈ ਕਿ ਨਿਸ਼ਚਿਤ ਵਿਚਾਰਧਾਰਾ ਵਿਚ ਲਿਖਣ ਵਾਲੇ ਲੇਖਕਾਂ ਦੀਆਂ ਰਚਨਾਵਾਂ ਉਨ੍ਹਾਂ ਦੀ ਮੌਤ ਦੇ ਨਾਲ ਹੀ ਮਰ ਜਾਂਦੀਆਂ ਹਨ। ਚੋਣਕਾਰਾਂ ਨੇ ਇਹ ਸਾਰੀਆਂ ਰਚਨਾਵਾਂ 'ਜੂਝਦੀ ਲੋਕਤਾ ਦੇ ਨਾਂ' ਸਮਰਪਤ ਕੀਤੀਆਂ ਹਨ। ਸਪੱਸ਼ਟ ਹੈ ਕਿ 'ਜੂਝਦੀ ਲੋਕਤਾ' ਵਿਚਲਾ ਸਮਾਜਕ ਵਰਤਾਰਾ ਇਤਿਹਾਸ, ਸਮਾਜ, ਕਿਰਤ, ਪ੍ਰੰਪਰਾ ਤੋਂ ਵੱਖ ਨਹੀਂ ਸਗੋਂ ਕਰਤਾਰੀ ਵਿਚਾਰਧਾਰਾ ਦਾ ਸਭਿਆਚਾਰ ਉਸਾਰ ਹੈ।

ਸਪੱਸ਼ਟ ਹੈ ਕਿ 'ਚੇਤਨ ਜਵਾਲਾ ਦੀ ਸੁਰਖ ਜੋਤ' ਬਣਨ ਦਾ ਰੂਪਕੀ ਬਿੰਬ 'ਜੂਝਦੀ ਲੋਕਤਾ' ਦੇ ਸਮਾਜਿਕ ਵਰਤਾਰੇ ਵਿਚ ਹੀ ਨਿਹਿਤ ਹੈ ਇਸ ਤੋਂ ਅਲੱਗ ਨਹੀਂ। ਇਸ ਲਈ ਮੈਂ ਸਮਝਦਾ ਹਾਂ ਕਿ ਕਲਾ ਅਤੇ ਵਿਚਾਰ ਦਾ ਆਪਸੀ ਕੋਈ ਵਿਰੋਧ ਹੀ ਨਹੀਂ। ਇਹ ਤਾਂ ਐਵੇਂ ਕੁਝ ਘੁਣਤਰੀ, ਸ਼ੈਤਾਨੀ ਸੁਭਾਅ ਦੇ ਕਿਰਤ ਤੋਂ ਟੁੱਟੇ ਲੁੰਪਨ ਅਸਮਾਜੀ ਲੋਕਾਂ ਦਾ ਸ਼ੋਰ ਹੈ ਜਾਂ ਚੀਕ-ਚਿਹਾੜਾ ਹੈ। ਅਸੀਂ ਇਹ ਕਿਵੇਂ ਭੁਲ ਸਕਦੇ ਹਾਂ ਜਾਂ ਅਜਿਹੀ ਸਥਿਤੀ ਤੋਂ ਵੱਖ ਰਹਿ ਸਕਦੇ ਹਾਂ ਕਿ ਬਿਸਮਿਲ ਫਰੀਦਕੋਟੀ ਇਕ ਕਵੀ ਦੇ ਨਾਲ ਨਾਲ ਇਕ ਹੱਡ ਭੰਨ ਮਿਹਨਤ ਕਰਨ ਵਾਲਾ ਕਾਮਾ ਵੀ ਸੀ। ਉਸਨੇ 1951 ਵਿਚ ਮਿਉਂਸਪਲ ਮੁਲਾਜ਼ਮ ਜਥੇਬੰਦੀ, 1953 ਵਿਚ ਰਿਕਸ਼ਾ ਵਰਕਰਜ਼ ਯੂਨੀਅਨ, 1956 ਈ. ਵਿਚ ਟਾਂਗਾ-ਰਿਕਸ਼ਾ ਜਥੇਬੰਦੀ ਕਾਇਮ ਕੀਤੀ। ਉਸਦੀ ਸਾਰੀ ਜ਼ਿੰਦਗੀ ਹੀ ਕਿਰਤੀ-ਕਾਮੇ ਦੀ ਜ਼ਿੰਦਗੀ

ਹੈ। ਅਖੀਰ 14 ਸਤੰਬਰ 1974 ਈ. ਨੂੰ ਟੀ.ਬੀ. ਦੀ ਬੀਮਾਰੀ ਦਾ ਦੁਖ ਝੇਲਦਿਆਂ ਉਨ੍ਹਾ ਦਾ ਦੇਹਾਂਤ ਹੋ ਗਿਆ। ਇਕ ਕਿਰਤੀ ਦੇ ਜੀਵਨ ਅਨੁਭਵ ਦਾ ਸਮਾਜਕ ਯਥਾਰਥ ਹੀ ਉਸਦੀ ਵਿਚਾਰਧਾਰਾ ਦਾ ਵਾਹਨ ਹੈ। ਇਹੀ ਉਸਦੀ ਕਾਵਿ-ਚੇਤਨਾ ਹੈ।

ਹੈ ਤੁਫਾਨੀ ਹਨੇਰੀ, ਹੈ ਉਮੀਦਾਂ ਦਾ ਬੂਰ
ਹੈ ਜਲਾਦਾਂ ਦੇ ਖੰਜਰ, ਹੈ ਅੱਖੀਆਂ ਦਾ ਨੂਰ
ਹੈ ਰੁਜਗਾਰਾਂ ਦਾ ਮਸਲਾ, ਹੈ ਖੁਦ-ਦਾਰੀ ਗਰੂਰ
ਹੈ ਹੱਡੀਆਂ ਤੋੜ ਮਿਹਨਤ, ਹੈ ਕਵਿਤਾ ਦਾ ਫਤੂਰ,

ਅਲਫ ਨੰਗੀ ਹੈ ਇਹ ਤਸਵੀਰ ਲੋਟੂ ਸਮਾਜਾਂ ਦੀ
ਚੁੱਭੀ ਰਿਸ਼ੀਆਂ ਦੇ ਸੀਨੇ ਸੂਲ ਕਿਰਤੀ ਸਮਾਜਾਂ ਦੀ

ਇਹ ਖੇਤਾਂ ਦੇ ਵੈਰੀ ਰੁੱਖਾਂ ਦੇ ਕਾਤਿਲ
ਕਿ ਹਰੀਆਂ ਮਾਸੂਮ ਕੁੱਖਾਂ ਦੇ ਕਾਤਿਲ
ਇਹ ਮਿਹਨਤ ਦੇ ਡਾਕੂ ਤੇ ਸੁਖਾਂ ਦੇ ਕਾਤਿਲ
ਇਹ 'ਸਭਿਅਤਾ' ਦੇ ਰਾਖੇ ਮਨੁੱਖਾਂ ਦੇ ਕਾਤਿਲ

ਲੁਟੇਰੇ ਦੇ ਸਾਥੀ ਕਮਾਈ ਦੇ ਦੁਸ਼ਮਣ
ਬਦੀ ਦੇ ਵਪਾਰੀ ਭਲਾਈ ਦੇ ਦੁਸ਼ਮਣ
ਲਹੂ ਪੀ ਸਰਾਲਾਂ ਸਚਾਈ ਦੇ ਦੁਸ਼ਮਣ
ਖੁਦਾ ਦੇ ਪੁਜਾਰੀ ਲੁਕਾਈ ਦੇ ਦੁਸ਼ਮਣ

ਕੀ ਇਹ ਬਿਸਮਿਲ ਫਰੀਦਕੋਟੀ ਦਾ ਹੰਢਾਇਆ ਸਮਾਜਕ ਵਰਤਾਰਾ ਨਹੀਂ ? ਕੀ ਇਹ ਪਰਚਾਰ ਹੈ ? ਕੀ ਇਹ ਨਿਰੋਲ ਕਾਲਪਨਿਕ ਸੰਰਚਨਾ ਹੈ ? ਨਹੀਂ ਇਹ ਤਾਂ ਪ੍ਰਾਪਤ ਸਮਾਜਕ ਸੱਚ ਦੀ ਅਨੁਭਵੀ ਕਾਵਿ-ਅਭਿਵਿਅਕਤੀ ਹੈ। ਇਹ ਕੇਵਲ ਆਨੰਦ-ਪਾਠ ਨਹੀਂ ਸਗੋਂ ਪਾਠ-ਅਨੰਦ ਜਿਸਨੂੰ ਕੁਝ ਚਿੰਤਕ ਪ੍ਰਚਾਰ ਨਾ ਦਿੰਦੇ ਹਨ ਜਾਂ ਪ੍ਰਤੀਬੱਧ ਵਿਚਾਰਧਾਰਾ ਦੇ ਨਾਂ ਹੈ, ਚਿੜ੍ਹ ਕੇ ਇਸਦਾ ਵਿਰੋਧ ਕਰਦੇ ਹਨ ਤਾਂ ਕਿ ਇਸ ਪਾਠ-ਅਨੰਦ ਦੀ ਕਰਤਾਰੀ ਵਿਸ਼ੇਸ਼ਤਾ ਲੋਕ-ਮਾਨਸ ਦੇ ਗੁੱਸੇ ਨੂੰ ਲੋਕ-ਯੁੱਧ ਜਾਂ ਲੋਕ ਸੰਘਰਸ਼ ਵਿਚ ਤਬਦੀਲ ਨਾ ਕਰ ਦੇਵੇ। ਉਨ੍ਹਾਂ ਨੂੰ ਡਰ ਹੈ ਕਿ ਅਜਿਹੇ ਸਮਾਜਕ ਵਰਤਾਰੇ ਵਿਚ ਮਨੁੱਖ, ਮਹਾ-ਮਨੁੱਖ ਦੀ ਨਿਰੰਤਰ ਸੰਘਰਸ਼ਸ਼ੀਲ ਵਿਸ਼ੇਸ਼ਤਾ ਦੀ ਪਹਿਚਾਣ ਨਾ ਕਰ ਲਵੇ। ਉਹ ਐਲਾਨ ਕਰਦੇ ਹਨ ਕਿ ਕਲਾਕਾਰਾਂ, ਸਾਹਿਤਕਾਰਾਂ ਨੂੰ ਵਿਚਾਰਧਾਰਕ ਸੰਕਲਪਾਂ ਤੋਂ ਕੰਨੀ ਕਤਰਾਉਣੀ ਚਾਹੀਦੀ ਹੈ। ਪਰ ਸਾਡਾ ਕਵੀ ਬਿਸਮਿਲ ਫਰੀਦਕੋਟੀ ਇਸ ਸ਼ੈਤਾਨ ਅਵਾਜ਼ ਨੂੰ ਅਨਸੁਣੀ ਕਰਦਾ ਹੋਇਆ ਲਿਖਦਾ ਹੈ :

ਲੋਕਤਾ ਦੇ ਰਾਹ 'ਚੋ ਪਲਕਾਂ ਨਾਲ ਮੈਂ ਕੰਡੇ ਚੁਣਾ
ਆਟਿਆਂ 'ਚੋਂ ਰੇਤ ਛਾਣਾ ਦੁੱਧ 'ਚੋਂ ਪਾਣੀ ਪੁਣਾ।

ਜਵਾਨੋ ਗੱਭਰੂਓ ਪੁਕਾਰਾਂ ਤੁਹਾਨੂੰ
ਮੇਰੇ ਹਾਣੀਓ ਮੈਂ ਵੰਗਾਰਾਂ ਤੁਹਾਨੂੰ
ਪਰੇਰਾਂ ਤੁਹਾਨੂੰ ਚਿਤਾਰਾਂ ਤੁਹਾਨੂੰ

ਅੜਾਉਨੀ ਨੂੰ ਸਮਝੋ ਸਵਾਲਾਂ ਨੂੰ ਜਾਚੋ
ਕਿ ਵੈਰੀ ਪਛਾਣੋ ਖਿਆਲਾਂ ਨੂੰ ਜਾਚੋ



ਬਣੋ ਆਪ ਲਾਵਾ ਭੁਚਾਲਾਂ ਨੂੰ ਜਾਚੋ
ਕਿ ਅਰਸ਼ਾਂ 'ਤੇ ਉਡੋ ਪਤਾਲਾ ਨੂੰ ਜਾਚੋ।
ਮੈਂ ਉਹ ਹੰਝੂ ਕਿ ਜਿਸਨੇ ਸੌ ਝਨਾਬਾਂ ਨੂੰ ਜਨਮ ਦਿਤਾ
ਮੈਂ ਉਹ ਹਉਕਾ ਕਿ ਜਿਸਨੇ ਇਨਕਲਾਬਾਂ ਨੂੰ ਜਨਮ ਦਿਤਾ

ਛੇੜੀ ਹੈ ਜ਼ਮਾਨੇ ਨੇ ਅਵਾਮਾਂ ਦੀ ਕਥਾ
ਰਾਜੇ ਤੇ ਨਵਾਬਾਂ ਦੀ ਕਹਾਣੀ ਨਾ ਸੁਣੋ।

ਇਸ ਤਰ੍ਹਾਂ ਹੁਣ ਵੇਖਕੇ ਮੈਂ ਜ਼ੁਲਮ ਜਰ ਸਕਦਾ ਨਹੀਂ।
ਹੌਸਲਾ ਮੇਰਾ ਕਦੇ ਮੈਦਾਨੀ ਹਰ ਸਕਦਾ ਨਹੀਂ।
ਪਾਣੀਆਂ ਨੂੰ ਮੈਂ ਸਿਰ ਦੇ ਉਤੋਂ ਵਗਣ ਦੇਣਾ ਨਹੀਂ।
ਜ਼ੁਲਮ ਦਾ ਦੀਵਾ ਕਿਉਂ ਜਗਦਾ ਰਹੇ ਇਹ ਜਗਣ ਦੇਣਾ ਨਹੀਂ।

ਕਰ ਰਿਹਾ ਹਾਂ ਇਸ ਲਈ ਮੈਂ ਜ਼ਿੰਦਗੀ ਨੂੰ ਲਾਮਬੰਦ
ਲਾ ਦਿਆਂਗਾ ਜ਼ਿੰਦਗੀ ਨੂੰ ਇਨਕਲਾਬੀ ਚਾਰ ਚੰਦ
ਸੁਰਗ ਨੂੰ ਖਿਚਾਗਾਂ ਥਲੇ ਮਿਹਨਤਾਂ ਦੀ ਪਾ ਕਾਮੰਦ
ਰਹਿ ਨਹੀਂ ਸਕਦੇ ਮੇਰੇ ਹੁਣ ਵਲਵਲੇ ਸੀਨੇ 'ਚ ਬੰਦ।

ਬਿਸਮਿਲ ਦੀ ਪਹਿਚਾਨ ਸੱਚਮੁੱਚ ਹੀ 'ਖੌਲਦੇ ਸਾਗਰ' ਦੀ ਹੈ। ਅਜਿਹੇ 'ਖੌਲਦੇ ਸਾਗਰ' ਦੇ ਨਾਂ ਉੱਤੇ ਸਾਹਿਤ ਸਭਾ ਫਰੀਦਕੋਟ ਹਰ ਸਾਲ ਐਵਾਰਡ ਦਿੰਦੀ ਹੈ। ਹਰ ਸਾਲ ਹੀ ਬਿਸਮਿਲ ਫਰੀਦਕੋਟੀ ਆਪਾਂ ਸਾਰਿਆਂ ਤੋਂ ਆਪਣੀ ਬਾਤ ਦਾ ਹੁੰਗਾਰਾ ਮੰਗਦਾ ਹੈ। ਆਓ ਆਪਾਂ ਉਸਦੇ ਬੋਲਾਂ ਵਿਚ ਹੀ ਹੁਗਾਰਾ ਭਰੀਏ।

ਉਠੋ ਕਿ ਨਵੇਂ ਯੁੱਗ ਦੇ ਨਵੇਂ ਨਕਸ਼ ਸਜਾਈਏ ਦੋਸਤੋ
ਨੱਚੋ ਕਿ ਮਹਾਂਕਾਲ ਨੂੰ ਉਗਲਾਂ 'ਤੇ ਨਚਾਈਏ ਦੋਸਤੋ
ਜਾਗੋ ਕਿ ਜ਼ਰਾ ਊਂਘਦੇ ਦਰਦਾਂ ਨੂੰ ਜਗਾਈਏ ਦੋਸਤੋ
ਚੁਪ ਚਾਂਦ ਦੀ ਹਿਕ ਚੀਰਕੇ ਕੋਈ ਆਵਾਜ਼ ਉਠਾਈਏ ਦੋਸਤੋ।

*—ਹਰਗੋਬਿੰਦਪੁਰਾ ਬਸਤੀ, ਕਾਲਜ ਰੋਡ, ਸੰਗਰੂਰ*

---

## ਗੁਰਨਾਮ ਢਿਲੋਂ ਦਾ ਪ੍ਰਗਤੀਸ਼ੀਲ ਲਿਖਾਰੀ ਸਭਾ ਗ੍ਰੇਟ ਬ੍ਰਿਟੇਨ ਦੇ ਪਦ ਤੋਂ ਅਸਤੀਫ਼ਾ

ਸਮੂਹ ਪੰਜਾਬੀ ਸਾਹਿਤਕ ਜਗਤ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗੁਰਨਾਮ ਢਿਲੋਂ ਨੇ ਪ੍ਰਗਤੀਸ਼ੀਲ ਲਿਖਾਰੀ ਸਭਾ ਗ੍ਰੇਟ ਬ੍ਰਿਟੇਨ (ਸਥਾਪਤ 1969) ਦੇ ਕਾਰਜਕਾਰੀ ਸਕੱਤਰ ਦੇ ਪਦ ਤੋਂ ਅਸਤੀਫ਼ਾ ਦੇ ਦਿੱਤਾ ਹੈ। ਕੇਂਦਰੀ ਕਮੇਟੀ ਨੂੰ ਲਿਖੇ ਇਕ ਪੱਤਰ ਵਿੱਚ ਉਸਨੇ ਇਸ ਦੇ ਤਿੰਨ ਹੇਠ ਲਿਖੇ ਮੁੱਖ ਕਾਰਨ ਪ੍ਰਸਤੁਤ ਕੀਤੇ ਹਨ :

1. ਸਭਾ ਦਾ ਪਿਛਲੇ ਤੀਹ (30) ਸਾਲ ਦਾ ਸਾਰਾ ਰੀਕਾਰਡ ਗੁੰਮ ਹੈ ਜਾਂ ਗੁੰਮ ਕਰ ਦਿੱਤਾ ਗਿਆ ਹੈ।
2. ਸਭਾ ਅੱਜ ਕੱਲ, ਪ੍ਰਵਾਨਤ ਵਿਧਾਨ ਅਨੁਸਾਰ ਆਪਣੇ ਕਾਰਜ-ਖੇਤਰ ਵਿੱਚ ਨਿਪੁੰਸਕ ਸਾਬਤ ਹੋਈ ਹੈ।
3. ਸਭਾ ਕਾਰਜਕਾਰੀ ਕਮੇਟੀ ਦੀਆਂ ਬੈਠਕਾਂ ਵਿੱਚ ਹੋ ਚੁੱਕੇ ਫੈਸਲੇ ਲਾਗੂ ਕਰਨ ਵਿੱਚ ਅਸਫਲ ਹੋ ਗਈ ਹੈ।

*—ਗੁਰਨਾਮ ਢਿਲੋਂ, ਯੂ. ਕੇ*

ਮੁਲਾਂਕਣ

## ਅਗਨ ਕਥਾ ਦੀ ਸਾਰਥਿਕ ਸ਼ਾਇਰੀ / ਪ੍ਰੋ. ਰਵਿੰਦਰ ਭੱਠਲ

ਗੁਰਭਜਨ ਗਿੱਲ ਇਕ ਸੁਹਿਰਦ ਤੇ ਸਮਰੱਥਾਵਾਨ ਸ਼ਾਇਰ ਹੈ। ਸ਼ਾਇਰੀ ਉਹਦੇ ਲਈ ਵਿਹਲਾ ਵਕਤ ਵਿਹਾਜਣ ਦਾ ਸ਼ੌਂਕੀਆ ਰੁਝਾਨ ਨਹੀਂ ਹੈ, ਸਗੋਂ ਗੂੜ੍ਹੀ ਇਬਾਰਤ ਵਾਲਾ ਮਕਸਦ ਹੈ। ਕਾਵਿ-ਸਿਰਜਣਾ ਉਹਦੇ ਲਈ ਸਿਗਰਟਾਂ ਦੇ ਕਸ਼ਾਂ ਵਿਚ ਉਲਝ ਜਾਣ, ਸ਼ਰਾਬੀ ਲੋਕਾਂ ਵਿੱਚ ਗ਼ਰਕ ਜਾਣ, ਜਾਂ ਨਾਰੀ ਦੇਹ ਦੀਆਂ ਵਲਗਣਾਂ ਵਿੱਚ ਗੁੰਮ ਜਾਣ ਦਾ ਵਰਤਾਰਾ ਨਹੀਂ ਹੈ। ਸ਼ਾਇਰੀ ਉਹਦੇ ਲਈ ਗੁਆਚੇ ਆਪੇ ਦੀ ਪਹਿਚਾਣ ਹੈ, ਪਿੰਡ ਦੀ ਸਾਦਾ ਤੇ ਮੋਹਵੰਤੀ ਰਹਿਣੀ-ਬਹਿਣੀ ਦਾ ਹੇਰਵਾ ਹੈ, ਬਹੁਤ ਸਾਰੇ ਦੁਸ਼ਮਣਾਂ ਦੇ ਖਿਲਾਫ਼ ਵਜਾਇਆ ਬਿਗਲ ਹੈ, ਅਨਿਆਇ ਧੱਕੇਸ਼ਾਹੀ ਤੇ ਜਬਰ ਜ਼ੁਲਮ ਦੇ ਵਿਰੁੱਧ ਰੋਹ ਤੇ ਵਿਦਰੋਹ ਦੀ ਪੁਕਾਰ ਹੈ, ਸੋਸ਼ਿਤ ਨਿਜ਼ਾਮ ਦੇ ਖਿਲਾਫ਼ ਦੁੱਲੇ ਦੀ ਵੰਗਾਰ ਹੈ, ਤੇ ਲੂੰਹਦੇ ਜਾ ਰਹੇ ਪੰਜਾਬ ਦੀ ਸਲਾਮਤੀ ਲਈ ਕੀਤੀ ਅਰਦਾਸ ਹੈ। ਉਹਦੀ ਸ਼ਾਇਰੀ 'ਆਮ ਆਦਮੀ' ਦੇ ਜ਼ਿੰਦਗੀ ਜਿਉਣ ਲਈ ਕੀਤੇ ਜਾ, ਜਾਂ ਕਰਨ ਲਈ ਸੋਚੇ ਹੀਲਿਆਂ ਦਾ ਰੋਜ਼ਨਾਮਚਾ ਹੈ। ਇਸੇ ਲਈ ਉਹਦੇ ਕਾਵਿਕ-ਸਤਰਾਂ ਦੇ ਹਮਸਫ਼ਰ ਹੋ ਕੇ ਤੁਰੋ ਤਾਂ ਉਹ ਕਵਿਤਾ ਪਾਠਕਾਂ ਦੇ ਸਰੋਕਾਰਾਂ ਦੇ ਲਾਗੇ ਰਹਿੰਦੀ ਮਹਿਸੂਸ ਹੁੰਦੀ ਹੈ , ਜੋ ਕਦੇ ਡੰਗੋਰੀ ਬਣਦੀ ਹੈ ਤੇ ਕਦੇ ਡਾਂਗ।

ਗੁਰਭਜਨ ਗਿੱਲ ਸਹਿਜ ਮਤੇ ਦਾ ਸ਼ਾਇਰ ਹੈ। ਉਹਦੀ ਸ਼ਾਇਰੀ ਤਰੱਦਦ ਤੇ ਲਿਲਕ ਦੀ ਸਿਰਜਣਾ ਨਹੀਂ। ਉਹ ਸੰਬਾਦ ਰਚਾਉਂਦਾ ਹੈ। ਇਹ ਕਦੇ ਆਪਣਿਆਂ ਨਾਲ ਤੇ ਕਦੇ ਹੋਰਨਾਂ ਨਾਲ ਹੁੰਦੇ ਹਨ ਅਤੇ ਕਦੇ ਕਦੇ ਉਹਦੇ ਆਪਣੇ ਨਾਲ ਵੀ ਹੁੰਦੇ ਹਨ। ਕਦੇ-ਕਦੇ ਇਹ ਸੰਬਾਦ ਹਾਕਮ ਜਮਾਤ ਨਾਲ ਵੀ ਹੈ, ਉਹ ਜਿਹੜੇ ਆਪਣੇ ਫ਼ਰਜ਼ਾਂ ਨੂੰ ਕਿਤੇ ਡੂੰਘਾ ਦੱਬ ਆਏ ਹਨ:

ਹਨੇਰੇ ਘਰਾਂ ਨੂੰ ਕਹੀਏ
ਆਪਣੇ ਬਨੇਰਿਆਂ ਮੁਹਾਰਾਂ
ਤੇ ਹਨੇਰੇ ਖੂੰਜਿਆਂ ਤੋਂ ਪੁੱਛੋ
ਦੀਵੇ ਜਗਣ ਵੇਲੇ
ਤੁਸੀਂ ਕਿਉਂ ਸੌਂ ਗਏ।

ਮੈਂ ਗੂੜ੍ਹੀ ਨੀਂਦ 'ਚੋਂ ਉੱਠਿਆਂ ਵਿਖਾਓ ਦੋਸਤੋ ਮੈਨੂੰ,
ਮੈਂ ਜਿਹੜਾ ਸੁਪਨਿਆਂ ਵਿਚ ਸਾਜਿਆ ਸੰਸਾਰ ਕਿੱਥੇ ਹੈ।

ਗੋਲੀ ਚੱਲਦੀ ਏ ਠਾਹ ਕਰਕੇ
ਦੱਸ ਤੈਨੂੰ ਕੀ ਮਿਲਦਾ
ਸਾਡਾ ਆਲ੍ਹਣਾ ਤਬਾਹ ਕਰਕੇ।

ਤੂੰ ਤਾਂ ਏਸ ਚੌਰਾਹੇ ਦੇ ਵਿਚ ਬੰਨ੍ਹ ਪੰਚਾਇਤਾਂ ਬੈਠ ਗਿਐਂ
ਮਨ ਦੇ ਰੌਲੇ ਭੀੜ 'ਚ ਬਹਿ ਕੇ ਏਦਾਂ ਨਹੀਂ ਨਿਬੇੜੀਦੇ।

ਸਹਿਜ-ਸੰਬਾਦ ਦੀ ਇਸ ਸ਼ਾਇਰੀ ਵਿਚ ਇਸੇ ਕਰਕੇ ਕਿਤੇ ਵੀ ਉਚੇਚ ਨਹੀਂ ਹੈ, ਦਿਖਾਵਾ ਨਹੀਂ ਹੈ, ਵਾਧੂ ਹਾਰ ਸ਼ਿੰਗਾਰ ਨਹੀਂ ਹੈ।

ਕਵੀ ਦੀ ਕਵਿਤਾ ਵਿਚ ਆਪਣੇ ਪਿੰਡ ਤੇ ਉਹਦੇ ਕੱਚੇ, ਅੱਧ ਪੱਕੇ ਘਰਾਂ, ਪਹਿਆਂ, ਵਣਾਂ, ਫ਼ਸਲਾਂ, ਨਹਿਰਾਂ, ਪੰਛੀਆਂ, ਡੰਗਰਾਂ ਪਸ਼ੂਆਂ ਦਾ ਜ਼ਿਕਰ ਜਿਸ ਉਦਰੇਵੇਂ ਸੰਗ ਹੋਇਆ ਹੈ, ਉਸ ਤੋਂ ਲੱਗਦਾ ਹੈ ਕਿ ਉਸਦਾ ਅਤੀਤ ਉਹਦੇ ਮਨ ਵਿਚ ਕੂਕ ਰਿਹਾ ਹੈ। ਇਹ ਮੋਹਵੰਤੀ ਕੂਕ ਗੁਰਭਜਨ ਦੇ ਤਕਰੀਬਨ ਸਾਰੇ ਕਾਵਿ ਵਿਚ ਪਸਰੀ ਹੋਈ ਹੈ। ਸ਼ਹਿਰਾਂ ਦੀ ਗੱਲ ਕਰਦਾ ਵੀ ਰਿਹਾੜ ਪਏ ਜੁਆਕ ਵਾਂਗ ਮੁੜ ਮੁੜ ਪਿੰਡ ਵੱਲ ਹੀ ਤੱਕੀ ਜਾਂਦਾ ਹੈ। ਉਸ ਦੀ ਇਹ ਸ਼ਾਇਰੀ ਸਾਨੂੰ ਆਪਣੇ ਘਰ ਤੇ ਪਿੰਡ



ਨਾਲ ਜੁੜਨ ਲਈ ਟੁੰਬਦੀ ਹੈ। ਵਿਕਾਸ ਨੇ ਸਾਨੂੰ ਸ਼ਹਿਰ ਦਿੱਤੇ ਹਨ, ਪਦਾਰਥਕ ਪ੍ਰਾਪਤੀਆਂ ਦੀ ਅੰਨ੍ਹੀ ਦੌੜ ਤੇ ਨਾ ਮੁੱਕਣ ਵਾਲੀ ਲਾਲਸਾ ਦਿੱਤੀ ਹੈ। ਰੋਜ਼ਗਾਰ ਤੇ ਨੌਕਰੀਆਂ ਦੇ ਵਸੀਲੇ ਸਾਨੂੰ ਸ਼ਹਿਰਾਂ ਦੀ ਪਥਰੀਲੀ ਹਿੱਕ 'ਤੇ ਖਿੱਚ ਲਿਆਏ ਹਨ। ਇਕ ਚੱਕਰਵਿਊ ਵਿਚ ਅਸੀਂ ਫਸ ਗਏ ਹਾਂ। ਉਹ ਸਾਰੀਆਂ ਕਦਰਾਂ ਕੀਮਤਾਂ ਅਸੀਂ ਭੁੱਲ ਗਏ ਹਾਂ, ਜਿਨ੍ਹਾਂ ਨੇ ਸਾਨੂੰ ਪਿਆਰੇ ਰਿਸ਼ਤੇ ਦਿੱਤੇ ਸਨ, ਸੁੱਖ ਆਰਾਮ ਦੇ ਦਿਨ ਤੇ ਰਾਤਾਂ ਦਿੱਤੀਆਂ ਸਨ। ਰੁੱਖਾਂ, ਫੁੱਲਾਂ ਤੇ ਪੰਛੀਆਂ ਨਾਲ ਸੁਹਾਣੀ ਗੁਫ਼ਤਗੂ ਦਿੱਤੀ ਸੀ। ਪਰ ਸ਼ਹਿਰੀ ਜੀਵਨ ਨੇ ਪੱਲੇ ਪਾਈ ਹੈ ਸਿਰਫ਼ ਭਟਕਣਾ। ਜਿਸ ਵਿਚ ਅਸੀਂ ਆਪਣੇ ਆਪ ਨੂੰ ਵੀ ਭੁੱਲ ਗਏ। ਕੁਦਰਤ ਸਾਡੇ ਲਈ ਓਪਰੀ ਹੋ ਗਈ ਹੈ। ਪੰਛੀਆਂ ਦੀ ਚਹਿਚਹਾਟ ਗ਼ਾਇਬ ਹੈ। ਅਜਿਹੀ ਭੀੜ ਵਿੱਚ ਅਸੀਂ ਅਜਨਬੀ ਬਣ ਕੇ ਰਹਿ ਗਏ ਹਾਂ। ਇਹ ਸ਼ਾਇਰੀ ਸਾਨੂੰ ਸਾਡੇ ਆਪਣੇ ਪੈਰਾਂ ਦੀ ਪਛਾਣ ਤੇ ਮੁੜ ਪਰਤਣ ਲਈ ਟੁੰਬਦੀ ਹੈ :

ਮੈਂ ਸਾਧਾਰਨ ਆਦਮੀ ਆਇਆ ਭਰਾਵੋ ਪਿੰਡ ਤੋਂ
ਸ਼ਹਿਰੀਆਂ ਦੇ ਵਾਂਗ ਨਾ ਜਾਣਾ ਮੈਂ ਬੁਣਨੇ ਸ਼ਬਦ ਜਾਲ।

ਤੂੰ ਤਾਂ ਸਿੱਧਾ ਪੱਧਰਾ ਸੀ ਬਈ
ਏਸ ਸ਼ਹਿਰ ਵਿਚ ਆ ਕੇ ਤੂੰ ਵੀ
ਮਿਲਰ ਗੰਜ ਦੀਆਂ ਮਿੱਲਾਂ ਵਾਂਗੂੰ
ਵਾਹੋ ਦਾਹੀ ਦੌੜ ਰਿਹਾ ਏਂ
ਹੌਜ਼ਰੀਆਂ ਦੇ ਸ਼ਹਿਰ 'ਚ ਤਾਣੇ ਤਣਦਾ ਫਿਰਦੈਂ
ਕੀ ਕਰਦਾ ਏਂ
ਮਨ ਦੀਆਂ ਤੰਦਾਂ ਬੁਣੇਂ ਉਧੇੜੇਂ
ਬੰਦਾ ਹੈਂ ਜਾਂ ਗਰਮ ਸਵੈਟਰ।

ਪੰਛੀਆਂ ਦੀ ਡਾਰ ਇਕ ਦੁਮੇਲ ਨੂੰ ਛੋਹ ਕੇ ਗੁਜ਼ਰ ਗਈ
ਮੈਂ ਵੀ ਮਗਰੋਂ ਅੰਬਰੀਂ ਤਾਰੀਆਂ ਲਾਉਂਦੇ ਰਹਿਣਾ ਹੈ।

ਪਿੰਡ ਵਾਲੇ ਪੁੱਛਦੇ ਨੇ ਫੇਰ ਕਦੋਂ ਆਵੇਂਗਾ
ਸ਼ਹਿਰ ਵਿਚ ਰਹਿੰਦਿਆਂ ਜਵਾਬ ਰੁੱਸ ਗਏ ਨੇ।

ਗੁਆਚਾ ਫਿਰ ਰਿਹਾ ਹਾਂ ਦੱਸੋ ਮੇਰਾ ਬਾਰ ਕਿੱਥੇ ਹੈ
ਹੁਣੇ ਜੋ ਉੱਡਦੀ ਸੀ ਪੰਛੀਆਂ ਦੀ ਡਾਰ ਕਿੱਥੇ ਹੈ।

ਘਰ ਅਤੇ ਪਿੰਡ ਦੇ ਗੁਆਚਣ ਤੋਂ ਬਾਅਦ ਉਹਦੀ ਕਵਿਤਾ ਦਾ ਫ਼ਿਕਰ ਹੈ, ਪੰਜਾਬ ਦੇ ਗੁਆਚਣ ਦਾ। ਇੱਥੇ ਇਉਂ ਲੱਗਦਾ ਹੈ ਜਿਵੇਂ ਉਸਦੀ ਸ਼ਾਇਰੀ ਨੇ ਫ਼ਿਕਰ ਦੀ ਪੁਸ਼ਾਕ ਪਹਿਣ ਲਈ ਹੋਵੇ।

ਇਹ ਫ਼ਿਕਰ ਮਾਂ ਦੀ ਵੀ ਹੈ। ਜਿਹੜੀ ਘਰ ਵਿੱਚ ਕੱਲ-ਮੁਕੱਲੀ ਬੈਠੀ ਰਹਿੰਦੀ ਹੈ :

ਘਰ ਵਿਚ ਮਾਂ ਹੈ
ਬੈਠੀ ਰਹਿੰਦੀ ਕੱਲ-ਮੁਕੱਲੀ
ਆਪਣੇ ਘਰ ਵਿਚ ਬਣੀ ਓਪਰੀ
ਪੰਜ ਪੁੱਤਰਾਂ ਦੀ ਮਾਂ।

ਮਾਂ ਦਾ ਇਹ ਚਿਹਨ ਗੁਰਭਜਨ ਕਾਵਿ ਵਿਚ ਫੈਲ ਕੇ ਧਰਤੀ ਮਾਂ ਬਣ ਜਾਂਦਾ ਹੈ। ਮੁਹੱਬਤਾਂ ਦੇ ਦੇਸ ਪੰਜਾਬ ਵਿਚ ਕੁੱਝ ਵਰ੍ਹੇ ਪਹਿਲਾਂ ਲਗਭਗ ਇਕ ਦਹਾਕਾ ਅਜਿਹੀ ਮਾਰੂ ਹਨ੍ਹੇਰੀ ਵਗੀ, ਜਿਸ ਵਿਚ ਸਾਡਾ ਬਹੁਤ ਕੁੱਝ ਤਿੜਕਿਆ, ਟੁੱਟਿਆ ਤੇ ਤਹਿਸ-ਨਹਿਸ ਹੋਇਆ ਹੈ। ਅਜਿਹਾ ਸਹਿਮ ਹਵਾ ਵਿਚ ਘੁਲ ਗਿਆ ਸੀ ਕਿ ਸਾਡੀ ਜੀਭ ਵੀ ਤਾਲੂਏ ਨਾਲ ਜੰਮ ਗਈ ਸੀ, ਅੱਖਾਂ ਦਾ ਨੀਰ ਸੁੱਕ ਗਿਆ

ਸੀ। ਬਾਹਾਂ ਗਲੇ ਨਹੀਂ ਸਨ ਚਿੰਮੜਦੀਆਂ ਸਗੋਂ ਗਲੇ ਵੱਢਣ ਲਈ ਉੱਠਦੀਆਂ ਸਨ। ਅਜਿਹੇ ਸਮਿਆਂ ਦੀ ਪੁਣ-ਛਾਣ ਤੇ ਤਸਦੀਕ ਕਰਦੀਆਂ ਗੁਰਭਜਨ ਦੀਆਂ ਕਵਿਤਾਵਾਂ, ਗੀਤ, ਸ਼ੇਅਰ ਕਾਲਜੇ ਨੂੰ ਧੂਹ ਪਾਉਣ ਵਾਲੇ ਹਨ, ਚਿੰਤਨ ਲਈ ਉਕਸਾਉਣ ਵਾਲੇ ਹਨ।

ਇਹ ਕੇਹੀ ਰੁੱਤ ਆਈ ਸਾੜਨ ਲੱਗੇ ਰੁੱਤ ਛਾਵਾਂ
ਦੋਧੇ ਦੰਦੀ ਬਾਲ ਸਹਿਕਦੇ ਹੰਝੂ ਡੁੱਬੀਆਂ ਮਾਵਾਂ
ਖੜ੍ਹੇ ਖੜੋਤੇ ਪੁੱਤਰ ਖਾ ਲਏ ਆਦਮ ਖੋਰ ਹਵਾਵਾਂ।

ਉਸ ਦੀ ਕਵਿਤਾ ਦਾ ਇਹੀ ਫ਼ਿਕਰ ਪੂਰੇ ਦੇਸ ਨੂੰ ਆਪਣੀ ਵਲਗਣ ਵਿੱਚ ਲੈਂਦਾ ਜਾਪਦਾ ਹੈ। ਉਸ ਦੇ ਸਾਹਮਣੇ ਸੰਤਾਲੀ ਦੀ ਦੇਸ ਵੰਡ ਵੀ ਹੈ ਜਦੋਂ ਉਸ ਦੇ ਪੁਰਖੇ ਵਸਦੇ ਰਸਦੇ ਘਰਾਂ ਨੂੰ ਛੱਡ ਉਜੜਣ ਤੇ ਮੁੜ ਵਸਣ ਦੇ ਦੂਹਰੇ ਤਜਰਬੇ ਵਿਚੋਂ ਲੰਘੇ ਸਨ। ਉਸ ਦੇ ਬੋਲਾਂ ਵਿਚ ਲੱਖਾਂ ਬੇਕਸੂਰੇ ਮਰਿਆਂ ਦਾ ਰੁਦਨ ਵੀ ਹੈ। ਉਸ ਲਾਣੇ ਦੇ ਖਿਲਾਫ਼ ਗੁੱਸਾ ਵੀ ਹੈ ਜਿਹੜਾ ਅਜ਼ਾਦੀ ਖ਼ਾਤਰ ਦਿੱਤੀਆਂ ਕੁਰਬਾਨੀਆਂ ਨੂੰ ਭੁੱਲ ਕੇ, ਦੇਸ਼ ਨੂੰ ਗਹਿਣੇ ਧਰਨ ਦੀ ਚਾਲ ਚੱਲ ਰਿਹਾ ਹੈ। ਉਹਨਾਂ ਨੇਤਾਵਾਂ ਤੇ ਨੀਤੀਵਾਨਾਂ ਪ੍ਰਤੀ ਵੀ ਨਫ਼ਰਤ ਹੈ ਜੋ ਲੋਕਾਂ ਨੂੰ ਅਜੇ ਵੀ ਚੈਨ ਦੇ ਸਾਹ ਨਹੀਂ ਲੈਣ ਦੇ ਰਿਹਾ। ਵੰਡ ਦੀ ਪੀੜ ਅਜੇ ਟਸਦੀ ਹੈ ਤੇ ਉਹ ਮਿਲ ਰਹਿਣ ਦਾ ਸੁਨੇਹਾ ਦਿੰਦਾ ਹੈ :

ਸਾਂਝੇ ਦੁਸ਼ਮਣ ਮਾਰਨ ਖ਼ਾਤਰ ਰਲ ਮਿਲ ਬਹੀਏ
ਨਫ਼ਰਤ ਦੀ ਅੱਗ ਸੇਕ ਸੇਕ ਕੇ ਕੀ ਖੱਟਿਆ ਹੈ।

ਆਪਣੇ ਰੋਹ, ਗੁੱਸੇ ਤੇ ਵਿਦਰੋਹ ਨੂੰ ਕਵੀ ਨੇ ਇਕ ਲੰਮੀ ਨਜ਼ਮ ਵਿਚ ਤਰਜਮਾ ਕਰਨ ਦਾ ਯਤਨ ਕੀਤਾ ਹੈ। ਉਹ ਜੰਗਬਾਜ਼ਾਂ, ਸਾਮਰਾਜੀ ਤਾਕਤਾਂ, ਸਰਮਾਏਦਾਰੀ ਲੋਟੂਆਂ, ਕਟੱੜ ਪੰਥੀਆਂ, ਰਿਸ਼ਵਤ ਖੋਰਾਂ, ਸ਼ਾਹੂਕਾਰਾਂ, ਬਲਾਤਕਾਰੀਆਂ, ਨੇਤਾਵਾਂ, ਕਾਲੇ ਹੁਕਮਾਂ, ਵਹਿਮਾਂ ਭਰਮਾਂ, ਟੂਣੇ ਧਾਗਿਆਂ, ਸੰਚਾਰ ਮਾਧਿਅਮਾਂ, ਫੈਸ਼ਨਾਂ, ਸਾਹਿਤਕਵਾਦਾਂ, ਚੋਰ ਬਜ਼ਾਰਾਂ, ਜ਼ਹਿਰੀ ਜੜੀਆਂ ਬੂਟੀਆਂ, ਨਸ਼ਿਆਂ, ਲੱਚਰ ਸਾਹਿਤ, ਤੇ ਚੋਣ ਧਾਂਦਲੀਆਂ ਆਦਿ ਦੇ ਖਿਲਾਫ਼ ਇਕ ਲੰਮੀ ਤੇ ਨਿਰੰਤਰ ਲੜਾਈ ਦਾ ਪੈਗ਼ਾਮ ਦਿੰਦਾ ਹੈ।

ਜ਼ਿੰਦਗੀ ਦੇ ਸਮੂਹ ਸਰੋਕਾਰਾਂ ਲਈ
ਮਹਿਕਦੀਆਂ ਬਹਾਰਾਂ ਤੇ ਗੁਲਜ਼ਾਰਾਂ ਲਈ
ਨਿੱਕੀ ਜਿਹੀ ਲੜਾਈ ਨਹੀਂ
ਬਹੁਤ ਸਾਰੇ ਦੁਸ਼ਮਣਾਂ ਦੇ ਖ਼ਿਲਾਫ਼
ਕਰੋੜਾਂ ਬਾਹਾਂ ਨਾਲ ਲੜਨਾ ਹੈ।

ਇਹ ਲੜਾਈ ਹੱਕਾਂ ਪ੍ਰਤੀ ਵੀ ਹੈ ਤੇ ਦੇਸ ਰੂਪੀ ਬਿਰਖ ਨੂੰ ਲੱਗੇ ਕੀੜੇ ਨੂੰ ਮਾਰ-ਮੁਕਾਣ ਲਈ ਵੀ ਹੈ :

ਜਾਪੇ ਜੜ੍ਹ ਵਿਚ
ਚਿੰਤਾ ਵਰਗਾ ਕੀੜਾ ਕੋਈ
ਜਿਸ ਨੇ ਇਸ ਨੂੰ
ਜੜ੍ਹ ਤੋਂ ਸਿਖਰ ਟਾਹਣੀਆਂ ਤੀਕ
ਸੁਕਾ ਛੱਡਿਆ ਹੈ।

ਏਹ ਲੜਾਈ ਕੱਲਮ-ਕੱਲੀਆਂ ਬਾਹਾਂ ਦੇ ਵਸ ਦਾ ਰੋਗ ਨਹੀਂ। ਏਕਤਾ ਤੇ ਜਮਹੂਰੀ ਜੰਗ ਹੀ ਇਸ ਲੜਾਈ ਦੀ ਜਿੱਤ ਲਈ ਕਾਰਗਰ ਹੋ ਸਕਦੀ ਹੈ :

ਸਬਰ ਦਾ ਸਰਵਰ ਨੱਕੋ ਨੱਕ ਹੈ
ਤਰਲ ਦੁਹੇਲਾ
ਲੱਖ ਕਰੋੜ ਸਿਰਾਂ ਨੂੰ ਜੋੜੋ
ਚੁੱਪ ਨਾ ਬੈਠੋ
ਆਪੋ ਆਪਣੀ ਚੁੱਪ ਨੂੰ ਤੋੜੋ



ਇਸੇ ਆਪਣੀ ਕਵਿਤਾ ਦੀ ਤਾਸੀਰ ਪਹਿਚਾਨਣ ਦਾ ਕਵੀ ਖ਼ੁਦ ਆਪਣੇ ਕਾਵਿਕ ਬੋਲਾਂ ਨੂੰ ਇਕ ਨਜ਼ਮ 'ਉਹ ਮੇਰੀ ਕਵਿਤਾ ਨਹੀਂ ਸੀ' ਰਾਹੀਂ ਪਰਿਭਾਸ਼ਿਤ ਕਰਨ ਦਾ ਯਤਨ ਕਰਦਾ ਹੈ :

ਮੇਰੀ ਕਵਿਤਾਂ ਤਾਂ ਅੱਥਰੇ ਘੋੜੇ 'ਤੇ ਸਵਾਰ
ਦੁੱਲੇ ਦੀ ਵੰਗਾਰ ਸੀ
ਸੂਰਮੇ ਲਹੂ ਨਾਲ ਲਿਖੀ ਸੁਰਖ਼ ਬਹਾਰ ਸੀ
ਹਾਕਮ ਦੇ ਮੱਥੇ ਖਿੰਘਰ ਵਾਂਗ ਵੱਜਦੀ ਫਿਟਕਾਰ ਸੀ
ਜਿਸ ਨੂੰ ਤੁਸੀਂ ਮਹਾਨਤਾ ਦੀ ਕਲਗੀ ਸਜਾਉਂਦੇ ਰਹੇ
ਉਹ ਮੇਰੀ ਕਵਿਤਾ ਨਹੀਂ ਸੀ।

ਗੁਰਭਜਨ ਨਰੋਈ ਸੋਚ ਦਾ ਕਵੀ ਹੈ। ਫ਼ਿਕਰਾਂ ਦੇ ਵਿਚੋਂ ਵੀ ਕਿਸੇ ਆਸ ਨੂੰ ਜਗਾਉਂਦਾ ਪ੍ਰਤੀਤ ਹੁੰਦਾ ਹੈ। ਉਹਦੀ ਸ਼ਾਇਰੀ ਸੰਗ ਤੁਰਦਿਆਂ ਨਮੋਸ਼ੀ ਤੇ ਨਿਰਾਸ਼ਾ ਨਹੀਂ ਹੁੰਦੀ। ਨਿਰਾਸ਼ਾ ਉਹਦੇ ਕਾਵਿ ਵਿਚ ਮੂੰਹ-ਝਾਖਰੇ ਹਨੇਰੇ ਵਰਗੀ ਹੈ, ਜਿਹਦੀ ਗੋਦ 'ਚੋਂ ਛੇਤੀ ਹੀ ਸੂਰਜ ਉਦੈ ਹੋਣ ਦੀ ਆਸ ਬੱਝਦੀ ਹੈ। ਇਸੇ ਆਸ ਦੇ ਸਹਾਰੇ ਇਕ ਅਜਿਹਾ ਭਰਵਾਂ ਤੇ ਰੱਜਵਾਂ ਅਹਿਸਾਸ ਜਾਗਦਾ ਹੈ, ਜਿਹੜਾ ਸਾਨੂੰ ਜ਼ਿੰਦਗੀ ਦੇ ਅਰਥ ਹੀ ਨਹੀਂ ਦੱਸਦਾ ਸਗੋਂ ਉਸਦੇ ਗੋਡੇ ਮੁੱਢ ਬੈਠਣ ਲਈ ਵੀ ਪ੍ਰੇਰਦਾ ਹੈ। ਜਿਸ ਤਿਹੁ ਭਿੱਜ ਕੇ ਬੰਦਾ ਰਿਸ਼ਤਿਆਂ ਦੀ ਪਹਿਚਾਣ ਬਣਾਉਂਦਾ ਹੈ। ਇਸੇ ਕਰਕੇ ਇਹ ਕਵਿਤਾਵਾਂ ਕਦੇ ਮਾਂ, ਕਦੇ ਭੈਣ, ਕਦੇ ਪਤਨੀ, ਕਦੇ ਧੀ ਤੇ ਕਦੇ ਬਾਈਆਂ ਤੇ ਬਾਪੂਆਂ ਵਰਗੀਆਂ ਜਾਪਦੀਆਂ ਹਨ। ਮੋਹ ਤੇ ਚੁੰਮਣ ਦਿੰਦੀਆਂ, ਥਾਪੜਿਆਂ ਤੇ ਅਸੀਸਾਂ ਦੀਆਂ ਹਥੇਲੀਆਂ ਕੰਧਿਆਂ 'ਤੇ ਧਰਦੀਆਂ। ਇਹ ਮੰਦੇ ਨੂੰ ਖੰਡਨ ਤੇ ਚੰਗੇ ਨੂੰ ਮੰਡਨ ਦੀ ਪ੍ਰੇਰਨਾ ਦਿੰਦੀਆਂ ਹਨ। ਇਸੇ ਕਰਕੇ ਇਹਨਾਂ ਦਾ ਸੁਹਜ ਸਾਰਥਿਕ ਹੋ ਨਿਬੜਿਆ ਹੈ।

ਇਹਨਾਂ ਕਵਿਤਾਵਾਂ ਵਿਚ 'ਮੈਂ' ਦੀ ਅਭਿਵਿਅਕਤੀ ਵੀ ਇਕ ਚਿਹਨ ਵਜੋਂ ਹੋਈ ਹੈ। ਸਮੁੱਚੀ ਕਵਿਤਾ 'ਮੈਂ' ਤੇ 'ਮਾਂ' ਦਾ ਹੀ ਵਿਸਥਾਰ ਹੈ। ਪਰ ਇਹ 'ਮਾਂ' ਜਿਥੇ ਮਮਤਾ ਦੀ ਮੂਰਤ, ਪੁੱਤਾਂ ਦੇ ਫ਼ਿਕਰਾਂ ਸੰਗ ਪਰੁੱਤੀ, ਦੂਰ ਗਿਆਂ ਨੂੰ ਬਿੰਦੇ ਬਿੰਦੇ ਉਡੀਕਦੀ, ਘਰ ਸਲਾਮਤ ਰਹਿਣ ਦੀ ਦੁਆ ਮੰਗਦੀ ਨਜ਼ਰ ਆਉਂਦੀ ਹੈ। ਉਥੇ ਕਵੀ ਦੀ ਇਹ 'ਮੈਂ' ਉਲਝੇ, ਆਪੂੰ ਸੰਤਾਪੇ, ਕਾਮ-ਗ੍ਰੰਥੀਆਂ ਦੇ ਸ਼ਿਕਾਰ, ਮਰੀਅਲ, ਹੀਣੇ, ਮਰੂੰ ਮਰੂੰ ਕਰਦੇ ਨੀਚ ਵਿਅਕਤੀ ਦਾ ਕਿਰਦਾਰ ਨਹੀਂ ਹੈ। ਸਗੋਂ ਪਿਤਾ-ਪੁਰਖੀ ਭਰਵੀਂ ਵਸੀਅਤ ਨਾਲ ਤਰੋਤਾਜ਼ਾ, ਭਰੀ-ਭਕੁੰਨੀ ਮੋਹ ਨਾਲ ਲਬਰੇਜ਼ ਰੂਹ ਵਾਲੇ ਕਿਰਦਾਰ ਦੀ ਨਕਸ਼ਾ-ਨਵੀਸੀ ਕਰਦੀ ਨਜ਼ਰ ਆਉਂਦੀ ਹੈ। ਜੋ ਲੋਕ ਧਾਰਾਈ, ਪੇਂਡੂ ਵਰਤਾਰੇ ਦੀਆਂ ਸਿਹਤਮੰਦ ਤੇ ਨਿਰਛਲ ਕਦਰਾਂ ਕੀਮਤਾਂ ਨਾਲ ਪਾਠਕਾਂ/ਸਰੋਤਿਆਂ ਦਾ ਕੋਈ ਗ਼ੈਬੀ ਜਿਹਾ ਰਿਸ਼ਤਾ ਗੰਢਦੀ ਨਜ਼ਰ ਆਉਂਦੀ ਹੈ। ਪੋਤਲੀ-ਨਜ਼ਰੇ ਭਾਵੇਂ ਲੱਗਦਾ ਹੈ ਕਿ 'ਅਤੀਤ' ਨੂੰ ਹਾਕਾਂ ਮਾਰ ਰਹੀ ਹੋਵੇ। ਪਰ ਇਹ ਅਤੀਤ ਹਨ੍ਹੇਰੀ ਗੁਫ਼ਾ ਵਰਗਾ ਨਹੀਂ, ਸਗੋਂ ਪਹੁ-ਫੁਟਾਲੇ ਦੇ ਲਿਸ਼ਕਵੇਂ ਪੱਤਣਾਂ ਤੇ ਪੈਲਾਂ ਪਾਉਣ ਵਰਗਾ ਹੈ।

ਨਜ਼ਰਾਂ ਤੋਂ ਨਾ ਗਿਰੀਏ ਯਾਰੋ
ਇਕ ਦੂਜੇ ਦੇ ਦਿਲ ਵਿਚ ਲਹੀਏ।

ਮੈਂ ਨਾਨਕ ਦਾ ਰਬਾਬੀ ਹਾਂ ਭਰਾਵੋ ਮੈਂ ਪੰਜਾਬੀ ਹਾਂ
ਲਿਆਓ ਜੋੜ ਕੇ ਦੇਵਾਂ ਉਹ ਟੁੱਟੀ ਤਾਰ ਕਿੱਥੇ ਹੈ।

ਮੇਰੇ ਮਨ ਤੋਂ ਭਾਰ ਉਤਾਰ ਤੂੰ ਕੁਝ ਪਲ ਮੇਰੇ ਕੋਲ ਖਲੋ
ਕੱਲੇ ਤੋਂ ਨਹੀਂ ਚੁੱਕੀ ਜਾਂਦੀ ਇਕਲਾਪੇ ਦੀ ਪੰਡ ਓ ਯਾਰ।

ਮੇਰੇ ਨਾਲ ਨਾ ਬੋਲੋਂ ਤੂੰ
ਤੇਰੀ ਮੇਰੀ ਇਕੋ ਮਾਂ।
ਮੈਂ ਜਦੋਂ ਵੀ ਪਿੰਡ ਜਾਣੋਂ ਹਟ ਗਿਆ ਤਾਂ ਸਮਝਣਾ
ਚੌਖਟੇ ਵਿਚ ਬੰਦ ਬੈਠਾ ਹੈ ਕੋਈ ਰੂਹ ਦਾ ਕੰਗਾਲ

ਗੁਰਭਜਨ ਰਿਸ਼ਤਿਆਂ ਨੂੰ ਸਿਰਜਣ ਵਾਲਾ ਤੇ ਉਹਨਾਂ ਨੂੰ ਪੁਗਾਉਣ ਵਾਲਾ ਸ਼ਾਇਰ ਹੈ। ਉਸ

ਦੀਆਂ ਕੁਝ ਕਵਿਤਾਵਾਂ ਜਿਨ੍ਹਾਂ ਵਿਚ ਵਾਰ-ਵਾਰ ਰਿਸ਼ਤਿਆਂ ਦੀ ਸਲਾਮਤੀ ਦਾ ਜ਼ਿਕਰ ਹੈ, ਦਿਲ ਨੂੰ ਛੋਹਣ ਵਾਲੀਆਂ ਹਨ। ਪਰ ਇੱਥੇ ਹੀ ਉਸ ਨੂੰ ਇਸ ਗੱਲ ਦਾ ਵੀ ਤੌਖਲਾ ਹੈ ਕਿ ਜਾਇਦਾਦ ਜਾਂ ਆਰਥਿਕਤਾ ਦਾ ਅਧਾਰ ਕਿਤੇ ਇਹਨਾਂ ਰਿਸ਼ਤਿਆਂ ਨੂੰ ਤਾਰੋ ਤਾਰ ਨਾ ਕਰ ਦੇਵੇ। ਰਿਸ਼ਤਿਆਂ ਦੇ ਵਰਤਾਰੇ ਵਿਚ ਆਰਥਿਕਤਾ ਦਾ ਦਖ਼ਲ ਦੁਖਾਂਤ ਦਾ ਸਿਰਜਕ ਹੈ :

ਜਾਇਦਾਦ ਅਣਦਿਸਦਾ ਕੀੜਾ ਰਿਸ਼ਤੇ ਤਾਰੋ ਤਾਰ ਕਰੇ
ਖਾਂਦਾ ਖਾਂਦਾ ਖਾ ਜਾਂਦਾ ਏ ਸੁੱਚੇ ਬੰਧਨ ਕੁੱਖਾਂ ਦੇ।

ਫੁੱਲ ਤੇ ਪੰਛੀ ਕਵੀ ਲਈ ਸੁਹਣੀ ਚੰਗੇਰੀ ਜ਼ਿੰਦਗੀ ਦਾ ਪ੍ਰਤੀਕ ਹਨ। ਪੰਛੀਆਂ ਦਾ ਚਹਿਚਹਾਣਾ, ਉਡਾਰੀਆਂ ਭਰਨਾ ਉਹਦੇ ਲਈ ਚਹਿਕਦੀ ਜ਼ਿੰਦਗੀ ਦੇ ਆਦਰਸ਼ ਹਨ। ਫੁੱਲਾਂ ਦਾ ਖਿੜਨਾ, ਰੰਗਾਂ ਦੀ ਛਹਿਬਰ, ਖੁਸ਼ਬੂਆਂ ਦਾ ਭੰਡਾਰਾ ਜ਼ਿੰਦਗੀ ਦੇ ਹੁਸੀਨ ਪਲਾਂ ਦੀ ਤਰਜਮਾਨੀ ਹੈ। ਉਸ ਦਾ ਅਕੀਦਾ ਹੈ ਕਿ ਜੇ ਇਨਸਾਨ ਹਥਿਆਰਾਂ ਦੀ ਥਾਂ ਫੁੱਲਾਂ ਨਾਲ ਪਿਆਰ ਕਰਦਾ ਹੁੰਦਾ ਤਾਂ ਹਿੰਸਾ ਉਹਦੇ ਸਾਹਾਂ ਵਿੱਚ ਨਾ ਰਚਦੀ :

ਕਰਦਾ ਜੇ ਤੂੰ ਫੁੱਲਾਂ ਨਾਲ ਪਿਆਰ ਕਦੇ
ਚੰਗੇ ਨਹੀਂ ਸੀ ਲੱਗਣੇ ਇਹ ਹਥਿਆਰ ਕਦੇ।

ਗੁਰਭਜਨ ਗਿੱਲ ਦੀ ਇਹ ਕਵਿਤਾ ਇਕ ਹੋਰ ਵੰਨਗੀ ਹੈ, ਨਿੱਕੀ ਕਵਿਤਾ ਦੀ। ਇਹਨਾਂ ਵਿਚ ਵਿਚਾਰਾਂ ਦੀ ਸ਼ਿੱਦਤ ਹੈ ਤੇ ਤਿੱਖੀ ਨੋਕ ਵਰਗਾ ਪ੍ਰਭਾਵ ਹੈ। ਕਿਤੇ ਕਿਤੇ ਤਾਂ ਦੋ ਸਤਰਾਂ ਹੀ, ਬਹੁਤ ਵੱਡੀ ਗੱਲ ਕਹਿ ਜਾਂਦੀਆਂ ਹਨ :

ਤੁਸੀਂ ਸਾਡਾ ਸਿਰ ਪਹਾੜਾਂ ਵਾਲਿਓ
ਤੁਸੀਂ ਸਾਡੀ ਧਿਰ ਪਹਾੜਾਂ ਵਾਲਿਓ
ਵਕਤ ਨੇ ਸਾਨੂੰ ਤੁਹਾਨੂੰ ਚੀਰਿਆ
ਫਿਰ ਮਿਲਾਂਗੇ ਫਿਰ ਪਹਾੜਾਂ ਵਾਲਿਓ।

ਵਤਨ ਕੀ ਹੈ
ਕੁਝ ਲਕੀਰਾਂ ਤੇ ਨਿਸ਼ਾਨ
ਟੰਗਦੇ ਸੂਲੀ 'ਤੇ ਜਾਨ
ਰੋਜ਼ ਹੋਵੇ ਇਮਤਿਹਾਨ।

ਇਕ ਹਥੌੜਾ ਵੱਜਿਆ
ਤੇ ਰੱਬ ਤਿੜਕ ਗਿਆ।

ਇਸ ਪੁਸਤਕ ਵਿਚ ਆਏ ਕਾਵਿ-ਚਿੱਤਰਾਂ ਤੋਂ ਕਵੀ ਦਾ ਮਨੁੱਖੀ ਅਧਿਐਨ ਦੀ ਬਿਰਤੀ ਤੇ ਜੁਗਤੀ ਦਾ ਵੀ ਅਹਿਸਾਸ ਹੁੰਦਾ ਹੈ। ਵਿਦਿਆਦਾਨੀ ਪ੍ਰਿੰਸੀਪਲ ਇਕਬਾਲ ਸਿੰਘ, ਅੱਖਰ ਸ਼ਿਲਪੀ ਨੂਰਦੀਨ ਉਸ ਦੀਆਂ ਇਸ ਪ੍ਰਸੰਗ ਵਿਚ ਵਿਚਾਰੀਆਂ ਜਾਣ ਵਾਲੀਆਂ ਕਵਿਤਾਵਾਂ ਹਨ।

ਕਵੀ ਗੁਰਭਜਨ ਦੀਆਂ ਇਹਨਾਂ ਕਾਵਿਕ ਸਤਰਾਂ ਦੇ ਅਧਿਐਨ ਤੋਂ ਉਸਦੀ ਸ਼ਬਦ-ਪਛਾਣ ਤੇ ਸ਼ਬਦ ਬੀੜਣ ਦੀ ਸਮਰਥਾ ਦਾ ਵੀ ਅਹਿਸਾਸ ਹੁੰਦਾ ਹੈ। ਉਸਦੇ ਵਾਕੰਸ਼ ਜਾਂ ਸਤਰਾਂ ਦੀ ਨੁਹਾਰ ਤੇ ਆਤਮਾ ਮੁਹਾਵਰਿਆਂ ਦੇ ਨੇੜ ਤੇੜ ਪੁੱਜਦੀ ਨਜ਼ਰ ਆਉਂਦੀ ਹੈ। ਇੰਵ ਗੁਰਭਜਨ ਦੀ ਇਹ ਸ਼ਾਇਰੀ ਕਾਵਿ-ਕੁੜੀ ਦੀ ਕਸੀਦਾਕਾਰੀ ਵਰਗੀ ਹੈ। ਸਤਰਾਂ ਤੇ ਸ਼ਬਦਾਂ ਦੇ ਵੇਲ ਬੂਟੇ ਜ਼ਿੰਦਗੀ ਦੀਆਂ ਰੁੱਤਾਂ ਨੂੰ ਚਿਤਰਦੇ ਹੀ ਨਹੀਂ ਸਗੋਂ ਆਪਣੇ ਵਿਚੋਂ ਦੀ ਲੰਘਾਉਂਦੇ ਹਨ। ਉਡੀਕ, ਵਸਲ, ਆਸ਼ਾ, ਨਿਰਾਸ਼ਾ, ਹੇਰਵੇ, ਤਾਂਘਾਂ, ਬੇਵਸੀਆਂ, ਉਮੀਦਾਂ, ਹਿੰਮਤਾਂ ਆਦਿ ਅਨੇਕਾਂ ਰੁੱਤਾਂ ਸਾਡੇ ਸਾਹੀਂ ਵਸਦੀਆਂ ਹਨ। ਅਸੀਂ ਇਹਨਾਂ ਦੇ ਕਾਰਜ, ਰੂਪ ਰੰਗ ਤੋਂ ਹੀ ਨਹੀਂ ਇਹਨਾਂ ਦੀ ਤਾਸੀਰ ਤੋਂ ਵੀ ਵਾਕਿਫ਼ ਹੁੰਦੇ ਹਾਂ। ਇਹ ਆਪਣਾ ਆਪ ਫਰੋਲਣ ਤੇ ਵਿਰੋਲਣ ਵਰਗਾ ਕਾਰਜ ਹੈ ਜੋ ਇਕ ਸੰਵੇਦਨਸ਼ੀਲ, ਭਰਵੇਂ ਅਹਿਸਾਸ ਵਾਲੀ ਕਾਵਿਕ ਕਲਮ ਦਾ ਹੀ ਹਾਸਲ ਹੋ ਸਕਦਾ ਹੈ।

❖ ❖



***ਕਹਾਣੀ***

## ਪੇਟੀ/*ਦਵਿੰਦਰ ਮੰਡ*

ਮੇਰੇ ਲਈ ਇਹ ਅਚੰਭਿਤ ਅਤੇ ਦੁਖਭਰੀ ਗੱਲ ਸੀ। ਕੱਲ ਚੰਗੀ ਭਲੀ ਸੀ ਦਾਦੀ ਮਾਂ, ਬਸ ਮੇਰੇ ਵਿਚਕਾਰਲੇ ਚਾਚੇ ਦੇ ਆਉਣ ਦੀ ਹੀ ਦੇਰ ਸੀ। ਘਰਵਾਲੀ ਨੇ ਜਿਹੜੀ ਗੱਲ ਦੱਸੀ ਮੈਂ ਤਾਂ ਉਹ ਹੀ ਦਿਲ 'ਚ ਘੜੀ ਮੁੜੀ ਲਿਆ ਰਿਹਾ ਹਾਂ। ਕਿਤੇ ਇਹੀ ਗੱਲ ਨਾ ਹੋਈ ਹੋਵੇ ? ਹੋ ਵੀ ਸਕਦੀ ਹੈ ? ਕੀ ਪਤਾ ਲੱਗਦੈ। ਵੱਡੀ ਉਮਰ 'ਚ ਉਂਝ ਵੀ ਬੰਦਾ ਬੁੱਧੀਹੀਣ ਹੋ ਜਾਂਦਾ ਹੈ। ਉਹ ਜਜ਼ਬਾਤੀ ਵੀ ਇਕ ਦਮ ਹੋ ਜਾਂਦਾ ਹੈ ਤੇ ਗੁੱਸਾ ਵੀ ਉਹਨੂੰ ਇਕ ਦਮ ਆ ਜਾਂਦਾ ਹੈ। ਕੀ ਲੋੜ ਸੀ ਚਾਚੇ ਰੌਣਕੀ ਨੂੰ ਆਉਣ ਦੀ? ਮਾ ਬੀਮਾਰ ਕਰਕੇ ਰੱਖ ਤੀ। ਅੱਗੇ ਵੀ ਉਹ ਜਦੋਂ ਆਉਂਦਾ ਹੈ ਉਹ ਇਹ ਹੀ ਗੱਲ ਜ਼ਰੂਰ ਕਰ ਲੈਂਦਾ ਸੀ, ਅਖੇ "ਚਲੋ ਕੱਠੇ ਹੋਵੋ, ਪੇਟੀ ਖੋਲ੍ਹੀਏ, ਸਾਮਾਨ ਤਾ ਦੇਖ ਲਈਏ" ਪਰ ਮੈਂ ਦੋ ਟੁਕ ਜਵਾਬ ਦਿੰਦਾ ਰਿਹਾ 'ਨਹੀਂ, ਨਹੀਂ ਸਾਨੂੰ ਕੀ ਲੋੜ, ਜਦੋਂ ਚਾਚਾ ਆਊ ਆਪੇ ਖੋਲੂ", ਮੈਂ ਉਂਝ ਵੀ ਵਿਧਵਾ ਹੋ ਗਈ ਸਭ ਤੋਂ ਛੋਟੀ ਇਸ ਚਾਚੀ ਦੇ ਪੱਖ ਦੀ ਗੱਲ ਕਰਨੀ ਚਾਹੁੰਦਾ ਸਾ। ਰੌਣਕੀ ਚਾਚਾ ਮੇਰੀ ਗੱਲ ਸੁਣ ਚੁੱਪ ਤਾਂ ਕਰ ਜਾਂਦਾ ਪਰ ਜਿਵੇਂ ਉਹ ਬਹੁਤ ਕੁਝ ਕਹਿਣਾ ਚਾਹੁੰਦਾ ਹੋਵੇ ਪਰ ਨਹੀਂ ਕਹਿ ਰਿਹਾ ਹੁੰਦਾ।

"ਨਹੀਂ ਕਾਕਾ ਤੈਨੂੰ ਨਹੀਂ ਪਤੇ ਉਹ ਤਾਂ ਹੁਣ ਗਈ ਦੂਏ ਘਰ, ਪੇਟੀ ਤਾਂ ਆਪਣੀ ਰਹਿ ਗਈ ਹੁਣ—ਓਦਾਂ ਵੀ ਇਹ ਮੇਰੇ ਭਰਾ ਦੀ ਆ, ਸੱਕੇ ਦੀ ਜਿਹਨੂੰ ਮੈਂ ਬਾਹਰ ਭੇਜਿਆ ਸੀ, ਕਰਜ਼ਾ ਚੁੱਕ'ਕੇ, ਮੇਰਾ ਏਨਾ ਹੱਕ ਵੀ ਨਹੀਂ-" ਰੌਣਕੀ ਚਾਚੇ ਦੀਆਂ ਅੱਖਾ ਭਰ ਆਉਂਦੀਆਂ ਹਨ।

"ਲੈ ਦੱਸ ਤਾਂ ਭਲਾ, ਮੇਰੇ ਘਰ ਆਲਾ ਅੰਨ੍ਹਾ ਹੋ ਗਿਆ ਥਾਨੂੰ ਪੜ੍ਹਾਉਂਦਾ-ਲਿਖੌਂਦਾ, ਤੂੰ ਐਸੇ ਚੌਧਰੀ ਬਣੀ ਜਾਂਦੈ।" ਮੇਰੀ ਮਾਂ ਜਿਹੜੀ ਖੂੰਜੇ 'ਚ ਖੜੀ ਸੀ ਬੋਲ ਪਈ।

"ਬੀਬੀ ਤੈਨੂੰ ਨਹੀਂ ਹੱਕ ਬੋਲਣ ਦਾ, ਚੁੱਪ ਰਹਿ ਤੂੰ", ਮੇਰੇ ਕਹਿਣ 'ਤੇ ਮਾਂ ਚੁਪ ਕਰ ਗਈ।

"ਲੈ ਦੱਸ ਚਾਚਾ, ਤੂੰ ਕੀ ਕਰਨਾ ਪੇਟੀ ਖੋਹਲ ਕੇ.......ਤੇਰਾ ਕੋਈ ਜ਼ਰੂਰੀ ਸਮਾਨ ਐ ਵਿੱਚ।"

"ਨਹੀਂ ਕਾਕਾ ਤੈਨੂੰ ਨਹੀਂ ਪਤੇ ਕਿੰਨੇ ਸਾਲਾਂ ਤੋਂ ਪੇਟੀ ਬੰਦ ਪਈ ਆ, ਲੀੜੇ ਲੱਤੇ ਨੂੰ ਹਵਾ ਤਾਂ ਲੁਆਈ ਜਾ ਸਕਦੀ ਆ।"

"ਚਾਚਾ ਜਦ ਚਾਬੀ ਇਹਦੀ ਚਾਚੀ ਕੋਲੇ ਤਾਂ ਆਪਾਂ ਨੂੰ ਕੀ ਲੋੜ ਆ ਪੇਟੀ ਖੋਲਣ ਦੀ, ਹਾਂ ਚਾਚੀ ਨੂੰ ਨਾਲ ਲੈ ਆਓ ਜਿੱਦਾਂ ਮਰਜੀ ਖੋਹਲ ਲਓ......ਹੁਣ ਤੂੰ ਤਾਂ ਰਹਿੰਦੇ ਨਕੋਦਰ........ਜੇ ਕੋਈ ਚੀਜ਼ ਇਧਰ-ਉਧਰ ਹੋ ਗਈ ਨਾਂ ਤਾਂ ਸਾਡਾ ਲੱਗੂ.......ਹਾਂਅ......ਅ-।" ਮੈਂ ਚਾਚੇ ਨੂੰ ਸਾਫ-ਸਾਫ ਕਹਿ ਦਿੱਤਾ।

ਚਾਚੇ ਨੇ ਮੇਰੀ ਗੱਲ ਸੁਣ ਕੇ ਮੰਜੀ 'ਤੇ ਪਈ ਹੂੰਗਦੀ ਦਾਦੀ ਵੱਲ ਦੇਖਿਆ ਫਿਰ ਜੇਬ 'ਚ ਪਾਏ ਕਾਗਜ਼ਾਂ 'ਤੇ ਹੱਥ ਮਾਰਿਆ ਤੇ ਉੱਠ ਖੜ੍ਹਾ ਹੋਇਆ।

"ਹੁਣ ਕਿਥੇ ਚਲੈ......ਦਵਾਈ ਨਹੀਂ ਲਿਆਉਣੀ.......ਦਾਦੀ ਮਰਨ ਕੰਢੇ ਪਈ ਐ.....।" ਮੈਂ ਉਠ ਕੇ ਚਾਚੇ ਨੂੰ ਕਿਹਾ।

"ਨਾ ਅੱਗੇ ਬਥੇਰੀ ਵਾਰ ਅਇਦਾ ਹੁੰਦੀ ਰਹੀ......ਕੱਖ ਨੀ ਹੋਵੈ ਇਹਨੂੰ......ਮੈਂ ਸਰਪੰਚ ਵੱਲ ਜਾ ਆਮਾਂ......ਉਹ ਪਾਲਟੀ ਮੰਗਦੀ ਸੀ ਪ੍ਰਮੋਸ਼ਨ ਦੀ.........।"

"ਸਰਪੰਚਾਂ-ਪੰਚਾ ਨੂੰ ਬਥੇਰੀਆਂ ਪਾਲਟੀਆਂ ਹੁੰਦੀਆਂ..... ਸਾਡਾ ਤਾਂ ਮੂੰਹ ਵੀ ਮਿੱਠਾ ਨਹੀਂ ਹੋਇਆ।" ਮੈਂ ਚਾਚੇ ਨੂੰ ਵਿਅੰਗ ਨਾਲ ਕਿਹਾ। ਚਾਚਾ ਮੇਰੀ ਗੱਲ ਅਣਸੁਣੀ ਕਰ ਵਿਹੜੇ 'ਚੋਂ ਬਾਹਰ ਹੋ ਗਿਆ। ਮੈਂ ਵੀ ਸਾਈਕਲ ਚੁਕਿਆ ਜੌਹਰੀ ਡਾਕਟਰ ਕੋਲੋਂ ਦਾਦੀ ਦੀ ਦਵਾਈ ਲੈਣ ਚਲਾ ਗਿਆ। ਮੇਰੀ ਦਿਮਾਗ 'ਚ ਵਾਰ-ਵਾਰ ਘਰਵਾਲੀ ਦੀ ਦੱਸੀ ਗੱਲ ਆ ਰਹੀ ਸੀ। 'ਚਾਚਾ ਇੰਨਾ ਕਮੀਨਾ ਹੋ ਗਿਐ.......।'

"ਸਾਡੇ ਸਾਰਿਆਂ ਨਾਲੋਂ ਇਹੀ ਤਾਂ ਖਾਂਦਾ ਪੀਂਦਾਂ ਆ......ਚੰਗੀ ਨੌਕਰੀ ਉਤੇ.......ਉਧਰੋਂ ਅੰਨ੍ਹੀ ਕਮਾਈ ਇਹਨੂੰ, ਦੱਸ ਇਹਨੇ ਕੀ ਲੈਣਾ ਪੇਟੀ......ਚੋਂ......" ਮੈਨੂੰ ਵਿਚੇ-ਵਿਚ ਚਾਚੀ 'ਤੇ ਗੁੱਸਾ

ਆਇਆ ਜੇ ਉਹਨੇ ਹੋਰ ਘਰ ਵਸਾ ਲੈਣਾ ਸੀ ਤਾਂ ਕਾਹਨੂੰ ਕਮੀਨਗੀ ਦਿਖਾਉਣੀ ਸੀ......ਪੇਟੀ ਦੀ ਚਾਬੀ ਦੇ ਜਾਂਦੀ......ਪਰ ਉਹਨੂੰ ਕੀ ਚਾਚਾ ਤਾਂ ਸਾਡਾ ਮਰ ਗਿਐ......ਪਹਿਲਵਾਨ.........।"

ਮੇਰਾ ਇਹ ਸਭ ਤੋਂ ਛੋਟਾ ਚਾਚਾ ਜਿਸ ਦਾ ਨਾਂ ਧਰਮ ਚੰਦ ਉਰਫ਼ ਧਰਮਾ ਸੀ ਜਿਸਨੂੰ ਪਿੰਡ ਵਾਲੇ ਪਹਿਲਵਾਨ ਹੀ ਕਹਿੰਦੇ ਸਨ। ਚੰਗੀ ਡੀਲ-ਡੌਲ ਵਾਲਾ ਅਤੇ ਖੁੱਲ੍ਹਾ ਖਾਣ ਪੀਣ ਕਰਕੇ ਉਹਦੀ ਸਿਹਤ ਪਹਿਲਾਂ ਤੋਂ ਹੀ ਵਾਹਵਾ ਸੀ। ਮਸਕਟ ਪੂਰੇ ਅੱਠ ਸਾਲ ਲਾਏ। ਬੜਾ ਕੁਝ ਲਿਆਇਆ। ਬਸ ਦਸਵੇਂ ਦਿਨ ਫਗਵਾੜੇ ਲਾਗੇ ਪਿੰਡ ਮੌਲੀ ਕਿਸੇ ਦੇ ਕਪੜੇ ਤੇ ਟੇਪ ਦੇਣ ਗਿਆ ਬੱਸ ਦੀ ਲਪੇਟ 'ਚ ਆ ਗਿਆ। ਸਕੂਟਰ ਦਾ ਕੱਖ ਨਹੀਂ ਰਿਹਾ ਤੇ ਆਪ ਉਹ ਥਾਏਂ ਮਾਰਿਆ ਗਿਆ। ਚਾਚੀ ਮੇਰੀ ਪਾਗਲਾਂ ਵਰਗੀ ਹੋ ਗਈ। ਉਹਨੂੰ ਤਾਂ ਕੁਝ ਨਹੀਂ ਸੀ ਸੁਝ ਰਿਹਾ। ਅੱਜ ਪੂਰੇ ਚਾਰ ਸਾਲ ਹੋ ਗਏ ਹਨ ਚਾਚੇ ਨੂੰ ਮਰਿਆਂ। ਚਾਚੀ ਦੇ ਪੇਕਿਆਂ ਨੇ ਮਨਾ ਕੇ ਲਾਲਪੁਰ ਬਿਜਲੀ ਬੋਰਡ 'ਚ ਮੀਟਰ ਰੀਡਰ ਲੱਗੇ ਕਰਮਚਾਰੀ ਨਾਲ ਚਾਚੀ ਦਾ ਵਿਆਹ ਕਰ ਦਿੱਤਾ ਹੈ। ਭਾਵੇਂ ਉਹ ਮੀਟਰ ਰੀਡਰ ਚਾਚੀ ਤੋਂ ਦੁਗਣੀ ਉਮਰ ਦਾ ਹੈ ਪਰ ਚਾਚੀ ਨੇ ਜਿਵੇਂ ਉਸਨੂੰ ਕਬੂਲ ਕਰ ਲਿਆ ਹੋਵੇ। ਅਜੇ ਛੇ ਕੁ ਮਹੀਨੇ ਹੀ ਹੋਏ ਹਨ ਚਾਚੀ ਦੇ ਇਸ ਵਿਆਹ ਨੂੰ ; ਪਰ ਚਾਚਾ ਰੌਣਕੀ ਖ਼ਬਰੇ ਛੇ ਸੌ ਵਾਰ ਕਹਿ ਚੁੱਕਾ ਪਈ ਪੇਟੀ ਖੋਹਲ ਲਓ, ਸਾਮਾਨ ਦਾ ਵੰਡ-ਵੰਡਾਈਆਂ ਕਰ ਲਓ. ਬਸ ਇਕ ਮੈਂ ਹੀ ਡਟਿਆ ਪਿਐਂ ਕਿਉਂਕਿ ਚਾਚੀ ਦੀ ਅਮਾਨਤ ਦੇ ਰਾਖੇ ਅਸੀਂ ਹੀ ਹਾਂ। ਮੈਂ ਨਹੀਂ ਚਾਹੁੰਦਾ ਕਿ ਚਾਚੀ ਬਾਅਦ 'ਚ ਸਾਨੂੰ ਉਲ੍ਹਾਂਭਾ ਦੇਵੇ। ਇਕ ਦਿਨ ਬੈਠਿਆਂ ਗੱਲ ਵੀ ਹੋਈ ਸੀ। ਚਾਚਾ ਰੌਣਕੀ ਕਹਿਣ ਲੱਗਾ, ਚਲੋ ਬੁੜੀ ਮਾਂ ਜੋ ਕਹੂ ਉਹ ਸਾਰੇ ਮੰਜ਼ੂਰ ਕਰ ਲਓ।" "ਮੈਂ ਫਿਰ ਅੜਿਆ ਰਿਹਾ, ਭਲਾ ਬੁੜੀ ਨੂੰ ਕੀ ਪਤੈ ਬਚਾਰੀ ਦੀ ਤਾਂ ਆਪਣੀ ਮੱਤ ਮਾਰੀ ਪਈ ਆ'। ਮੈਂ ਜਦੋਂ ਇਹ ਕਿਹਾ ਤਾਂ ਚਾਚਾ ਕਹਿਣ ਲੱਗਾ," ਮੁੰਡਿਆ ਬੁੜ੍ਹੇ ਨੀ ਵਸੀਤਾਂ ਲਿਖਦੇ, ਜੈਦਾਦਾਂ ਦੇ ਕਾਗਜਾਂ ਤੇ ਸੈਨ ਨਹੀਂ ਕਰਦੇ, ਗੂਠੇ ਨੀ ਲਾਉਂਦੇ......ਜੇ ਬਾਹਲੀ ਗੱਲ ਏ ਅਸ਼ਟਾਮ ਤੇ ਬੁੜੀ ਤੋਂ ਗੂਠਾ ਲੁਆ ਲਓ......।" ਮੈਨੂੰ ਆਪਣੇ ਫੈਸਲੇ ਨਾਲ ਜੁੜਿਆ ਰਹਿਣਾ ਹੀ ਬਿਹਤਰ ਲੱਗਾ।

"ਭਲਾ ਅਇਥੇ ਜਮੀਨ-ਜੈਦਾਦ ਵੰਡਣੀ ਏ ਜਿਹੜੀ ਤੁਸੀਂ ਬੁੜ੍ਹੀ ਵਿੱਚ ਘੜੀਸੀ ਫਿਰਦੇ ਹੋ....ਇਕ ਪੇਟੀ ਖੋਹਲਣ ਦੀ ਗੱਲ ਆ......ਨਾਲੇ ਸਬਰ ਕਰੋ.......'ਕੱਠੇ ਹੋ ਆਪਾਂ ਚਾਚੀ ਕੋਲੇ ਚਲੇ ਚਲਾਂਗੇ 'ਲਾਲਪੁਰ ਸਲਾਹ ਕਰ ਲਾਂਗੇ ਕਿੱਦਾਂ ਕਰਨੀ ਆ......।" ਮੈਂ ਸਥੇਰਾ ਕਿਹਾ ਪਰ ਚਾਚਾ ਕਹਿਣ ਲੱਗਾ, "ਉਹ ਮੀਟਰ ਰੀਡਰ ਦੇਣ ਲੱਗਾ ਆਪਾਂ ਨੂੰ ਕੁਸ਼, ਨਾਲੇ ਬਿਜਲੀ ਦਾ ਆ ਮੁਲਾਜਮ, ਚਾਹ ਦੇ ਕੱਪ 'ਤੇ ਤਾਂ ਮਰ ਜਾਂਦਾ ਇਹ ਮਹਿਕਮਾ।"

"ਚਾਚਾ ਛੱਡ ਪਰ੍ਹਾਂ ਐਮੇਂ ਨਾ ਕਿਸੇ ਮਹਿਕਮੇ ਨੂੰ ਬਦਨਾਮ ਕਰ, ਤੁਹਾਡਾ ਆ ਨਾ ਦੁੱਧ ਧੋਤਾ ਮਹਿਕਮਾ ਐਫ. ਸੀ. ਆਈ....

"ਲੈਅ ਦੱਸ ਭਲਾ ਅਇਥੇ ਮੇਰੇ ਮਹਿਕਮੇ ਦੀ ਕੀ ਗੱਲ ਆ ਗਈ" ਚਾਚੇ ਨੂੰ ਮੇਰੀ ਗੱਲ ਦਾ ਗੁੱਸਾ ਲੱਗਾ ਸੀ ਤੇ ਉਹ ਗੱਲ ਬਦਲਦਾ ਬੋਲਿਆ ਨਹੀਂ ......ਆਹ ਹੀ ਗੱਲ ਠੀਕ ਆ.....ਬੁੜ੍ਹੀ ਦੀ ਰਜ਼ਾਮੰਦੀ ਪੁੱਛ ਲਓ.......।"

ਮੈਂ ਕਈ ਕੁਝ ਸੋਚਦਾ ਡਾਕਟਰ ਤੋਂ ਦਵਾਈ ਲੈ ਵਾਪਸ ਘਰ ਮੁੜ ਆਇਆ ਸਾਂ। ਚਾਚਾ ਅਜੇ ਘਰ ਨਹੀਂ ਸੀ ਪਹੁੰਚਿਆ। ਮੈਂ ਚਮਚੇ 'ਚ ਦਵਾਈ ਪਾਈ ਤੇ ਵਿਹੜੇ 'ਚ ਟੁੱਟੀ ਮੰਜੀ 'ਤੇ ਲੰਮੀ ਪਈ ਦਾਦੀ ਵੱਲ ਹੋਇਆ, "ਲੈ ਮਾਂ ਦੁਆਈ ਪੀ ਲੈ" ਮੈਂ ਜਦੋਂ ਇਹ ਕਿਹਾ ਤਾਂ ਦਾਦੀ ਨੇ ਲਟਕਦੇ ਮਾਸ ਵਾਲੇ ਹੱਥ ਨਾਲ 'ਨਾਂਹ' ਦਾ ਇਸ਼ਾਰਾ ਕਰ ਦਿੱਤਾ।

"ਦੱਸ ਤਾਂ ਮਾਂ ਠੀਕ ਹੋਜੂ" ਮੈਂ ਉਹਦੇ ਨੇੜੇ ਮੰਜੀ 'ਤੇ ਬਹਿ ਗਿਆ ਤੇ ਠੀਕ ਸ਼ਬਦ ਤੇ ਜ਼ੋਰ ਦਿੱਤਾ।

"ਨਾ......ਪੁੱਤ......।" ਮਾਂ ਨੇ ਫਿਰ 'ਨਾਂਹ' 'ਚ ਇਸ਼ਾਰਾ ਕਰ ਦਿੱਤਾ।

"ਕੀ ਗੱਲ ਮਾਂ.....ਆਂਡਾ ਲਿਆ ਕੇ ਦੇਮਾਂ ਉਬਲਿਆ" ਮੈਂ ਜਦੋਂ ਇਹ ਕਿਹਾ ਤਾਂ ਮਾਂ ਨੇ ਮੇਰੇ ਵੱਲ ਧਿਆਨ ਨਾਲ ਦੇਖਿਆ ਤੇ ਫਿਰ ਸੱਜੇ ਹੱਥ ਦਾ ਅੰਗੂਠਾ ਖੜ੍ਹਾ ਕਰ ਪਤਾ ਨਹੀਂ ਕੀ ਬੋਲ ਪਈ। ਸੱਚਮੁੱਚ ਜੋ ਮੇਰੀ ਘਰਵਾਲੀ ਨੇ ਗੱਲ ਦੱਸੀ ਸੀ ਉਹੀ ਹੋਈ ਸੀ ਮਾਂ ਦੇ ਅੰਗੂਠੇ 'ਤੇ ਸਿਆਹੀ ਲੱਗੀ ਹੋਈ ਸੀ।



"ਮਾਂ ਆਹ ਗੂਠਾ ਕਿਥੇ ਲਾ ਤਾ।" ਮੈਨੂੰ ਉਂਝ ਪਤਾ ਤਾਂ ਲੱਗ ਗਿਆ ਸੀ ਪਰ ਮੈਂ ਫਿਰ ਪੁੱਛਣਾ ਚਾਹੁੰਦਾ ਸਾਂ। ਦਾਦੀ ਮਾਂ ਬਿਲਕੁਲ ਚੁਪ ਸੀ।

"ਮਾਂ ਸਾਨੂੰ ਬੇਘਰੇ ਕਰਨਾ" ਜਦੋਂ ਮੈਂ ਇਹ ਕਿਹਾ ਤਾਂ ਮਾ ਤ੍ਰਭਕ ਕੇ ਬੋਲੀ, "ਨਾ......ਨਾ......ਪੁੱਤ....ਤੂੰ ਮੇਰੀ ਥੋੜ੍ਹੀ ਸੇਵਾ ਕੀਤੀ..... ਬਸ ਤੇਰਾ ਚਾਚਾ........।" ਮਾਂ ਦੇ ਫਿਰ ਸਿਰ ਘੁਮਾ ਲਿਆ।

"ਕੀ ਹੋਇਆ ਚਾਚੇ ਨੂੰ, ਡਰਾਵੇ ਦਿੰਦਾ ਤੈਨੂੰ, ਦੱਸ ਤਾਂ ਮੈਨੂੰ......।" ਮਾਂ ਮੂੰਹ ਬੋਲੀ ਨਾ, ਬਸ ਅੱਖਾ ਪੂੰਝਣ ਲੱਗ ਪਈ।

"ਪੁੱਤ ਤੇਰਾ ਛੋਟਾ ਚਾਚਾ ਯਾਦ ਆਉਂਦੇ ਮੇਰਾ ਪੁੱਤ ਪੈਹਲਵਾਨ ਉਹਦੀ ਖੱਟੀ ਕਮਾਈ.....ਤੇਰਾ ਆਹ ਚਾਚਾ ਰੌਣਕੀ......ਆਂਹਦਾ......ਦੱਸੀ ਨਾ......." ਮਾਂ ਨੇ ਫਿਰ ਗੱਲ ਬੰਦ ਕਰ ਦਿੱਤੀ।

ਮੈਂ ਭਾਵੁਕ ਹੋਈ ਮਾਂ ਨੂੰ ਬਹੁਤਾ ਬੁਲਾਉਣਾ ਚੰਗਾ ਨਾ ਸਮਝਿਆ। ਮੈਂ ਮਾਂ ਲਈ ਉਬਲੇ ਆਂਡੇ ਲਿਆਉਣ ਲਈ ਘਰੋਂ ਬਾਹਰ ਹੋ ਗਿਆ। ਮੈਨੂੰ ਅੰਦਰੋ-ਅੰਦਰੀ ਚਾਚੇ 'ਤੇ ਫਿਰ ਗੁੱਸਾ ਆਇਆ।

"ਚਾਚੇ ਨੇ ਜੇ ਗੂਠਾ ਲੁਆਉਣਾ ਸੀ, ਸਾਰਿਆਂ ਦੇ ਸਾਹਮਣੇ ਲੁਆ ਲੈਂਦਾ, ਕੀ ਲੋੜ ਸੀ ਅੰਦਰ ਵੜ ਚੋਰੀ ਆਹ ਕੰਮ ਕਰਨ ਦੀ.....ਜੇ ਘਰਆਲੀ ਚੋਰੀ ਝੀਥਾਂ ਵਿੱਚ ਦੀ ਨਾ ਦੇਖਦੀ ਮੈਨੂੰ ਕਿਥੇ ਪਤਾ ਲੱਗਣਾ ਸੀ।" ਮੈਂ ਇਹੀ ਸੋਚੀ ਜਾ ਰਿਹਾ ਸਾਂ।

ਕਾਲੂ ਹਲਵਾਈ ਨੇ ਅੰਡੇ ਉਬਾਲਦਿਆਂ ਕਾਫ਼ੀ ਦੇਰ ਲਾ ਦਿੱਤੀ। ਉਦਾਂ ਵੀ ਮੈਨੂੰ ਭਾਨਾ ਚੌਕੀਦਾਰ ਮਿਲ ਪਿਆ। ਉਹ ਮੈਨੂੰ ਅੱਜ ਪਹਿਰਾ ਲਾਉਣ ਦੀ ਵਾਰੀ ਦਾ ਕਹਿ ਗਿਆ ਸੀ।

"ਤਾਇਆ ਆਹ ਹੁਣ ਪਿਛੇ ਜਿਹੇ ਤਾਂ ਮੈਂ ਵਾਰੀ ਲਾ ਆਇਆ ਸਾਂ।"

"ਨਹੀ-ਨਹੀ ਓਹ ਤਾ ਵਾਹਵਾ ਡੇਰ ਹੋ ਗਈ ਅੱਜ ਵੀ ਤੇਰੀ ਵਾਰੀ ਆ.....ਬੋਹੜ ਥੱਲੇ ਆਜੀਂ ਦਸ ਕੁ ਵਜੇ।" ਭਾਨਾ ਚੌਕੀਦਾਰ ਇਹ ਕਹਿ ਅੱਗੇ ਚਲਾ ਗਿਆ। ਉਂਝ ਵੀ ਇਹਨੀ ਦਿਨੀਂ ਪਿੰਡਾਂ 'ਚ ਕਾਫ਼ੀ ਵਾਰਦਾਤਾਂ ਹਣ ਲੱਗ ਪਈਆਂ ਸਨ। ਮੈਨੂੰ ਆਪਣਾ ਰੌਣਕੀ ਚਾਚਾ ਵਾਰਦਾਤੀ ਬੰਦਾ ਮਹਿਸੂਸ ਹੋ ਰਿਹਾ ਸੀ ਤੇ ਮੈਂ ਦਾਦੀ ਮਾਂ ਦਾ ਪਹਿਰੇਦਾਰ......ਕੁਸ਼ ਨਹੀਂ ਸੀ ਕਰ ਸਕਿਆ। 'ਚਾਚਾ ਕੌਣ ਹੁੰਦੈ'.......ਮੈਂ ਗੁੱਸੇ ਨੂੰ ਅੰਦਰੇ ਹੀ ਪੀ ਗਿਆ।

"ਕੀ ਗੁੱਸਿ! ਚਾਚਾ ਆ ਗਿਐ?"

"ਆਹੋ, ਵਾਹਵਾ ਡੇਰ ਹੋ ਗਈ ਆਏ ਨੂੰ-ਤੁਸੀਂ ਕਿਥੇ ਚਲੇ ਗਏ ਸੀ?"

"ਬਸ ਉਂਈਂ ਅੰਡੇ ਲੈਣ 'ਚ ਦੇਰ ਹੋ ਗਈ. ਹੁਣ ਕਿਥੇ ਆ ਚਾਚਾ ?"

"ਮਾਂ ਕੋਲ ਅੰਦਰ ਮੰਜੇ ਤੇ ਬੈਠਾ"

"ਮਾਂ ਨੂੰ ਅੰਦਰ ਕੌਣ ਲੈ ਗਿਆ ?" ਮੈਂ ਹੈਰਾਨੀ ਨਾਲ ਪੁੱਛਿਆ।

"ਚਾਚੇ ਨੇ ਪਾਇਆ ਅੰਦਰ ?" ਘਰਵਾਲੀ ਨੇ ਇਹ ਕਹਿ ਮੇਰੇ ਨਾਲ ਹੀ ਅੰਦਰਲੇ ਦਰਵਾਜ਼ੇ ਵੱਲ ਨੂੰ ਕਦਮ ਵਧਾ ਲਏ। ਮੈਂ ਪੈਰਾਂ ਦਾ ਖੜਾਕ ਵੀ ਨਹੀਂ ਸੀ ਕਰਨਾ ਚਾਹੁੰਦਾ ਕਿਉਂਕਿ ਮੈਨੂੰ ਚਾਚੇ ਤੋਂ ਇਤਬਾਰ ਉੱਡ ਗਿਆ ਸੀ। ਮਾਂ ਦੇ ਕਮਰੇ ਵਾਲਾ ਦਰਵਾਜ਼ਾ ਭਿੜਿਆ ਹੋਇਆ ਸੀ।

'ਸਾਹ ਲਓ ਜਰਾ' ਮੇਰੀ ਪਤਨੀ ਨੇ ਜਦੋਂ ਇਹ ਕਿਹਾ ਤਾਂ ਮੈਂ ਮਲਕੜੇ ਜਿਹੇ ਦਰਵਾਜ਼ੇ ਦੀਆਂ ਝੀਥਾ ਨੂੰ ਚੁਬੜ ਗਿਆ। ਇਹ ਕੀ! ਮਾਂ ਤਾਂ ਅਹਿਲ ਸੀ, ਉਹਦਾ ਖੱਬਾ ਹੱਥ ਮੰਜੀ ਦੇ ਦੂਜੇ ਪਾਸੇ ਨੂੰ ਲਟਕ ਰਿਹਾ ਸੀ। ਚਾਚਾ ਮੰਜੀ ਦੀ ਬਾਹੀ 'ਤੇ ਬੈਠਾ ਸੀ। ਉਹਦੇ ਸੱਜੇ ਹੱਥ 'ਚ ਮਾਂ ਦਾ ਅੰਗੂਠਾ ਫੜਿਆ ਹੋਇਆ ਹੈ ਤੇ ਪਾਣੀ ਦੇ ਗਿਲਾਸ ਚੋਂ ਉਹ ਪਾਣੀ ਲੈ ਮਾਂ ਦਾ ਅੰਗੂਠਾ ਹੇਠਾਂ ਧਰਤੀ 'ਤੇ ਰਗੜ ਰਿਹਾ ਹੈ।

"ਚਾਚਾ!" ਮੈਂ ਦਰਵਾਜ਼ੇ ਤੋਂ ਦੂਰ ਹੋ, ਜਾਣ-ਬੁਝ ਕੇ ਆਵਾਜ਼ ਮਾਰੀ। ਫਿਰ ਮੈਂ ਦਰਵਾਜ਼ਾ ਖੋਹਲ ਦਿੱਤਾ। ਕਮਰੇ ਚੋਂ ਸ਼ਰਾਬ ਦੀ ਹਵਾੜ੍ਹ ਆਈ ਤੇ ਚਾਚਾ ਉੱਚੀ ਦੇਣੀ ਧਾਹ ਮਾਰਦਾ ਬੋਲਿਆ," ਲੋਕੋ....ਮੇਰੀ....ਮਾਂ....ਵੀ....ਮੇਰੇ ਪਹਿਲਵਾਨ....ਭਰਾ....ਕੋਲ....ਚਲੀ....ਗਈ.......ਹਾਏ ਓਏ........ਤੇ ਉਹ ਫੁਟ-ਫੁਟ ਰੋਣ ਲੱਗਾ।

*ਪਿੰਡ ਤੇ ਡਾ. ਮੰਡ ਕਪੂਰਥਲਾ ਰੋਡ (ਜਲੰਧਰ)*

## ਦੋ-ਧਾਰੀ ਸੰਵਾਦ : ਰਜਨੀਸ਼ ਬੇਨਕਾਬ

ਡਾ. ਕਰਮਜੀਤ ਸਿੰਘ ਮਾਰਕਸਵਾਦੀ ਦਰਸ਼ਨ ਨਾਲ ਡੂੰਘੀ ਤੱਕ ਜੁੜਿਆ ਚਿੰਤਕ ਹੈ। ਉਸ ਕੋਲ ਹਰ ਵਸਤ-ਵਰਤਾਰੇ ਨੂੰ ਇਸ ਜੀਵਨ ਦ੍ਰਿਸ਼ਟੀ ਰਾਹੀਂ ਦੇਖਣ ਦੀ ਸੂਝ ਅਤੇ ਪ੍ਰਤਿਬੱਧਤਾ ਹੈ। ਦੂਜੇ ਪਾਸੇ ਰਜਨੀਸ਼ ਨੂੰ ਰਜਨੀਸ਼ਵਾਦੀਆਂ ਦੁਆਰਾ ਵੀਹਵੀਂ ਸਦੀ ਦੇ ਸਭ ਤੋਂ ਮਹਾਨ ਚਿੰਤਕ ਦੀ ਉਪਾਧੀ ਦਿੱਤੀ ਜਾਂਦੀ ਹੈ। ਇਹ ਉਪਾਧੀ ਚਿੰਤਕ ਤੋਂ ਅਗੇਰੇ ਤੁਰਦੀ-ਤੁਰਦੀ ਰਜਨੀਸ਼ ਨੂੰ ਅਖੀਰ ਗੁਰੂ ਓਸ਼ੋ ਵਜੋਂ ਸਥਾਪਤ ਕਰਦੀ ਹੈ। ਰਜਨੀਸ਼ ਇੱਕ ਪੂਰੇ-ਪੂਰੇ ਗੁਰੂਡਮ ਦੇ ਸੰਸਥਾਪਕ ਅਤੇ ਸੰਚਾਲਕ ਵਜੋਂ ਸਾਹਮਣੇ ਆਉਂਦਾ ਹੈ। ਉਸਦਾ ਚਿੰਤਨ ਉੱਚ ਵਰਗ ਅਤੇ ਉੱਚ ਮੱਧ ਵਰਗ ਦੇ ਇੱਕ ਹਿੱਸੇ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ। ਮਾਰਕਸਵਾਦੀਆਂ ਦੇ ਤੱਤੇ ਵਰਗ ਦੇ ਕੁਝ ਹਿੱਸੇ ਵਿਚ ਰਜਨੀਸ਼ ਵੱਲ ਖਿੱਚੇ ਜਾਣ ਦੇ ਮੌਕੇ ਬਣਦੇ ਹਨ। ਅਜਿਹੀ ਚਿੰਤਨ ਪ੍ਰਕਿਰਿਆ ਦੇ ਚੱਲਦਿਆਂ ਪੰਜਾਬੀ ਵਿਚ 'ਹਰਕਾਰਾ' ਵਰਗਾ ਮੈਗਜ਼ੀਨ ਪੂਰੀ ਤਰ੍ਹਾਂ ਰਜਨੀਸ਼ ਦੀ ਵਿਚਾਰਧਾਰਾ ਨੂੰ ਸਮਰਪਿਤ ਹੋ ਕੇ ਆਪਣੇ ਅੰਕ ਕੱਢਣੇ ਸ਼ੁਰੂ ਕਰਦਾ ਹੈ। ਅਜਿਹੇ ਦ੍ਰਿਸ਼ ਵਿਚ ਮਾਰਕਸਵਾਦੀ ਦਰਸ਼ਨ ਨਾਲ ਜੁੜੇ ਚਿੰਤਕਾਂ ਦਾ ਇਸ ਗੱਲ ਲਈ ਸੋਚਣਾ ਜ਼ਰੂਰੀ ਹੋ ਜਾਂਦਾ ਹੈ ਕਿ ਰਜਨੀਸ਼ ਆਪਣੇ ਦਰਸ਼ਨ ਵਿਚ ਕਿਹੜੀਆਂ ਕ੍ਰਾਂਤੀਕਾਰੀ ਨਵੀਆਂ ਗੱਲਾਂ ਕਰ ਰਿਹਾ ਹੈ? ਉਸ ਨੇ ਮਾਰਕਸਵਾਦੀ ਦਰਸ਼ਨ ਦੇ ਮੁਕਾਬਲੇ ਕੀ ਅਜਿਹਾ ਵਿਸ਼ੇਸ਼ ਦੇ ਦਿੱਤਾ ਹੈ ਕਿ ਉਸ ਨੂੰ ਭਵਿੱਖ ਦੇ ਚਿੰਤਕ ਵਜੋਂ ਨਿਰਧਾਰਤ ਕੀਤੇ ਜਾਣ ਦੇ ਯਤਨ ਹੋ ਰਹੇ ਹਨ? ਇਹ ਗੱਲ ਹੀ ਡਾ. ਕਰਮਜੀਤ ਸਿੰਘ ਵਰਗੇ ਮਾਰਕਸਵਾਦੀ ਨੂੰ ਉਤਸ਼ਾਹਿਤ ਅਤੇ ਪ੍ਰੇਰਿਤ ਕਰਦੀ ਹੈ ਕਿ ਰਜਨੀਸ਼ ਦੀ ਫਿਲਾਸਫੀ ਨਾਲ ਸੰਵਾਦ ਛੇੜਿਆ ਜਾਵੇ। ਇਸ ਸੰਵਾਦ ਚਰਚਾ ਵਿਚੋਂ ਜੋ ਉਭਰ ਕੇ ਸਾਹਮਣੇ ਆਉਂਦਾ ਹੈ, ਉਸ ਨਾਲ ਰਜਨੀਸ਼ ਦੀ ਫਿਲਾਸਫੀ ਵਿਅਕਤੀਵਾਦ ਦੀਆਂ ਤੰਗ ਵਲਗਣਾ ਵਿਚ ਘਿਰੀ ਅੰਤਿਮ ਤੌਰ ਤੇ ਅਮਾਨਵੀ ਅਤੇ ਅਰਾਜਕਤਾਵਾਦੀ ਹੋ ਨਿੱਬੜਦੀ ਹੈ। ਇਸ ਕੇਂਦਰੀ ਤਰਕ ਕਾਰਨ ਹੀ ਇਸ ਤਰਕ ਨੂੰ ਉਭਾਰਨ ਵਾਲੀ ਪੁਸਤਕ ਦਾ ਨਾਮ ਰੱਖਿਆ ਜਾਂਦਾ 'ਰਜਨੀਸ਼ ਬੇਨਕਾਬ।'

ਰਜਨੀਸ਼ ਨੂੰ ਬੇਨਕਾਬ ਕਰਨ ਲਈ ਡਾ. ਕਰਮਜੀਤ ਸਿੰਘ ਭਾਵੇਂ ਰਜਨੀਸ਼ ਦੀਆਂ 200 ਤੋਂ ਉੱਪਰ ਉਪਲਬਧ ਪੁਸਤਕਾਂ ਵਿਚੋਂ ਤਿੰਨ-ਚਾਰ ਨੂੰ ਹੀ ਅਧਾਰ ਬਣਾਉਂਦੇ ਹਨ ਪਰੰਤੂ ਉਹ ਇਨ੍ਹਾਂ ਦੇ ਅਧਾਰ ਉੱਪਰ ਹੀ ਰਜਨੀਸ਼ ਦਰਸ਼ਨ ਦੀਆਂ ਜੜ੍ਹਾਂ ਤੱਕ ਪਹੁੰਚ ਜਾਂਦੇ ਹਨ। ਉਹ ਰਜਨੀਸ਼ ਬਾਈਬਲ ਦੀਆਂ ਚਾਰ ਜਿਲਦਾਂ ਦੇ ਵੱਖ-ਵੱਖ ਹਿੱਸਿਆਂ ਨਾਲ ਸੰਵਾਦ ਰਚਾਉਂਦੇ ਹਨ। ਇਹ ਚਾਰ ਜਿਲਦਾਂ ਅਸਲ ਵਿਚ ਰਜਨੀਸ਼ ਦੇ ਵਿਚਾਰਾਂ ਦਾ ਨਿਚੋੜ ਹਨ। ਇਸ ਦੇ ਨਾਲ ਹੀ ਜਪੁਜੀ ਵਿਆਖਿਆ ਨਾਲ ਸੰਬੰਧਤ ਪੁਸਤਕ 'ੴ ਸਤਿਨਾਮ' ਦੇ ਵਿਚਾਰ ਦਰਸ਼ਨ ਨਾਲ ਵੀ ਗਹਿਰਾ ਸੰਵਾਦ ਪੈਦਾ ਕਰਦੇ ਹਨ। ਇਨ੍ਹਾਂ ਪੁਸਤਕਾਂ ਵਿਚ ਆਏ ਵਿਚਾਰਾਂ ਦੀ ਰੋਸ਼ਨੀ ਵਿਚ ਡਾ. ਕਰਮਜੀਤ ਬਹੁਤ ਹੀ ਤਰਕ ਨਾਲ ਇਹ ਗੱਲ ਸਥਾਪਤ ਕਰਦੇ ਹਨ ਕਿ ਰਜਨੀਸ਼ 'ਕਿਸੇ ਸਮਾਜਕ ਸੰਸਥਾ, ਰਾਜਨੀਤੀ, ਅਤੇ ਸਰਕਾਰ ਵਿਚ ਵਿਸ਼ਵਾਸ ਨਹੀਂ ਰੱਖਦਾ। ਉਹ ਕੇਵਲ ਵਿਅਕਤੀ ਵਿਚ ਵਿਸ਼ਵਾਸ ਰੱਖਦਾ ਹੈ। ਇਹੀ ਗੱਲ ਰਜਨੀਸ਼ ਨੂੰ ਸਰਮਾਏਦਾਰੀ ਦੇ ਹੱਕ ਅਤੇ ਮਾਰਕਸਵਾਦ ਦੇ ਖ਼ਿਲਾਫ਼ ਭੁਗਤਾਉਂਦੀ ਹੈ। ਉਹ ਇਨਕਲਾਬ ਨੂੰ ਰੱਦ ਕਰਦਾ ਹੈ ਅਤੇ ਧਿਆਨ ਨੂੰ ਅੰਤਿਮ ਮੰਜ਼ਿਲ ਮਿਥਦਾ ਹੈ। ਸਭ ਧਰਮਾਂ ਦੇ ਵਿਰੋਧ ਵਿੱਚ ਖੜ੍ਹਣ ਕਾਰਣ ਉਹ ਪਦਾਰਥਵਾਦੀਆਂ ਦੇ ਇੱਕ ਹਿੱਸੇ ਨੂੰ ਪ੍ਰਭਾਵਿਤ ਕਰਦਾ ਹੈ ਪਰੰਤੂ ਡਾ. ਕਰਮਜੀਤ ਇਸ ਪਿੱਛੇ ਰਜਨੀਸ਼ ਦੀ ਅਸਲੀ ਮਣਸ਼ਾ ਨੂੰ ਉਘਾੜ ਦਿੰਦਾ ਹੈ। ਅਜਿਹਾ ਕਰਕੇ ਰਜਨੀਸ਼ ਇੱਕ ਪਾਸੇ ਤਾਂ ਪਦਾਰਥਵਾਦੀਆਂ ਨੂੰ ਖੁਸ਼ ਕਰਨ ਦਾ ਯਤਨ ਕਰਦਾ ਹੈ ਅਤੇ ਦੂਜੇ ਪਾਸੇ ਆਪਣਾ ਧਰਮ ਉਸਾਰਨ ਲਈ ਰਾਹ ਪੱਧਰਾ ਕਰ ਲੈਂਦਾ ਹੈ। ਰਜਨੀਸ਼ ਦੀ ਤਿਕੜਮਬਾਜ਼ੀ ਦੀ ਸਿਖ਼ਰ ਇਸ ਗੱਲ ਵਿਚ ਹੈ ਕਿ ਉਹ ਇਕ ਪਾਸੇ ਤਾਂ ਪਦਾਰਥਵਾਦੀਆਂ ਦੇ ਸਾਹਮਣੇ ਸਭ ਧਰਮਾਂ ਨੂੰ ਨਿੰਦਦਾ ਹੈ ਪਰੰਤੂ ਜਦ ਉਸ ਦੇ



ਸ੍ਰੋਤੇ ਬਦਲਦੇ ਹਨ ਤਾਂ ਉਹ ਉਨ੍ਹਾਂ ਦੇ ਧਾਰਮਿਕ ਮੁਹਾਵਰੇ ਵਿਚ ਆਪਣੀ ਗੱਲ ਨੂੰ ਬਹੁਤ ਹੀ ਚੁਸਤੀ ਨਾਲ ਕਹਿ ਜਾਂਦਾ ਹੈ। ਰਜਨੀਸ਼ ਦੀ ਇਸ ਚੁਸਤੀ ਨੂੰ ਡਾ. ਕਰਮਜੀਤ ਰਜਨੀਸ਼ ਦੇ ਆਪਣੇ ਕਹੇ ਸ਼ਬਦਾਂ ਰਾਹੀਂ ਹੀ ਬੇਨਕਾਬ ਕਰਦੇ ਹਨ-

"ਮੈਂ ਹਿੰਦੂਆਂ ਈਸਾਈਆਂ, ਯਹੂਦੀਆਂ, ਮੁਸਲਮਾਨਾਂ, ਜੈਨੀਆਂ, ਬੋਧੀਆਂ ਤੇ ਸਿੱਖਾਂ ਸਾਹਮਣੇ ਬੋਲਦਾ ਰਿਹਾ ਹਾਂ। ਇਹ ਸਾਰੇ ਤਥਾਕਥਿਤ ਧਰਮਾਂ ਨਾਲ ਸੰਬੰਧ ਰੱਖਦੇ ਹਨ...... ਹਿੰਦੂਆਂ ਨਾਲ ਗੱਲ ਕਰਨ ਸਮੇਂ ਮੈਨੂੰ ਕ੍ਰਿਸ਼ਨ ਰਾਹੀਂ ਗੱਲ ਕਰਨੀ ਪੈਂਦੀ ਸੀ ਜਿਸਤੋਂ ਮੈਨੂੰ ਸੰਤੁਸ਼ਟੀ ਨਹੀਂ ਸੀ। ਕੋਈ ਹੋਰ ਰਾਹ ਵੀ ਤਾਂ ਨਹੀਂ ਸੀ... ਜਿਨ੍ਹਾਂ ਗੱਲਾਂ ਉੱਪਰ ਮੇਰੀ ਸਹਿਮਤੀ ਵੀ ਸੀ ਉਸ ਬਾਰੇ ਵੀ ਮੈਨੂੰ ਕੁਝ ਹੋਰ ਕਰਨਾ ਪੈਂਦਾ। ਮੈਨੂੰ ਉਨ੍ਹਾਂ ਸ਼ਬਦਾਂ ਨੂੰ ਨਵੇਂ ਅਰਥ ਦੇਣੇ ਪੈਂਦੇ। ਉਨ੍ਹਾਂ ਦੇ ਸ਼ਬਦਾ ਨੂੰ ਆਪਣੇ ਅਰਥ। ਕਦੇ-ਕਦੇ ਮੈਂ ਉਨ੍ਹਾਂ ਸ਼ਬਦਾ ਨੂੰ ਅਜਿਹੇ ਅਰਥ ਵੀ ਦਿੱਤੇ ਜੋ ਮੂਲ ਰੂਪ ਵਿੱਚ ਅਸਲੀ ਅਰਥਾਂ ਤੋਂ ਉਲਟ ਸਨ।"

(ਰਜਨੀਸ਼ ਬੇਨਕਾਬ ਪੰਨਾ 45)

ਇਹ ਸਤਰਾ ਹੀ ਰਜਨੀਸ਼ ਦੀ ਸਟ੍ਰੈਟਿਜੀ ਨੂੰ ਸਪੱਸ਼ਟ ਕਰਨ ਲਈ ਕਾਫੀ ਹਨ। ਉਸ ਕੋਲ ਕਿਸੇ ਦੀ ਕਹੀ ਗੱਲ ਨੂੰ ਕਿਸੇ ਹੋਰ ਧਰਮ ਜਾਂ ਧਾਰਮਿਕ ਵਿਅਕਤੀ ਨਾਲ ਜੋੜਨ ਦੀ ਕਲਾ ਹੈ। ਉਹ ਆਪਣੀ ਗੱਲ ਵੀ ਦੂਜੇ ਦੇ ਮੂੰਹ ਵਿੱਚ ਪਾ ਸਕਦਾ ਹੈ। ਇਹ ਸਭ ਹੀ ਉਸਨੇ ਸਿੱਖ ਧਰਮ ਨਾਲ ਸੰਬੰਧਤ ਮਨਘੜਤ ਗੱਲਾਂ ਸੁਣਾਉਂਦੇ ਸਮੇਂ ਕੀਤਾ ਹੈ। ਡਾ. ਕਰਮਜੀਤ ਇਸ ਗੱਲ ਦੀ ਤਹਿ ਵਿਚ ਜਾ ਕੇ ਰਜਨੀਸ਼ ਦਰਸ਼ਨ ਦੇ ਖੋਖਲੇਪਣ ਨੂੰ ਉਜਾਗਰ ਕਰਦੇ ਹਨ। 'ਜਪੁਜੀ ਦੀ ਵਿਆਖਿਆ ਦੇ ਸੰਦਰਭ ਵਿਚ ਰਜਨੀਸ਼ ਦੀ ਅਸਲੀਅਤ' ਪਾਠ ਵਿਚ ਉਹ ਰਜਨੀਸ਼ ਦੀ ਉਸ ਸਟ੍ਰੈਟਿਜੀ ਨੂੰ ਨੰਗਿਆਂ ਕਰਦੇ ਹਨ ਜੋ ਦੂਜੇ ਦੀ ਕਹੀ ਗੱਲ ਨੂੰ ਅੱਧ ਅਧੂਰੇ ਜਾਂ ਕੱਚਘਰੜ ਰੂਪ ਵਿਚ ਲੈ ਕੇ ਰੱਦ ਕਰਨ ਦੀ ਹੈ। ਜਿਵੇਂ ਉਹ 'ਨਾਨਕ ਦੇ ਮਾਰਗ ਨੂੰ ਭੋਗ ਵਿਚ ਭਟਕਿਆ' ਮੰਨਦਾ ਹੈ। ਇਸੇ ਤਰ੍ਹਾਂ ਹੀ ਉਹ ਗੁਰਮਤ ਦੇ ਆਸ਼ੇ ਦੇ ਉਲਟ 'ਗੁਰੂ' ਦੇ ਅਰਥ ਦਿੰਦਾ ਹੈ ਅਤੇ ਇਸਨੂੰ ਟੈਕਨੀਕ ਤੱਕ ਸੀਮਿਤ ਕਰ ਦਿੰਦਾ ਹੈ। ਇਸੇ ਤਰ੍ਹਾਂ ਹੀ ਗਰੀਬ ਜਾਂ ਦਲਿਤ ਅਤੇ ਇਸਤਰੀ ਪ੍ਰਤੀ ਗੁਰਮਤ ਦੇ ਆਸ਼ਿਆਂ ਨੂੰ ਆਪਣੇ ਫਿਲਾਸਫੀ ਵਿਚ ਰੰਗ ਕੇ ਇਨ੍ਹਾਂ ਸਮੂਹਿਕਤਾ ਨਾਲ ਜੁੜੇ ਸੰਕਲਪਾਂ ਨੂੰ ਵਿਅਕਤੀਵਾਦ ਦੀਆਂ ਤੰਗ ਵਲਗਣਾਂ ਵਿੱਚ ਲਿਆ ਖਲਾਰਦਾ ਹੈ। ਉਹ ਧਰਮ ਤੇ ਵਿਗਿਆਨ ਨੂੰ ਇਕ ਦੂਜੇ ਦੇ ਪੂਰਕ ਸਿੱਧ ਕਰਕੇ ਵਿਗਿਆਨ ਦੀ ਵਿਗਿਆਨਕਤਾ ਨੂੰ ਖਤਮ ਕਰਦਾ ਹੈ। ਡਾ. ਕਰਮਜੀਤ ਤਰਕ ਨਾਲ ਧਰਮ ਤੇ ਵਿਗਿਆਨ ਦੇ ਵਿਰੋਧ ਨੂੰ ਸਥਾਪਤ ਕਰਦੇ ਹਨ। ਉਨ੍ਹਾਂ ਦਾ ਮੱਤ ਹੈ ਕਿ ਵਿਗਿਆਨ ਭੌਤਿਕ ਨਿਯਮਾਂ ਰਾਹੀਂ ਰਹੱਸਵਾਦੀ ਹੱਦਾਂ ਦੀ ਵਿਆਖਿਆ ਕਰਦਾ ਹੈ।

'ਰਜਨੀਸ਼ ਦਰਸ਼ਨ' ਦੀ ਪੋਲ ਖੋਲ੍ਹਣ ਲਈ ਪੁਸਤਕ ਦਾ ਅਧਿਆਇ 'ਰਜਨੀਸ਼ ਦੇ ਕੁਝ ਆਧਾਰ ਸਿਧਾਂਤ' ਬਹੁਤ ਮੱਹਤਵਪੂਰਨ ਹੈ। ਇਹ ਪਾਠ 'ਰਜਨੀਸ਼ ਬਾਈਬਲ' ਦੇ ਚਾਰ ਖੰਡਾਂ ਵਿਚ ਪੇਸ਼ ਸਿਧਾਂਤਾ ਨਾਲ ਸੰਵਾਦ ਰਚਾਉਂਦਾ ਹੈ। ਜਿਵੇਂ ਰਜਨੀਸ਼ ਅਨੁਸਾਰ ਹਰ ਚੀਜ਼ ਉੱਪਰ ਸ਼ੱਕ ਹੋ ਸਕਦਾ ਹੈ ਪਰ ਆਪਣੇ ਧਰਮ ਸੰਬੰਧੀ ਉਸ ਦਾ ਮੱਤ ਹੈ ਕਿ ਇਹ ਸ਼ੱਕ ਤੋਂ ਉੱਪਰ ਹੈ ਕਿਉਂਕਿ ਇਸ ਨੇ ਅਜਿਹਾ ਕੁਝ ਦਿਤਾ ਹੀ ਨਹੀਂ ਜਿਸ ਉੱਪਰ ਤਰਕ ਕੀਤਾ ਜਾ ਸਕੇ। ਇਵੇਂ ਹੀ ਉਹ ਕਹਿੰਦਾ ਹੈ ਕਦੇ ਵੀ ਨਕਲ ਨਾ ਕਰੋ। ਪਰ ਕਰਮਜੀਤ ਹੋਰਾ ਦਾ ਮੱਤ ਹੈ ਕਿ ਇਸ ਸੁਝਾਅ ਦੀ ਥਾਂ ਵਿਅਕਤੀ ਵਿਚ ਆਲੋਚਨਾਤਮਕ ਵਿਗਿਆਨਕ ਦ੍ਰਿਸ਼ਟੀ ਪੈਦਾ ਕਰਨ ਦੀ ਗੱਲ ਕੀਤੀ ਜਾਣੀ ਚਾਹੀਦੀ ਹੈ। ਰਜਨੀਸ਼ ਦੇ ਤੀਜੇ ਸੁਝਾਅ 'ਗਿਆਨ ਤੋਂ ਬਚੋ' ਨੂੰ ਰੱਦ ਕਰਕੇ ਹੋਏ ਕਰਮਜੀਤ ਹੋਰੀ ਕਹਿੰਦੇ ਹਨ ਵਿਗਿਆਨਕ ਗਿਆਨ ਤੋਂ ਬਚਣ ਦੀ ਕੋਈ ਜ਼ਰੂਰਤ ਨਹੀਂ ਕਿਉਂਕਿ ਇਸ ਦੀ ਗੈਰ ਮੌਜੂਦਗੀ ਵਿਚ ਪ੍ਰਕਿਰਤੀ ਨਾਲ ਸਾਡਾ ਸਰੋਕਾਰ ਆਦਿ ਮਨੁੱਖ ਵਾਲਾ ਹੋ ਜਾਵੇਗਾ। ਇਸੇ ਤਰ੍ਹਾਂ ਹੀ ਰਜਨੀਸ਼ ਦੇ ਰੱਬ ਤੋਂ ਇਨਕਾਰੀ ਹੋਣ ਅਤੇ ਕੁਦਰਤ ਨਾਲ ਪਿਆਰ ਦੇ ਵਿਚਾਰ ਵਿਚਲੇ ਵਿਅਕਤੀਵਾਦੀ ਅੰਸ਼ਾਂ ਨੂੰ ਕਰਮਜੀਤ ਹੋਰੀ ਸਤਹ ਤੇ ਲਿਆਉਂਦੇ ਹਨ। ਉਸ ਤਰ੍ਹਾਂ ਉਹ ਉਸਦੀ ਥਿਊਰੀ ਤੇ ਪ੍ਰੈਕਟਿਸ ਵਿਚਲੇ ਪਾੜ੍ਹੇ ਨੂੰ ਜੱਗ ਜ਼ਾਹਰ ਕਰਦੇ ਹਨ। ਉਹ ਉਸਦੇ ਫਲਸਫੇ ਵਿਚਲੀ 'ਯਥਾਸਥਿਤੀਵਾਦੀ' ਧੁਨ ਨੂੰ ਪਕੜਦੇ ਹਨ। ਉਹ ਰਜਨੀਸ਼ ਦੇ

ਕਿਸੇ ਵੀ ਨਿਯਮ ਨੂੰ ਨਾ ਮੰਨਣ ਦੀ ਗੱਲ ਨੂੰ ਰੱਦ ਕਰਦੇ ਹੋਏ ਕਹਿੰਦੇ ਹਨ-

"ਉਸਦੇ ਸਾਰੇ ਵਿਚਾਰ/ਲੜੀ ਨਿਯਮ, ਪੂੰਜੀਵਾਦੀ ਅਰਾਜਕਤਾ, ਵਿਅਕਤੀ ਵਾਦ ਦੇ ਅਨੁਕੂਲ ਚੱਲਦੇ ਹਨ।

(ਰਜਨੀਸ਼ ਬੇਨਕਾਬ, ਪੰਨਾ 33)

'ਮਾਰਕਸਵਾਦ ਤੇ ਰਜਨੀਸ਼' ਪਾਠ ਵਿਚ ਇਸ ਗੱਲ ਦੀ ਬੜੀ ਖੁਭ ਕੇ ਚਰਚਾ ਹੋਈ ਹੈ ਕਿ ਰਜਨੀਸ਼ ਕਿਵੇਂ ਸਰਮਾਏਦਾਰੀ ਦੇ ਹੱਕ ਵਿੱਚ ਭੁਗਤਦਾ ਹੈ। ਉਸਦਾ ਮੱਤ ਹੈ ਕਿ ਸਰਮਾਏਦਾਰੀ ਦੁਨੀਆ ਦਾ ਪਹਿਲਾਂ ਸਿਸਟਮ ਹੈ ਜਿਸਨੇ ਦੌਲਤ ਪੈਦਾ ਕੀਤੀ ਅਤੇ ਲੋਕਾਂ ਦਾ ਸੋਸ਼ਣ ਵੀ ਨਹੀਂ ਕੀਤਾ। ਉਸਦਾ ਮੱਤ ਹੈ ਕਿ ਇਹ ਸਿਸਟਮ ਸਾਇੰਸ ਤੇ ਟੈਕਨਾਲੋਜੀ ਨਾਲ ਏਨੀ ਦੌਲਤ ਪੈਦਾ ਕਰ ਸਕਦਾ ਹੈ ਕਿ ਗਰੀਬੀ ਲਈ ਕੋਈ ਥਾਂ ਨਹੀਂ ਬਚੇਗੀ। ਇਸ ਤਰ੍ਹਾਂ ਰਜਨੀਸ਼ ਮਨੁੱਖ ਸਾਹਮਣੇ ਯੂਟੋਪੀਅਨ ਸਥਿਤੀ ਸਿਰਜ ਕੇ ਉਸਦੀ ਸੋਚ ਭੁੱਖ ਅਤੇ ਪਿਆਰ ਤੋਂ ਹਟਾ ਕੇ ਧਿਆਨ ਵਿਚ ਟਿਕਾ ਦਿੰਦਾ ਹੈ। ਇਸ ਗੱਲ ਨਾਲ ਹੀ ਉਹ ਮਾਰਕਸ ਅਤੇ ਉਸਦੇ ਫਲਸਫੇ ਨੂੰ ਨਿੰਦਦਾ ਹੈ ਜਿਸ ਨਾਲ ਪਦਾਰਥਵਾਦੀ ਕਦੇ ਵੀ ਸਹਿਮਤ ਨਹੀਂ ਹੋ ਸਕਦੇ। ਰਜਨੀਸ਼ ਦੀ ਨਸਲਪ੍ਰਸਤੀ ਦੀ ਇਸ ਤੋਂ ਵੱਡੀ ਗੱਲ ਹੋਰ ਕੀ ਹੋ ਸਕਦੀ ਹੈ ਕਿ ਉਹ ਮਾਰਕਸ ਨੂੰ ਇਕ ਯਹੂਦੀ ਵਜੋਂ ਦੇਖਦਾ ਹੈ। ਮਾਰਕਸ, ਏਂਗਲਜ਼ ਤੇ ਲੈਨਿਨ ਦੀ ਤ੍ਰੈਮੂਰਤੀ ਦੇ ਵਿਚਾਰਾਂ ਨੂੰ ਤੋੜ ਮਰੋੜ ਕੇ ਪੇਸ਼ ਕਰਦਾ ਹੈ। ਉਹ ਮਾਰਕਸਵਾਦੀ ਫਲਸਫੇ ਵਿਚਲੇ 'ਦਵੰਦਾਤਮਕਤਾ' ਦੇ ਸਿਧਾਂਤ ਨੂੰ ਨਜ਼ਰ ਅੰਦਾਜ਼ ਕਰਕੇ, ਇਸ ਫਲਸਫੇ ਵਿਚਲੀ ਗਤੀਸ਼ੀਲਤਾ ਤੋਂ ਅੱਖਾਂ ਮੀਟ ਕੇ ਆਪਣੇ ਇੱਕ ਪਾਸੜ ਵਿਚਾਰ ਪ੍ਰਸਤੁਤ ਕਰਦਾ ਹੈ। ਡਾ. ਕਰਮਜੀਤ ਇਹਨਾਂ ਗੱਲਾਂ ਦੀ ਡੂੰਘਾਈ ਵਿਚ ਜਾ ਕੇ ਮਾਰਕਸਵਾਦੀ ਫਲਸਫੇ ਦੀ ਗਤੀਸ਼ੀਲਤਾ ਨੂੰ ਨਿਖਾਰ ਕੇ ਪੇਸ਼ ਕਰਦੇ ਹਨ। ਉਨ੍ਹਾਂ ਦੇ ਤਰਕਾਂ ਸਾਹਮਣੇ ਰਜਨੀਸ਼ 'ਪਦਾਰਥਵਾਦੀ ਦੀ ਬਜਾਇ' ਤਥਾਕਥਿਤ ਰਹੱਸਵਾਦੀ ਹੋ ਨਿੱਬੜਦਾ ਹੈ।

ਰਜਨੀਸ਼ ਦੇ ਫਲਸਫੇ ਵਿਚਲੇ ਖੋਖਲੇਪਣ ਨੂੰ ਉਜਾਗਰ ਕਰਦਿਆਂ ਡਾ. ਕਰਮਜੀਤ ਤਾਂ ਇਸ ਗੱਲ ਤੇ ਵੀ ਪ੍ਰਸ਼ਨ ਚਿੰਨ੍ਹ ਲਾ ਦਿੰਦੇ ਹਨ ਕਿ ਕੀ ਇਹ ਫਲਸਫਾ ਹੈ ਜਾਂ ਗਲਪ ? ਉਹ ਦੋਸਤੋਵਸਕੀ ਦੇ ਨਾਵਲ 'ਅਪਰਾਧ ਤੇ ਦੰਡ (ਕਰਾਈਮ ਐਂਡ ਪੁਨਿਸ਼ਮੈਂਟ) ਨੂੰ ਰਜਨੀਸ਼ ਵੱਲੋਂ **ਮਨਮਰਜੀ** ਦੇ ਢੰਗ ਨਾਲ ਵਿਆਖਿਆ ਦੇਣ ਦੀ ਗੱਲ ਪ੍ਰਮਾਣਾਂ ਸਹਿਤ ਸਿੱਧ ਕਰਦੇ ਹਨ। ਗਲਪ ਰਚਨਾ ਦੀ ਵਿਆਖਿਆ ਤਾਂ ਕਈ ਢੰਗਾਂ ਨਾਲ ਹੋ ਸਕਦੀ ਹੈ ਪਰ ਇਸ ਵਿਚਲੀ ਕਹਾਣੀ ਨੂੰ ਹੀ ਬਦਲ ਦੇਣਾ ਅਤੇ ਘਟਨਾਵਾ ਦੇ ਪ੍ਰਸੰਗਾਂ ਨੂੰ ਮਨਮਰਜ਼ੀ ਅਨੁਸਾਰ ਤੋੜ ਮਰੋੜ ਕੇ ਪੇਸ਼ ਕਰਨਾ ਬੌਧਿਕ ਠੱਗੀ ਹੈ। ਰਜਨੀਸ਼ ਇਹ ਠੱਗੀ ਮਾਰਦਾ ਵੀ ਹੈ ਅਤੇ ਇਸਦਾ ਇਕਬਾਲ ਵੀ ਕਰਦਾ ਹੈ। ਉਹ ਬੜੀ ਸ਼ਾਨ ਨਾਲ ਕਹਿੰਦਾ ਹੈ-

"ਮੈਂ ਚੀਜ਼ਾਂ ਸਹੀ ਸ੍ਰੋਤ ਤੋਂ ਨਹੀਂ ਲੈਂਦਾ। ਚੀਜ਼ਾਂ ਲੱਭਣ, ਸਿਰਜਣ
ਤੇ ਖੋਜਣ ਦਾ ਮੇਰਾ ਆਪਣਾ ਤਰੀਕਾ ਹੈ। ਮੇਰੇ ਲਈ ਇਤਿਹਾਸਕ
ਹੋਣਾ ਜ਼ਰੂਰੀ ਹੈ। ਜੋ ਚੀਜ਼ ਮੈਨੂੰ ਮਹੱਤਵਪੂਰਨ ਲੱਗਦੀ ਹੈ ਜੋ ਕਿਸੇ
ਸਚਾਈ ਵੱਲ ਇਸ਼ਾਰਾ ਕਰਦੀ ਹੈ, ਮੈਂ ਕਿਤਿਉਂ ਵੀ ਉਠਾ ਲੈਂਦਾ ਹੈ
ਅਤੇ ਕਿਸੇ ਦੇ ਵੀ ਮੂੰਹ ਵਿਚ ਪਾ ਦਿੰਦਾ ਹਾਂ।

(ਰਜਨੀਸ਼ ਬੇਨਕਾਬ ਪੰਨਾ-54।

ਇਸ ਕਰਕੇ ਹੀ ਡਾ. ਕਰਮਜੀਤ ਉਸਦੇ ਲੈਕਚਰਾਂ ਨੂੰ 'ਬੇਈਮਾਨੀ ਦੇ ਲੈਕਚਰ' ਕਹਿੰਦਾ ਹੈ। ਇਸ ਕਾਰਣ ਹੀ ਉਨ੍ਹਾਂ ਨੂੰ ਉਸਦੇ ਕਮਿਊਨਿਜ਼ਮ ਬਾਰੇ ਵਿਚਾਰ ਬੇਤੁਕੇ ਜਾਪਦੇ ਹਨ। ਰਜਨੀਸ਼, ਜੋ ਆਪਣੇ ਆਪ ਨੂੰ 'ਰਹੱਸਵਾਦੀ (ਸਪਿਰਚੁਅਲ) ਕਮਿਊਨਿਸਟ' ਕਹਿੰਦਾ ਆਪਣੇ ਆਪ ਨੂੰ ਸਭ ਤੋਂ ਵੱਡਾ ਕਮਿਊਨਿਸਟ ਮੰਨਦਾ ਹੈ। ਇਸ 'ਰੱਹਸਵਾਦੀ ਕਮਿਊਨਿਸਟ' ਦੇ ਫਲਸਫੇ ਦੇ ਅਸਲ ਸੱਚ ਨੂੰ ਡਾ. ਕਰਮਜੀਤ ਹੋਰੀ 'ਰਜਨੀਸ਼ ਦਾ ਦਿਵਾਲੀਆਪਣ' ਪਾਠ ਵਿਚ ਸੰਬੋਧਿਤ ਹੁੰਦੇ ਹਨ। ਰਜਨੀਸ਼ 1989 ਵਿਚ ਅਜਿਹੇ ਭਾਸ਼ਨ ਦਿੰਦਾ ਹੈ ਜਿਸ ਵਿਚ ਉਹ ਕਮਿਊਨਿਜ਼ਮ ਦੀ ਸਿਫ਼ਤ ਸਲਾਹ ਵੀ ਕਰਦਾ ਹੈ ਅਤੇ ਸਟਾਲਿਨ ਦੇ ਕੰਮਾਂ ਨੂੰ ਇਤਿਹਾਸਕ ਪ੍ਰਸੰਗਾਂ ਵਿਚ ਜ਼ਰੂਰੀ ਸਮਝਦਾ ਹੈ। ਉਹ ਕਮਿਊਨਿਜ਼ਮ ਨੂੰ



ਮੰਨਦਿਆਂ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ 'ਇਸਨੂੰ ਧਿਆਨ ਦੀਆਂ ਕੰਧਾਂ ਤੇ ਪੀਲ ਪਾਵਿਆਂ ਦੀ
ਜ਼ਰੂਰਤ ਹੈ।' ਉਹ ਕਮਿਊਨਿਜ਼ਮ ਦੀਆਂ ਨੀਹਾਂ 'ਤੇ ਧਿਆਨਵਾਦ ਦੇ ਮਹਿਲ ਉਸਾਰਨ ਦੀ ਗੱਲ
ਕਰਦਾ ਹੈ। ਪਰ ਉਸਦੇ ਇਸ ਧਿਆਨਵਾਦ ਵਿਚ ਸਮਾਜਿਕ ਨਾਬਰਾਬਰੀ ਨੂੰ ਠੀਕ ਕਰਨ ਲਈ ਕੋਈ
ਉਪਾਅ ਨਹੀਂ। ਇਸ ਲਈ ਸਮਾਜਿਕ ਬਰਾਬਰੀ ਤੋਂ ਬਗੈਰ ਰਹੱਸਵਾਦੀ ਬਰਾਬਰੀ ਸਿਰਫ ਛਲਾਵਾ ਹੀ
ਬਣ ਜਾਂਦੀ ਹੈ। ਉਸਦਾ 'ਧਿਆਨਵਾਦੀ ਕਰਤਾ' ਤਾਂ ਕਿਸੇ ਕਿਰਿਆਸ਼ੀਲ ਕਰਤਾ ਜਾਂ ਕ੍ਰਾਂਤੀਕਾਰੀ
ਧਿਰ ਵਿੱਚ ਵਟਣ ਦੀ ਬਜਾਇ ਨਿਸ਼ਕ੍ਰਿਆ ਬਣ ਜਾਂਦਾ ਹੈ। ਜਾਂ ਉਸਦਾ ਕਰਤਾ ਪੂਰਾ ਅਰਾਜਕਤਾਵਾਦੀ
ਹੋ ਨਿਬੜਦਾ ਹੈ। ਉਹ ਅਜਿਹਾ ਅਰਾਜਕਤਾਵਾਦੀ ਬਣਦਾ ਹੈ ਜਿਸ ਕੋਲ ਢਾਹੁਣ ਲਈ ਤਾਂ ਸਾਰੀ
ਦੁਨੀਆ ਹੁੰਦੀ ਹੈ ਪਰ ਨਵਾਂ ਸਿਰਜਣ ਲਈ ਕੁਝ ਵੀ ਨਹੀਂ ਹੁੰਦਾ। ਅਜਿਹਾ ਹੀ ਫਲਸਫਾ ਰਜਨੀਸ਼
ਉਭਾਰਦਾ ਹੈ। ਰਜਨੀਸ਼ ਦੀ ਅਜਿਹੀ ਅਸਲੀਅਤ ਨੂੰ ਡਾ. ਕਰਮਜੀਤ ਹੋਰਾਂ ਨੇ ਰਜਨੀਸ਼ ਦੀ ਆਪਣੀ
ਜ਼ਬਾਨੀ ਵੀ ਉਘਾੜਿਆ ਹੈ ਅਤੇ ਉਸਦੇ ਅੰਗ ਰੱਖਿਅਕ ਜਾਨ ਮਿਲਨੇ ਦੀ ਅੱਖੀਂ ਵੇਖੀ ਕਮਿਊਨ ਦੀ
ਜ਼ਿੰਦਗੀ ਦੇ ਵੇਰਵਿਆਂ ਰਾਹੀਂ ਵੀ ਪੇਸ਼ ਕੀਤਾ ਹੈ। ਇਹ ਸਭ ਪੜ੍ਹਨ ਉਪਰੰਤ ਰਜਨੀਸ਼ ਵਾਦੀਆਂ ਦੀ
ਅਸਲੀਅਤ ਚੌਰਾਹੇ ਵਿਚ ਉੱਘੜ ਖੜ੍ਹੋਂਦੀ ਹੈ।

ਸਮੁੱਚੀ ਚਰਚਾ ਨੂੰ ਸਮੇਟਦੇ ਇਹ ਗੱਲ ਕਹੀ ਜਾ ਸਕਦੀ ਹੈ ਕਿ 'ਰਜਨੀਸ਼ ਬੇਨਕਾਬ' ਪੁਸਤਕ,
ਚਿੰਤਨ ਸੰਬੰਧੀ ਮੇਟਾ ਅਧਿਐਨ ਪੇਸ਼ ਕਰਦੀਆਂ ਪੰਜਾਬੀ ਦੀਆਂ ਵਿਰਲੀਆਂ ਪੁਸਤਕਾਂ ਵਿਚੋਂ ਇੱਕ
ਹੈ। ਜਿਸ ਤਰ੍ਹਾਂ ਡਾ. ਕਰਮਜੀਤ ਸਿੰਘ ਨੇ ਮਾਰਕਸਵਾਦੀ ਫਲਸਫੇ ਨਾਲ ਤਰਕ ਭਰਪੂਰ ਪ੍ਰਤਿਬੱਧਤਾ
ਰੱਖ ਕੇ ਰਜਨੀਸ਼ ਦੇ ਫਲਸਫੇ ਨੂੰ ਹੰਘਾਲਿਆ ਹੈ ਉਸ ਲਈ ਉਹ ਪ੍ਰਸ਼ੰਸਾ ਦਾ ਹੱਕਦਾਰ ਹੈ। ਪੰਜਾਬੀ
ਚਿੰਤਨ ਵਿਚਲੀ ਖੜ੍ਹੋਤਮਈ ਸਥਿਤੀ ਨੂੰ ਇਸ ਤਰ੍ਹਾਂ ਦੀ ਗਹਿਰ ਗੰਭੀਰ ਸੰਵਾਦੀ ਬਿਰਤੀ ਨਾਲ ਹੀ
ਤੋੜਿਆ ਜਾ ਸਕਦਾ ਹੈ। ਮਾਰਕਸੀ ਫਲਸਫੇ ਦੀ ਸਦੀਵੀ ਪ੍ਰਸੰਗਕਤਾ ਨੂੰ ਇਸ ਤੋਂ ਹੋਰ ਵਧੀਆ ਕੀ
ਸਮਝਿਆ ਜਾ ਸਕਦਾ ਹੈ। ਇਹ ਪੁਸਤਕ ਇੱਕ ਪਾਸੇ ਰਜਨੀਸ਼ ਨੂੰ ਬੇਨਕਾਬ ਕਰਨ ਦੇ ਨਾਲ-ਨਾਲ
ਦੂਜੇ ਪਾਸੇ ਮਾਰਕਸਵਾਦੀ ਫਲਸਫੇ ਦੀ ਸ਼ਕਤੀ ਨੂੰ ਵੀ ਉਨੇ ਹੀ ਕਾਰਗਰ ਰੂਪ ਵਿਚ ਦ੍ਰਿੜ੍ਹ ਕਰਦੀ ਹੈ।
ਇਸ ਦੋਧਾਰੀ ਵਾਰ ਵਿੱਚ ਹੀ ਪੁਸਤਕ ਦੀ ਅਸਲ ਸਮਰੱਥਾ ਛੁਪੀ ਹੋਈ ਹੈ। ਮੈਂ ਇਸ ਪੁਸਤਕ ਦਾ
ਭਰਪੂਰ ਸਵਾਗਤ ਕਰਦਾ ਹਾਂ।

*(ਡਾ. ਸੁਖਪਾਲ ਸਿੰਘ ਥਿੰਦ, ਸਰਕਾਰੀ ਕਾਲਜ, ਕਪੂਰਥਲਾ ਫੋਨ ਨੰ-0181-205579)*

## ਦਸੌਂਧਾ ਸਿੰਘ ਵਾਲਾ *(ਜਸਦੇਵ ਸਿੰਘ ਧਾਲੀਵਾਲ)*

ਦਸੌਂਧਾ ਸਿੰਘ ਵਾਲਾ, ਕਥਾਕਾਰ ਤੇ ਗਲਪਕਾਰ ਜਸਦੇਵ ਸਿੰਘ ਧਾਲੀਵਾਲ ਦਾ ਜੱਦੀ ਪਿੰਡ ਹੈ।
ਲੇਖਕ ਇਸ ਪੁਸਤਕ ਵਿੱਚ ਆਪਣੇ ਵੱਡੇ ਵਡੇਰਿਆਂ ਤੇ ਪਿੰਡ ਦੇ ਆਮ ਲੋਕਾਂ ਦਾ ਇਤਿਹਾਸ ਬਿਆਨ
ਕਰਦਾ ਹੈ। ਪਰੰਤੂ ਇਸ ਨੂੰ ਨਿਰੋਲ ਇਤਿਹਾਸ ਕਹਿਣਾ ਵੀ ਦਰੁਸਤ ਨਹੀਂ। ਇਸ ਵਿੱਚ ਕਹੀਆਂ
ਸੁਣੀਆਂ ਗੱਲਾਂ ਤੇ ਘਟਨਾਵਾਂ ਦਾ ਵੀ ਵਰਨਣ ਹੈ। ਜਿਥੇ ਇਹ ਲਿਖਤ ਪੇਪਸੂ ਵਿੱਚ ਤੇ ਖਾਸ ਕਰਕੇ
ਰਿਆਸਤ ਪਟਿਆਲਾ ਵਿੱਚ ਜਗੀਰਦਾਰੀ, ਜਿਸ ਨੂੰ ਬਿਸਵੇਦਾਰੀ ਵੀ ਕਿਹਾ ਜਾਂਦਾ ਸੀ ਦੇ ਮੁੱਢ ਦਾ
ਇਤਿਹਾਸਕ ਵਰਨਣ ਹੈ, ਉਥੇ ਇਸ ਦਾ ਅੰਤ ਕਰਨ ਵਾਲੀ ਕਿਸਾਨ-ਮੁਜਾਰਾ ਲਹਿਰ ਦਾ ਵੀ
ਵਰਨਣ ਹੈ। ਲੇਖਕ ਆਪ ਬਿਸਵੇਦਾਰ ਜਮਾਤ ਨਾਲ ਸੰਬੰਧਤ ਹੈ ਪਰੰਤੂ ਤੱਥਾਂ ਤੇ ਹਕੀਕਤਾਂ ਨੂੰ ਪੇਸ਼
ਕਰਦੇ ਸਮੇਂ ਉਹਨੇ ਕਿਸੇ ਉਲਾਰ ਦਾ ਪ੍ਰਗਟਾਵਾ ਨਹੀਂ ਕੀਤਾ। ਉਹਨੇ ਸੱਚ ਦੇ ਨੇੜੇ ਰਹਿਣ ਦਾ ਯਤਨ
ਕੀਤਾ ਹੈ। ਉਹਨੇ ਆਪਣੇ ਵੱਡ ਵੱਡੇਰੇ ਗੁਰਬਖਸ਼ ਸਿੰਘ ਦੇ ਲੋਕਾਂ ਨੂੰ ਬੁਧੂ ਬਣਾਉਣ, ਮਾਤਾ ਨਾਲ
ਧੋਖਾ ਕਰਨ ਤੇ ਅੰਤ ਵਿੱਚ ਆਤਮਹੱਤਿਆ ਕਰਨ ਦਾ ਵਰਨਣ ਕੀਤਾ ਹੈ। ਉਥੇ ਮੁਜ਼ਾਰਾ ਆਗੂਆਂ
ਦੀ ਬੁਜ਼ਦਿਲੀ ਤੇ ਜੱਥੇਦਾਰ ਭਰਾਵਾਂ ਕਿਹਰ ਸਿੰਘ ਤੇ ਮਲ ਸਿੰਘ ਦੀ ਦ੍ਰਿੜਤਾ ਦਾ ਵਰਨਣ ਨਿਰਪੱਖ
ਹੋ ਕੇ ਕੀਤਾ ਹੈ। ਲੇਖਕ ਪਿੰਡ ਦਸੌਂਧਾ ਸਿੰਘ ਵਾਲਾ ਦਾ ਜ਼ਿਕਰ ਕਰਦਾ ਹੋਇਆ ਮਾਲਵੇ ਦਾ ਦੋ ਸੌ

ਸਾਲ ਦਾ ਆਰਥਿਕ, ਰਾਜਸੀ, ਸਭਿਆਚਾਰਕ ਤੇ ਸਦਾਚਾਰਕ ਵਰਤਾਰੇ ਦਾ ਵਰਨਣ ਕਰਦਾ ਹੈ। ਜਗੀਰਦਾਰੀ ਪ੍ਰਥਾ ਵਿੱਚ ਜਿਥੇ ਆਰਥਿਕ ਲੁਟ ਹੁੰਦੀ ਸੀ, ਉਥੇ ਮਨੁੱਖੀ ਕਦਰਾਂ ਦਾ ਸਤਿਕਾਰ ਵੀ ਕੀਤਾ ਜਾਂਦਾ ਸੀ। ਜਿਥੇ ਸਰਦਾਰ ਦਸੌਂਧਾ ਸਿੰਘ ਇਕ ਪਾਸੇ ਬਿਸਵੇਦਾਰ ਸੀ ਉਸ ਦੀ ਆਰਥਿਕ ਅਧਾਰ ਮੁਜ਼ਾਰਿਆਂ ਵੱਲੋਂ ਦਿੱਤਾ ਜਾਂਦਾ ਉਪਜ ਦਾ ਇੱਕ ਹਿੱਸਾ ਭਾਵ ਬਟਾਈ ਸੀ। ਉਥੇ ਉਹ ਫ਼ਸਲ ਨਾ ਹੋਣ ਸਮੇਂ ਮੁਜ਼ਾਰੇ ਕਿਸਾਨਾਂ ਨੂੰ ਜੀਵਨ ਨਿਰਬਾਹ ਲਈ ਆਪਣੇ ਕੋਲੋਂ ਵੀ ਦਾਣੇ ਦੇ ਦਿੰਦਾ ਸੀ।

ਜਗੀਰੂ ਸਮਾਜ ਵਿਚ ਖ਼ੂਨੀ ਸਾਂਝ ਦੇ ਰਿਸ਼ਤਿਆਂ, ਮੌਤ ਦੇ ਰਿਸ਼ਤਿਆਂ ਤੇ ਆਪ ਬਣਾਏ ਰਿਸ਼ਤਿਆਂ ਦਾ ਬਹੁਤ ਸਤਿਕਾਰ ਸੀ ਤੇ ਇਹਨਾਂ ਨੂੰ ਹਰ ਹਾਲਤ ਵਿਚ ਪਾਲਿਆ ਜਾਂਦਾ ਸੀ। ਮਾਲੀ ਖੇਮ ਕੌਰ ਜਿਥੇ ਸ਼ੇਰ ਨੂੰ ਮਾਰਨ ਵੇਲੇ ਸੂਰਮੇ ਸਰਦਾਰ ਦਸੌਂਧਾ ਸਿੰਘ ਦੀ ਵਿਧਵਾ ਸੀ ਇਸ ਲਈ ਪਟਿਆਲਾ ਰਿਆਸਤ ਦਾ ਰਾਜ ਘਰਾਣਾ ਉਸ ਦਾ ਸਤਿਕਾਰ ਕਰਦਾ ਸੀ। ਉਥੇ ਉਸਦਾ ਸਤਿਕਾਰ ਰਾਜ ਘਰਾਣੇ ਦੇ ਆਪਣੇ ਗੋਤ ਸਿਧੂਆਂ ਦੀ ਧੀ ਹੋਣ ਕਾਰਨ ਵੀ ਕੀਤਾ ਜਾਂਦਾ ਹੈ। ਜਗੀਰਦਾਰੀ ਸਮਾਜ ਨੇ ਇਹ ਗੁਣ ਆਪਣੇ ਪੁਰਖੇ ਕਬੀਲਾਦਾਰੀ ਸਮਾਜ ਤੋਂ ਵਿਰਸੇ ਵਿਚ ਪ੍ਰਾਪਤ ਕੀਤਾ ਸੀ। ਸਰਮਾਏਦਾਰੀ ਸਮਾਜ ਜਗੀਰਦਾਰੀ ਦੇ ਇਸ ਗੁਣ ਨੂੰ ਵਿਰਸੇ ਵਜੋਂ ਸਾਂਭਣ ਦੀ ਥਾਂ ਇਸ ਨੂੰ ਨਸ਼ਟ ਕਰਦਾ ਹੈ। ਜਗੀਰਦਾਰੀ ਦਾ ਇਹ ਗੁਣ ਸਾਂਭਣ ਯੋਗ ਸੀ। ਇਸ ਨੇ ਮਨੁੱਖੀ ਸਮਾਜ ਦੇ ਵਿਕਾਸ ਵਿਚ ਬਹੁਮੁੱਲਾ ਹਿੱਸਾ ਪਾਇਆ ਸੀ।

ਲੇਖਕ ਨੇ ਪੰਜਾਬ ਦੇ ਸਹਿਜ ਵਿਕਾਸ ਦਾ ਵਰਨਣ ਕੀਤਾ ਹੈ। ਉਥੇ ਨਵੇਂ ਸਮਾਜਿਕ ਵਿਕਾਸ ਨਹਿਰਾਂ ਤੇ ਰੇਲ ਗੱਡੀਆਂ ਦੇ ਆਉਣ ਦਾ ਵਰਨਣ ਕਰਕੇ ਇਹ ਸਿੱਧ ਕੀਤਾ ਹੈ ਕਿ ਸਹਿਜ ਵਿਕਾਸ ਨੂੰ ਤਿੱਖਾ ਕਰਨ ਵਿਚ ਇਹਨਾਂ ਕਾਢਾਂ ਦਾ ਵੀ ਅਹਿਮ ਯੋਗਦਾਨ ਹੈ। ਸਮਾਜਿਕ ਵਿਕਾਸ ਦੇ ਕਾਨੂੰਨ ਅਨੁਸਾਰ ਜਗੀਰੂ ਸਮਾਜ ਨਾਲੋਂ ਸਰਮਾਏਦਾਰ ਵਿਕਾਸ ਅੱਗੇ ਵਧੂ ਹੈ। ਜਿਥੇ ਇਹ ਜਗੀਰੂ ਸਮਾਜ ਦੇ ਕੁਝ ਚੰਗੇ ਪੱਖਾਂ ਤੇ ਖਾਸ ਕਰਕੇ ਰਿਸ਼ਤਿਆਂ ਦੀ ਸਾਂਝ ਨੂੰ ਤੋੜਦਾ ਹੈ ਉਥੇ ਗੈਰ ਮਨੁੱਖੀ ਜਗੀਰੂ ਪ੍ਰਥਾ ਦਾ ਲੋਟੂ ਪੱਖ ਖਤਮ ਕਰਦਾ ਹੈ।

ਲੇਖਕ ਦੀ ਇਸ ਕਿਰਤ ਵਿਚ ਜਿਥੇ ਇਤਿਹਾਸ ਵਰਗੇ ਰੁੱਖੇ ਵਿਸ਼ੇ ਦਾ ਵਰਨਣ ਹੈ। ਉਥੇ ਨਾਲ ਹੀ ਗਲਪ ਵਰਗੀ ਰੌਚਕਤਾ ਵੀ ਕਾਇਮ ਹੈ। ਥਾਂ ਥਾਂ ਚੁਟਕਲੇ ਵਰਗੀਆਂ ਘਟਨਾਵਾਂ ਦਾ ਵਰਨਣ ਜਿਵੇਂ ਬੱਕਰੇ ਦੀ ਚੋਰੀ, ਰੇਲ ਦਾ ਸਫਰ ਆਦਿ ਦਾ ਵਰਨਣ ਹੈ। ਪਾਠਕ ਨੂੰ ਉਚਾਟ ਨਹੀਂ ਹੋਣ ਦਿੰਦਾ। ਸੁਖਮਿੰਦਰ ਸਿੰਘ ਹੌਲਦਾਰ ਦਾ ਵਰਨਣ ਬਹੁਤ ਰੌਚਕ ਹੈ। ਪੰਜਾਬ ਦੇ ਪੇਂਡੂ ਸਮਾਜ ਵਿਚ ਲੋਕਾਂ ਦੇ ਕੁਨਾਅ ਤੇ ਅੱਲਾਂ ਇਸ ਤਰ੍ਹਾਂ ਜੁੜਦੀਆਂ ਸਨ, ਸੁਖਮਿੰਦਰ ਸਿੰਘ ਦੇ ਨਾਂ ਨਾਲ, ਹੌਲਦਾਰ ਜੁੜ ਗਿਆ ਸੀ। ਬਾਈ, ਬਾਰੇ ਲਿਖਦਾ ਲੇਖਕ ਇਕ ਦੁਖਾਂਤ ਦਾ ਵਰਨਣ ਕਰ ਗਿਆ ਹੈ। ਬਾਈ ਦਾ ਇਸ਼ਕ ਮਜਾਜੀ ਇਸ਼ਕ ਹਕੀਕੀ ਨੂੰ ਮਾਤ ਪਾ ਗਿਆ ਹੈ। ਸੰਤੇ ਦੇ ਖਿਆਲ ਵਿਚ ਹੀ ਆਪਣਾ ਸਾਰਾ ਜੀਵਨ ਅਰਪਣ ਕਰ ਦਿੰਦਾ ਹੈ। ਮਨੁੱਖਤਾ ਦੇ ਪਵਿੱਤਰ ਜਜ਼ਬੇ ਪਿਆਰ, ਦੀ ਪ੍ਰਾਪਤੀ ਕਰਾਮਾਤ ਕਰ ਜਾਂਦੀ ਹੈ ਤੇ ਵਿਛੋੜਾ ਮਨੁੱਖ ਤੋਂ ਦੇਵਤਾ ਬਣਾ ਦਿੱਤਾ ਹੈ। ਸਮਾਜਿਕ ਤਬਦੀਲੀ ਲਈ ਪਹਿਲਾਂ ਵਿਚਾਰਧਾਰਕ ਪੱਧਰ ਤੇ ਚੇਤਨਾ ਦੀ ਲੋੜ ਹੁੰਦੀ ਹੈ। ਇਸ ਚੇਤਨਾ ਦਾ ਸਭ ਤੋਂ ਵੱਡਾ ਵਾਹਣ ਚੇਤਨ ਮਨੁੱਖ ਹੈ। ਲੇਖਕ ਜਗੀਰਦਾਰੀ ਵਿਰੁੱਧ ਮੁਜ਼ਾਰਿਆਂ ਦੇ ਵਿਚਾਰਧਾਰਕ ਪੱਧਰ ਤੇ ਚੇਤਨ ਹੋਣ ਦੀ ਗੱਲ ਕਰਦਾ ਹੈ। ਦਸੌਂਧਾ ਸਿੰਘ ਵਾਲਾ ਦੇ ਕਿਸਾਨਾਂ ਨੂੰ ਚੇਤਨ ਕਰਨ ਵਿਚ ਦੋ ਦੇਸ਼ ਭਗਤਾਂ ਤੇ ਚੇਤਨ ਮਨੁੱਖਾਂ ਕਾਮਰੇਡ ਹਰਨਾਮ ਸਿੰਘ ਚਮਕ ਤੇ ਕਾਮਰੇਡ ਸੇਵਾ ਸਿੰਘ ਬਾਪਲਾ ਦਾ ਵਿਸ਼ੇਸ਼ ਯੋਗਦਾਨ ਹੈ। ਲੇਖਕ ਜਗੀਰਦਾਰੀ ਦੇ ਖਾਤਮੇ ਲਈ ਇਹਨਾਂ ਦੇ ਰੋਲ ਨੂੰ ਅੱਖੋਂ ਪਰੋਖੇ ਨਹੀਂ ਕਰਦਾ ਬਲਕਿ ਢੁਕਵਾਂ ਆਦਰ ਦਿੰਦਾ ਹੈ।

ਲੇਖਕ ਜਿਥੇ ਆਪਣੀਆਂ ਕਥਾਵਾਂ ਤੇ ਹੋਰ ਗਲਪ ਲਿਖਤਾਂ ਵਿਚ ਰਿਆਸਤੀ ਬਿਸਵੇਦਾਰਾਂ ਦੇ ਕਿਰਦਾਰ ਦਾ ਸਮੇਂ ਸਮੇਂ ਵਰਨਣ ਕਰਦਾ ਰਿਹਾ ਹੈ। ਅਜੋਕੀ ਲਿਖਤ ਵਿਚ ਉਸਨੇ ਇਸਦੇ ਸਮੁੱਚੇ ਉਸਾਰ ਤੇ ਨਿਘਾਰ ਦਾ ਵਰਨਣ ਕੀਤਾ ਹੈ। ਇਸ ਤਰ੍ਹਾਂ ਇਸ ਕਿਰਤ ਨੂੰ ਗਲਪ ਤੇ ਗੱਦ, ਇਤਿਹਾਸ ਤੇ ਮਿਥਿਹਾਸ ਦਾ ਵਰਨਣ ਕਰਨ ਵਾਲੀ ਇਕ ਵੱਖਰੀ ਸਿਨਫ ਬਣਾ ਦਿੱਤਾ ਹੈ।



ਲੇਖਕ ਬੇਸ਼ੱਕ ਆਪ ਬਿਸਵੇਦਾਰ ਜਮਾਤ ਵਿਚੋਂ ਹੈ। ਪ੍ਰੰਤੂ ਉਹ ਇਸ ਜਮਾਤ ਦੇ ਨਿਘਾਰ ਦਾ ਹੇਰਵਾ ਨਹੀਂ ਕਰਦਾ ਬਲਕਿ ਇਕ ਚੇਤੰਨ ਵਿਅਕਤੀ ਵਾਂਗ ਸਮਾਜ ਦੇ ਵਿਕਾਸ ਦੇ ਅਸੂਲਾਂ ਨੂੰ ਸਮਝਦਾ ਤੇ ਅਟਲ ਸੱਚਾਈ ਵਾਂਗ ਕਬੂਲ ਕਰਦਾ ਹੈ। ਜਗੀਰਦਾਰੀ ਜਮਾਤ ਦੇ ਕੇਵਲ ਨਾਂਹ ਪੱਖੀ ਲੱਛਣ; ਵਿਹਲੇ ਰਹਿਣਾ, ਸ਼ਿਕਾਰ ਖੇਡਣਾ, ਸ਼ਰਾਬ ਪੀਣੀ, ਬਹੁਤੇ ਵਿਆਹ ਕਰਵਾ ਕੇ ਵੀ ਸਬਰ ਨਾ ਕਰਨਾ, ਰਖੇਲਾਂ ਤੇ ਹੋਰ ਇਸਤਰੀਆਂ ਦੀ ਲਾਲਸਾ ਰੱਖਣੀ, ਮੁਜ਼ਾਰਿਆਂ ਦੀ ਸਰਬਪੱਖੀ ਲੁੱਟ ਕਰਨੀ ਆਦਿ ਹੀ ਨਹੀਂ, ਬਲਕਿ ਇਸਨੇ ਸਮਾਜ ਨੂੰ ਲੇਖਕ ਤੇ ਬੁੱਧੀਜੀਵੀ ਵੀ ਦਿੱਤੇ ਹਨ। ਪੰਜਾਬ ਦੀਆਂ ਕਈ ਉੱਘੀਆਂ ਉਦਾਹਰਨਾਂ ਸਰਦਾਰ ਅਤਰ ਸਿੰਘ ਭਦੌੜ ਤੇ ਭਾਈ ਕਾਹਨ ਸਿੰਘ ਨਾਭਾ ਹਨ। ਮੈਂ ਲੇਖਕ ਜਸਦੇਵ ਸਿੰਘ ਧਾਲੀਵਾਲ ਨੂੰ ਇਸੇ ਸੰਗਲੀ ਦੀ ਕੜੀ ਸਮਝਦਾ ਹਾਂ। ਆਪਣੀਆਂ ਸਾਰਥਕ ਲਿਖਤਾ ਰਾਹੀਂ ਚੇਤਨਾ ਦਾ ਚਾਨਣ ਵੰਡਦਾ ਹੈ। ਉਹ ਆਪਣੀਆਂ ਲਿਖਤਾਂ ਵਿਚ ਸਧਾਰਨ ਤੇ ਆਮ ਲੋਕਾਂ ਦੀ ਬੋਲੀ ਵਰਤਦਾ ਤੇ ਵੱਡੀ ਗੱਲ ਕਰਦਾ ਹੈ। ਹੋਰ ਬੁੱਧੀਜੀਵੀਆਂ ਵਾਂਗ ਮਾਂਗਵੀ ਭਾਸ਼ਾ ਨਹੀਂ ਵਰਤਦਾ। ਉਸਦੀ ਇਹ ਲਿਖਤ ਦਸੌਂਧਾ ਸਿੰਘ ਵਾਲਾ ਪੜ੍ਹਨ ਤੇ ਮਾਨਣਯੋਗ ਹੈ ਅਤੇ ਸੱਚਮੁਚ ਹੀ ਪੰਜਾਬੀ ਬੋਲੀ ਦੀ ਅਮੁੱਲੀ ਸੇਵਾ ਹੈ। ਇਸ ਦਾ ਸਵਾਗਤ।

*—ਸੁਰਜੀਤ ਗਿੱਲ*

## ਵਿਚਲੀ ਔਰਤ *(ਤਲਵਿੰਦਰ ਸਿੰਘ)*

'ਵਿਚਲੀ ਔਰਤ' ਕਹਾਣੀਕਾਰ ਨਾਵਲਕਾਰ ਤਲਵਿੰਦਰ ਸਿੰਘ ਦਾ ਰਾਤ ਚਾਨਣੀ 1992, 'ਨਾਇਕ ਦੀ ਮੌਤ 1996' ਤੋਂ ਪਿਛੋਂ ਤੀਸਰਾ ਕਹਾਣੀ ਸੰਗ੍ਰਹਿ ਹੈ। ਇਹਨਾਂ ਤੋਂ ਇਲਾਵਾ ਉਹ ਦੋ ਨਾਵਲਾਂ 'ਲੋਅ ਹੋਣ ਤੱਕ 1987' ਅਤੇ ਯੋਧੇ 1998 ਦਾ ਰਚੇਤਾ ਵੀ ਹੈ। ਉਸਦੀ ਲੇਖਣੀ ਦੀ ਮੁੱਢਲੀ ਛਾਪ ਉਸਦੇ ਪ੍ਰਗਤੀਵਾਦੀ ਲੇਖਕ ਹੋਣ ਦੀ ਹੈ। ਸਮਾਜ ਅੰਦਰ ਵਿਆਪਕ ਪੱਧਰ 'ਤੇ ਫੈਲੇ ਵਿਸੰਗਤ ਵਰਤਾਰੇ ਨੂੰ ਉਸਦੀ ਕਲਮ ਸਮਾਜਕ ਤਬਦੀਲੀ ਲਈ ਇਕ ਵਡੇਰੇ ਆਦਰਸ਼ ਨੂੰ ਧਿਆਨ ਵਿੱਚ ਰੱਖਦਿਆਂ ਆਪਣਾ ਰਾਹ ਤਲਾਸ਼ਦੀ ਹੀ ਨਹੀਂ ਇਸ ਉੱਪਰ ਸਫਲਤਾ ਨਾਲ ਕਦਮ-ਦਰ-ਕਦਮ ਅਗਾਂਹ ਵੀ ਚਲਦੀ ਹੈ। ਤਲਵਿੰਦਰ ਦੀ ਲੇਖਣੀ ਉਸ ਕਾਫ਼ਲੇ ਦਾ ਹਮਸਫ਼ਰ ਹੋਣ ਦਾ ਦਮ ਭਰਦੀ ਹੋਈ ਮਾਨਵੀ ਮੁੱਲਾਂ ਦੀ ਰਾਖੀ ਲਈ ਸੰਸਾਰ ਵਿਆਪੀ ਪ੍ਰਗਤੀਵਾਦੀ ਦ੍ਰਿਸ਼ਟੀਕੋਨ ਨੂੰ ਕਿਸੇ ਵੀ ਨਿਰਾਸ਼ਮਈ ਸਥਿਤ ਵਿੱਚ ਅਖੋਂ ਪਰੋਖੇ ਨਹੀਂ ਕਰਦੀ।

ਇਹ ਇਕ ਸਰਵ-ਪ੍ਰਵਾਨਤ ਤੱਤ ਹੈ ਕਿ ਹੁਣ ਤੱਕ ਪੰਜਾਬੀ ਸਾਹਿਤ ਦੇ ਵਿਕਾਸ ਰੁਖ ਨੇ ਸਮਾਜਕ ਤਬਦੀਲੀ ਲਈ ਸੰਘਰਸ਼ ਕਰਦੀਆਂ ਵੱਖ-ਵੱਖ ਪੜਾਵਾਂ ਤੇ ਵੱਖ-ਵੱਖ ਤਰ੍ਹਾਂ ਦਾ ਰੂਪ ਧਾਰਦੀਆਂ ਉਹਨਾਂ ਲਹਿਰਾਂ ਦੇ ਸਮਾਂਅੰਤਰ ਚੱਲਣ ਦਾ ਸਿਲਾ ਖੱਟ ਕੇ ਸਾਹਿਤਕ ਖੇਤਰ ਅੰਦਰ ਦਖਲ-ਅੰਦਾਜ਼ ਹੁੰਦੇ ਹਨ ਪੱਛਮੀ ਸਾਹਿਤਕ ਪ੍ਰਭਾਵ ਨੂੰ ਆਪਣੀ ਲੋੜ ਅਨੁਸਾਰ ਮਾਨਤਾ ਦਿੱਤੀ ਹੈ। ਪਰ ਥੋੜ੍ਹੇ ਕੁ ਵਰ੍ਹਿਆ ਤੋਂ ਸੰਸਾਰ ਪੱਧਰ 'ਤੇ ਕਿਸੇ ਵੀ ਇਕ ਆਦਰਸ਼ਮੁੱਖ ਸਮਾਜਕ ਰਾਜਨੀਤਕ ਲਹਿਰ ਦੀ ਅਣਹੋਂਦ ਦਾ ਅਸਰ ਭਾਰਤੀ ਪੰਜਾਬੀ ਸਮਾਜਕ ਵਿਕਾਸ ਗਤੀ ਸਮੇਤ ਇਥੋਂ ਦੀ ਸਾਹਿਤਕ ਆਦਰਸ਼ਤਾ 'ਤੇ ਪਿਆ ਹੈ। ਜਿਸ ਦੇ ਫ਼ਲਸਰੂਪ ਪ੍ਰਗਤੀਵਾਦੀ ਦਿੱਖ ਵਾਲੀ ਪੰਜਾਬੀ ਲੇਖਣੀ ਪੱਛਮੀ ਪ੍ਰਭਾਵਾਂ ਤਹਿਤ ਵੱਖਰੇ-ਵੱਖਰੇ ਖੰਡਾਂ-ਉਪਖੰਡਾਂ ਵਲ ਨੂੰ ਸੇਧਿਤ ਹੋ ਗਈ। ਜਨਸਮੂਹ ਦੀ ਪੀੜਾ ਤੇ ਬਾਹਰਮੁਖੱਤਾ ਦਾ ਵਿਧੀਵੱਤ ਵਿਸ਼ਲੇਸ਼ਣ ਅੰਤਰਮੁਖਤਾ ਵਲ ਨੂੰ ਰੁਖ ਕਰ ਬੈਠਾ। ਇਉਂ ਪੰਜਾਬੀ ਸਾਹਿਤ ਦੀ ਇਕ ਧਾਰਾ, ਸਮਕਾਲੀ ਵਿਰੋਧਾਂ ਅੰਤਰ ਵਿਰੋਧਾਂ ਤੋਂ ਮੁੱਖ ਮੋੜ ਕੇ ਮੱਧਯੁੱਗੀ ਵਿਸ਼ਵਾਸਾਂ, ਅੰਧ ਵਿਸ਼ਵਾਸਾਂ ਦੀ ਵਿਸ਼ੇਲਸ਼ਣੀ ਵਿਆਖਿਆ ਕਰਨ ਦੀ ਬਜਾਏ, ਆਤਮੀ-ਪ੍ਰਮਾਤਮੀ ਮੰਡਲਾਂ ਵਿੱਚ ਨੂੰ ਉਡਾਰੀਆਂ ਮਾਰਨ ਲੱਗ ਪਈ। ਦੂਜੀ ਧਾਰਾ ਦਾ ਲੇਖਕ ਮਨੁੱਖੀ ਦੇਹੀ ਦੇ ਰਜਸਵੀ ਸੁਆਦਾਂ ਅੰਦਰ ਗ੍ਰਸਤ ਹੋ ਕੇ ਆਪਣੀ ਸਾਰੀ ਸ਼ਕਤੀ ਇਸ ਦੀ ਕਾਰ ਵਲਗਣ ਅੰਦਰ ਕੈਦ ਕਰ ਬੈਠਾ। ਤੀਜੀ ਧਾਰਾ ਪੱਛਮ ਦੀਆਂ ਵੇਲਾ ਵਿਹਾ ਚੁੱਕੀਆਂ ਨਾਰੀਵਾਦੀ, ਆਧੁਨਿਕਵਾਦੀ, ਉੱਤਰ ਆਧੁਨਿਕਵਾਦੀ ਹੋਣ ਦਾ ਭਰਮ ਪਾਲਦੀਆਂ ਧਾਰਾਵਾਂ ਨੂੰ ਨਵਾਂ ਸਮਝ ਕੇ ਮਨੁੱਖ ਦੇ ਸੰਪੂਰਨ ਇਤਿਹਾਸ ਤੋਂ ਹੀ ਨਾਬਰ ਹੋਈ, ਬੇ-ਸਿਰ

ਪੈਰ ਲੇਖਣੀ ਵਲ ਨੂੰ ਰੁਚਿਤ ਹੋ ਗਈ। ਚੋਥੀ ਧਾਰਾ ਦੇ ਉਪਾਸ਼ਕ ਪ੍ਰਗਤੀਵਾਦ ਦਾ ਫੈਸ਼ਨਿਕ ਵਿਰੋਧ ਕਰਦੇ ਭਾਰਤੀ ਪੰਜਾਬੀ ਸਮਾਜ ਦੇ ਉਸ ਸਾਧਨਹੀਣ ਵਰਗ ਦਾ ਮਸੀਹਾ ਬਨਣ ਦੀ ਉਲਾਰ ਵਿਰਤੀ ਦਾ ਸ਼ਿਕਾਰ ਹੋ ਕੇ ਸਾਹਿਤ ਲੇਖਣੀ ਨੂੰ ਦਲਿਤ ਸਾਹਿਤ ਲੇਖਣੀ ਦੇ ਉਪ-ਸਰਗ ਨੂੰ ਹੀ ਉੱਤਮ ਸਾਹਿਤ ਗਰਦਾਨਣ ਵਲ ਰੁਚਿਤ ਹੋ ਗਏ। ਇਸ ਖਿੰਡਾਅ ਭਰੀ ਸਥਿਤੀ ਤੋਂ ਤਲਵਿੰਦਰ ਸਿੰਘ ਦੀ ਕਹਾਣੀ ਵੀ ਕੁਝ ਨਾ ਕੁਝ ਅਸਰ ਅੰਦਾਜ਼ ਹੋਈ ਹੈ। ਭਾਵੇਂ ਉਸਨੇ ਆਪਣੀਆਂ ਪੂਰਬਲੀਆਂ ਲਿਖਤਾਂ ਦੀ ਪ੍ਰਗਤੀਵਾਦੀ ਸੁਰ ਨੂੰ ਅਸਲੋਂ ਤਿਲਾਂਜਲੀ ਨਹੀਂ ਦਿੱਤੀ ਤਾਂ ਵੀ ਦੇਹੀ-ਨਾਰਦ ਦਾ ਸੰਗੀਤ ਉਸਦੀਆਂ ਕਹਾਣੀਆਂ ਅੰਦਰੋਂ ਸੁਨਣ ਨੂੰ ਜ਼ਰੂਰ ਮਿਲਦਾ ਹੈ। ਉਸਦੇ ਵਿਚਾਰ ਅਧੀਨ ਕਹਾਣੀ ਸੰਗ੍ਰਹਿ 'ਵਿਚਲੀ ਔਰਤ' ਦੀਆਂ ਕਹਾਣੀ ਇਸ ਤੱਥ ਦੀ ਗਵਾਹੀ ਬਣਦੀਆਂ ਹਨ।

ਡਾ. ਗੁਰਦੇਵ ਸਿੰਘ ਚੰਦੀ ਨੇ ਇਹਨਾਂ ਕਹਾਣੀਆਂ ਦੀ ਇਸ ਬਦਲੀ ਸੁਰ ਦਾ ਕਾਰਨ 'ਪ੍ਰਗਤੀਵਾਦੀਆਂ ਦੀ ਉਦਾਸੀਨਤਾ' ਗਰਦਾਨਿਆ ਹੈ ਜਦਕਿ ਡਾ. ਸੁਖਪਾਲ ਸਿੰਘ ਥਿੰਦ ਨੇ 'ਵਿਚਲੀ ਔਰਤ' ਨਾਮੀ ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਨੂੰ 'ਸੈਕਸ ਅਤੇ ਸਿਆਸਤ ਦੀ ਪ੍ਰਕਰਮਾ' ਕਰਦੀਆਂ ਹੋਣ ਦੀ ਉਪਾਧੀ ਦਿੱਤੀ ਹੈ।

ਤਲਵਿੰਦਰ ਸਿੰਘ ਦੀ ਲਿਖਤ ਅੰਦਰ ਆਏ ਇਸ ਮੋੜ ਤੋਂ ਇਹ ਨਿਰਣਾ ਕਰਨਾ ਬਿਲਕੁਲ ਉਚਿਤ ਨਹੀਂ ਕਿ ਪ੍ਰਗਤੀਵਾਦੀ ਕਹਾਣੀ ਦਾ ਇਕ ਨਾਮਵਰ ਹਮਸਫ਼ਰ 'ਚੋਲੀ ਕੇ ਪੀਛੇ ਕਿਆ ਹੈ' ਦੀ ਖੋਜ ਵਿੱਚ ਨਿਕਲ ਤੁਰਿਆ ਹੈ। ਸਗੋਂ ਇਸ ਦੇ ਬਿਲਕੁਲ ਉਲਟ ਤਲਵਿੰਦਰ ਉਹਨਾਂ ਦੇਹੀ-ਵਾਦੀ ਲੇਖਕਾਂ ਲਈ ਇਕ ਵੱਖਰੀ ਉਦਾਹਰਨ ਬਣ ਕੇ ਇਹ ਦੱਸਣ ਵਲ ਰੁਚਿਤ ਹੈ ਕਿ ਸੈਕਸ ਰਿਸ਼ਤਿਆਂ ਦੀ ਸੀਮਾ ਅੰਦਰ ਘਿਰ ਕੇ ਵੀ ਸਾਹਿਤ ਆਦਰਸ਼ਮੁੱਖਤਾ ਦੀ ਨਿੱਠ ਕੇ ਪੈਰਵੀ ਕਰ ਸਕਦਾ ਹੈ। 'ਤਾਨੀਆਂ ਦੀ ਪ੍ਰੇਮ ਕਹਾਣੀ' ਇਸ ਤੱਥ ਦੀ ਨਿੱਗਰ ਉਦਾਹਰਣ ਬਣਦੀ ਹੈ। ਇਸ ਤੋਂ ਇਲਾਵਾ ਵੀ ਇਸ ਪੁਸਤਕ ਦੀ 'ਨੀਲੀਆਂ ਅੱਖਾਂ' ਨਾਮੀਂ ਕਹਾਣੀ ਦਾ ਮੁੱਖ ਪਾਤਰ ਪ੍ਰੋ. ਕੀਮਤੀ ਲਾਲ, 'ਮਾਇਆ ਜਾਲ' ਦਾ ਮੁੱਖ ਪਾਤਰ ਰਵੀ, 'ਵਿਚਲੀ ਔਰਤ' ਕਹਾਣੀ ਦਾ ਚਰਨਜੀਤ, 'ਫਾਸਲਾ' ਕਹਾਣੀ ਦਾ ਐਸ. ਡੀ. ਐਮ ਪਾਤਰ ਤੇਜਵੰਤ ਅੱਜ ਦੇ ਉਪਭੋਗੀ ਕਲਚਰ ਅੰਦਰ ਗਲ੍ਹ-ਗਲ੍ਹ ਤੱਕ ਡੁੱਬ ਹੋ ਕੇ ਵੀ ਆਪਣੀ ਹੋਂਦ ਅੰਦਰਲੇ ਆਦਰਸ਼ ਦੀ ਪੈਰਵੀ ਕਰਨ ਵਿੱਚ ਸਫ਼ਲ ਹੋਏ ਹਨ।

'ਹੈਲੋ ਮੈਂ ਕਿੱਟੀ ਬੋਲ ਰਹੀ ਹਾਂ' ਅਤੇ 'ਅਮਰ ਕਥਾ' ਬਦਲੇ ਸਮਾਜਕ ਵਰਤਾਰੇ ਉੱਤੇ ਲੁਕਵਾਂ ਵਿਅੰਗ ਕੱਸਦੀਆਂ ਕਹਾਣੀ ਖੇਤਰ ਵਿਚ ਆਪਣਾ ਵਿਸ਼ੇਸ਼ ਸਥਾਨ ਬਣਾਉਂਦੀਆਂ ਹਨ। ਕਹਾਣੀਆ 'ਨੋ-ਮੈਨਜ਼ ਲੈਂਡ' ਅਤੇ 'ਖੁਸ਼ਬੋ' ਉਪ ਭਾਵੁਕਤਾ ਦੀ ਉੱਪਜ ਹੋਣ ਕਾਰਨ ਭਾਵੇਂ ਕੋਈ ਨਿੱਗਰ ਪ੍ਰਭਾਵ ਨਹੀਂ ਸਿਰਜ ਸਕੀਆਂ ਤਾਂ ਵੀ ਇਹਨਾਂ ਅੰਦਰਲੀ ਖੁਸ਼ਬੋ ਦੋਨਾਂ ਪੰਜਾਬਾਂ ਅੰਦਰਲੇ ਸੰਵੇਦਨਸ਼ੀਲ ਵਰਗ ਰਾਹੀਂ ਦੋਨਾਂ ਮੁਲਕਾਂ ਦੇ ਜਨਸਾਧਾਰਨ ਦੀਆਂ ਅਕਾਂਖਿਆਵਾਂ ਦੀ ਭਰਪੂਰ ਤਰਜਮਾਨੀ ਕਰਦੀ ਹੈ।

ਨਿਸਚੈ ਹੀ ਤਲਵਿੰਦਰ ਦੀ ਇਸ ਪੁਸਤਕ ਦੀਆਂ ਕਹਾਣੀਆਂ ਨੇ ਉਸਦੀ ਕਹਾਣੀ ਯਾਤਰਾ ਦਾ ਇਕ ਹੋਰ ਪੜ ਤੈਅ ਕਰ ਲਿਆ ਹੈ। *—ਲਾਲ ਸਿੰਘ*

## ਮਹਿਕਦੀ ਤਨਹਾਈ *(ਸੁਖਦੇਵ ਸਿੰਘ ਗਰੇਵਾਲ)*

'ਮਹਿਕਦੀ ਤਨਹਾਈ' ਪ੍ਰਸਿੱਧ ਗਜ਼ਲਗੋ ਸੁਖਦੇਵ ਸਿੰਘ ਗਰੇਵਾਲ ਦਾ ਚੌਥਾ ਗ਼ਜ਼ਲ ਸੰਗ੍ਰਹਿ ਹੈ। ਦਰਜਨ ਭਰ ਸਮਿਲਤ ਪੁਸਤਕਾਂ ਵਿੱਚ ਵੀ ਸ਼ਾਇਰ ਸ਼ਾਮਲ ਹੈ। ਭਾਵੇਂ ਉਸ ਨੇ ਇੱਕ ਕਹਾਣੀ ਸੰਗ੍ਰਹਿ, ਇੱਕ ਕਾਵਿ ਸੰਗ੍ਰਹਿ ਅਤੇ ਇਕ ਗੀਤ ਸੰਗ੍ਰਹਿ ਵੀ ਪੰਜਾਬੀ ਮਾਂ ਨੂੰ ਦਿੱਤੇ ਹਨ ਪਰ ਗ਼ਜ਼ਲ ਵਿੱਚ ਉਸਦਾ ਖਾਸ ਸਥਾਨ ਹੈ। 'ਉਦਾਸ ਸੂਰਜ', 'ਚਿੱਟੇ ਲਫ਼ਜ਼ ਉਦਾਸੇ ਰੰਗ' ਅਤੇ 'ਸਹਿਮੀ ਰੌਸ਼ਨੀ' ਗ਼ਜ਼ਲ ਸੰਗ੍ਰਹਿ ਉਸਦੇ ਕਾਫੀ ਚਰਚਿਤ ਰਹੇ ਹਨ। ਮਹਿਕਦੀ ਤਨਹਾਈ ਏਸੇ ਵਰ੍ਹੇ (2001) ਛਪੀ ਪੁਸਤਕ ਹੈ ਜਿਸ ਨੇ ਗਰੇਵਾਲ ਦਾ ਕੱਦ-ਬੁੱਤ ਹੋਰ ਉੱਚਾ ਕੀਤਾ ਹੈ।



80 ਸਫਿਆਂ ਦੀ ਪੇਪਰ ਬੈਕ ਪੁਸਤਕ ਵਿੱਚ ਕੁੱਲ 68 ਗ਼ਜ਼ਲਾਂ ਹਨ। ਪੁਸਤਕ ਦੇ ਅਖੀਰ ਵਿੱਚ ਕੁਝ ਪ੍ਰਸਿੱਧ ਸਾਹਿਤਕ ਸ਼ਖਸੀਅਤਾਂ ਤੋਂ 'ਰਾਹਦਾਰੀਆਂ' ਲਿਖਵਾ ਕੇ ਚੇਪੀਆਂ ਗਈਆਂ ਹਨ। ਸਵੈ-ਦ੍ਰਿਸ਼ਟਤ ਭੂਮਿਕਾ ਗਰੇਵਾਲ ਨੇ ਖ਼ੁਦ ਲਿਖੀ ਹੈ। ਪੁਸਤਕ ਦਾ ਮੁੱਲ ਪੂਰਾ ਸੌ ਰੁਪਇਆ ਹੈ ਜੋ 'ਅਸਲ ਪਾਠਕਾਂ' ਨੂੰ ਜ਼ਰੂਰ ਔਖਿਆਂ ਕਰੇਗਾ। ਪੁਸਤਕ ਦੀ ਛਪਾਈ ਅਤੇ ਸਟਾਈਲ, ਟਾਈਟਲ ਬਹੁਤ ਵਧੀਆ ਹੈਂ। ਬੈਕ ਟਾਈਟਲ ਉੱਤੇ ਗਰੇਵਾਲ ਦੀ ਵੱਡੀ ਤਸਵੀਰ ਵੀ ਹੈ।

ਸੁਖਦੇਵ ਸਿੰਘ ਗਰੇਵਾਲ ਹੁਣ ਜਜ਼ਬਾਤ ਦੇ ਪਰਬਤੀ ਰਸਤਿਆਂ ਚੋਂ ਗੁਜ਼ਰ ਕੇ ਮੈਦਾਨੀ ਦਰਿਆ ਵਾਂਗ ਧਰਤੀ ਬਰੋਬਰ ਵਗਦਾ ਵਿਚਰਦਾ ਹੈ। ਏਸੇ ਵਾਸਤੇ ਵਿਸ਼ਵਾਸ ਅਤੇ ਪੁਖਤਗੀ ਠਰ੍ਹੰਮੇ ਭਰੇ ਸੰਜਮੀ ਸ਼ਿਅਰਾਂ ਵਿੱਚ ਝਲਕਦੀ ਹੈ। ਹੁਣ ਉਹ ਸੁੱਤੇ ਸਿੱਧ ਹੀ 'ਸਿਆਣਿਆ' ਵਾਂਗ ਕੰਮ ਦੀ ਗੱਲ ਕਰਦਾ ਹੈ। ਉਹ ਉੱਚੀ ਬੋਲ-ਖਿਝ ਕੇ ਗੱਲ ਨਹੀਂ ਮਨਵਾਉਂਦਾ ਸਗੋਂ ਸਿੱਕੇ ਬੰਦ ਸਬੂਤ ਪੇਸ਼ ਕਰਦਾ ਹੈ। ਗਰੇਵਾਲ ਦੀ ਸ਼ਾਇਰੀ ਵਿੱਚ ਜਿੱਥੇ ਸਪਸ਼ਟਤਾ, ਸਾਦਗੀ, ਸਰਲਤਾ ਤੇ ਤਰਲਤਾ ਹੈ ਉਥੇ ਸ਼ਿੱਦਤੀ ਬੁਲੰਦੀ ਅਤੇ ਸੰਜੀਦਾ ਡੂੰਘਾਈ ਵੀ ਵਿਦਮਾਨ ਹੈ।

ਗਰੇਵਾਲ ਬਾਬਹਿਰ ਸ਼ਾਇਰ ਹੈ। ਕੁਲ ਗ਼ਜ਼ਲਾਂ ਅਰੂਜ਼ੀ ਬਹਿਰ ਵਿੱਚ ਹਨ। ਪਰ ਇੱਕਾਹਠ ਗ਼ਜ਼ਲਾਂ ਕੇਵਲ ਰਮਲ ਬਹਿਰ ਵਿੱਚ ਰੱਖ ਕੇ ਉਸ ਨੇ ਵਿਵਿਧਤਾ ਦੀ ਗਰੀਬੀ ਪਾ ਦਿੱਤੀ ਹੈ। ਉਸਤਾਦ ਲੋਕ ਜਾਣਦੇ ਹਨ ਕਿ ਇੱਕ ਹੀ ਬਹਿਰ ਵਿੱਚ ਭਾਸ਼ਾ ਦੀ ਅਨੁਰੂਪਤਾ ਕਰਕੇ ਖਿਆਲਾਂ ਦੀ ਵਿਸ਼ਾਲਤਾ ਵੀ ਸੰਕੁਚਤ ਹੋ ਜਾਂਦੀ ਹੈ। ਨਵੇਂ ਬਹਿਰ ਅਰਥਾਂ ਦੇ ਨਵੇਂ ਮੁਹਾਜ਼ ਸਿਰਜਦੇ ਹਨ। ਜਿੱਥੇ ਫੈਸ਼ਨ ਦੇ ਤੌਰ 'ਤੇ 'ਅਨੇਕਾਂ' ਬਹਿਰ ਵਰਤਣੇ ਗਲਤ ਹੁੰਦੇ ਹਨ ਉਥੇ ਗਰੇਵਾਲ ਵਾਂਗ ਇੱਕ ਹੀ ਬਹਿਰ ਵਿੱਚ ਪੁਸਤਕ ਰਚਣਾ ਵੀ ਕੋਈ ਖੂਬੀ ਨਹੀਂ ਹੈ।

ਪੁਸਤਕ ਵਿੱਚਲੀਆਂ ਗ਼ਜ਼ਲਾਂ ਵਿੱਚ ਪੰਜਾਬੀ ਮਿੱਟੀ ਦੀ ਸੁਗੰਧ ਹੈ ਪਰ ਕੁਝ ਸ਼ਬਦ ਕਾਫੀਆ ਮੇਲ ਕਰਕੇ ਗਲਤ ਬੰਨ੍ਹੇ ਹਨ। ਮਿਸਾਲ ਵਜੋਂ ਸਫਾ 60 ਉਤਲੀ ਗ਼ਜ਼ਲ ਦੇ ਮਤਲੇ ਵਿੱਚ ਆਰਾਮ ਦੇ ਬਰਅਕਸ ਸ਼ਬਦ ਗਾਮ ਰੱਖ ਕੇ ਠੀਕ ਨਹੀਂ ਕੀਤਾ। ਗਾਮ ਇਕ ਮਾਰੂਸ ਸ਼ਬਦ ਹੈ ਜਿਸਦਾ ਅਰਥ ਫਾਰਸੀ ਵਿੱਚ ਕਦਮ ਅਤੇ ਸੰਸਕ੍ਰਿਤ ਵਿੱਚ ਹਰਕਤ ਹੁੰਦਾ ਹੈ। ਗ਼ਜ਼ਲਾਂ ਵਿੱਚ ਕੁਝ ਗੰਭੀਰ ਉਕਾਈਆਂ ਵੀ ਹਨ ਜਿਵੇਂ ਕਾਫੀਆ ਰਦੀਫ ਮੇਲ ਵਾਸਤੇ ਜਾਂਦੀ ਨੂੰ ਜਾਣਦੀ 'ਭਾਵੇ' ਨੂੰ 'ਭਵੇਂ' ਬੰਨਣਾ ਅਤੇ 'ਚੱਲੀਆਂ' ਲਾਲ 'ਚਲੀਆ' ਕਾਫੀਆ ਵੀ ਗਲਤ ਹੈ ਬਹੁਤ ਸਾਰੇ ਐਸੇ ਸ਼ਬਦ ਵੀ ਕਾਫੀਆ ਲਭ ਵਾਸਤੇ ਵਰਤੇ ਹਨ ਜੋ ਹੁਣ ਲੋਕ ਮਾਨਤਾ ਨਹੀਂ ਰੱਖਦੇ ਜਿਵੇਂ 'ਪਿਅੰਬਰ' 'ਅਸੀਂ ਮਿਲ ਲੈਂਦੇ ਹਾਂ' ਨੂੰ ਮਿਲ ਅਸੀਂ ਲੈਂਦੇ ਲਿਖਣਾ ਵੀ ਗਲਤ ਹੈ।

ਪੁਸਤਕ ਵਿਚਲੀਆਂ ਨਿੱਕੀਆਂ ਮੋਟੀਆਂ ਉਕਾਈਆਂ ਆਮ ਪਾਠਕ ਦੇ ਕਾਵਿ ਪਾਠ ਵਿੱਚ ਵਿਘਨ ਨਹੀਂ ਪਾਉਂਦੀਆਂ। ਭਾਸ਼ਾ ਮਿਆਰੀ ਅਤੇ ਸੰਚਾਰ ਦੀ ਵਾਹਕ ਹੈ। ਇਹ ਪੁਸਤਕ ਉਹ ਸਾਰੇ ਗੁਣ ਸਮੋਈ ਹੋਈ ਹੈ ਜਿਸ ਕਰਕੇ ਪੰਜਾਬੀ ਪਾਠਕਾਂ ਵਿੱਚ ਇਹ ਆਪਣਾ ਸਥਾਨ ਬਣਾ ਲਵੇਗੀ। ਸਾਹਿਤਕ ਹਲਕੇ ਵੀ ਇਸਦਾ ਨੋਟਿਸ ਵਿਸ਼ੇਸ਼ ਤੌਰ 'ਤੇ ਲੈਣਗੇ। *—ਸੁਲੱਖਣ ਸਰਹੱਦੀ*

## ਬਿੰਦੂ ਤੋਂ ਉਰੇ *(ਨਦੀਮ ਪਰਮਾਰ)*

ਨਦੀਮ ਪਰਮਾਰ ਅਸਲ ਵਿਚ ਉਰਦੂ ਜ਼ੁਬਾਨ ਦਾ ਸ਼ਾਇਰ ਹੈ। ਉਸ ਨੂੰ ਅਰੂਜ਼ ਅਤੇ ਪਿੰਗਲ ਦਾ ਭਲੀਭਾਂਤ ਗਿਆਨ ਹੈ। ਪੰਜਾਬੀ ਸਾਹਿਤ ਵਿੱਚ ਗ਼ਜ਼ਲ ਨੇ ਫਾਰਸੀ ਤੋਂ ਉਰਦੂ ਰਾਹੀਂ ਪਰਵੇਸ਼ ਕੀਤਾ ਹੈ। ਕੁਦਰਤੀ ਹੈ ਕਿ ਨਦੀਮ ਦੀ ਪੰਜਾਬੀ ਗ਼ਜ਼ਲ ਉੱਤੇ ਉਰਦੂ ਦਾ ਪ੍ਰਭਾਵ ਹੋਵੇ। ਪੰਜਾਬੀ ਸਾਹਿਤ ਵਿਚ ਆਧੁਨਿਕ ਕਵਿਤਾ ਦੇ ਅਨੁਯਾਈਆਂ ਦੇ ਤਿੱਖੇ ਅਤੇ ਸਖਤ ਵਿਰੋਧ ਦੇ ਬਾਵਜੂਦ ਇਸ ਸਿਨਫ ਨੇ ਪੰਜਾਬੀ ਦੇ ਮਹਾਨ ਕਵੀ ਪ੍ਰੋ. ਮੋਹਨ ਸਿੰਘ ਤੋਂ ਲੈ ਕੇ ਡਾ. ਜਗਤਾਰ ਅਤੇ ਸੁਰਜੀਤ ਪਾਤਰ ਤੱਕ ਦੇ ਸਫ਼ਰ ਵਿਚ ਆਪਣਾ ਸਤਿਕਾਰਯੋਗ ਸਥਾਨ ਪ੍ਰਾਪਤ ਕਰ ਲਿਆ ਹੈ। ਸਮਕਾਲੀ ਦੌਰ ਵਿਚ ਢੇਰ ਸਾਰੀ ਗ਼ਜ਼ਲ ਦੀ ਰਚਨਾ ਹੋ ਰਹੀ ਹੈ ਭਾਵੇਂ ਕਿ ਇਸ ਵਿਚ ਵਿਸ਼ੇ ਅਤੇ ਰੂਪਕ ਪੱਖੋਂ ਕੱਚਿਆਈ ਨੂੰ ਅੱਖੋਂ ਪਰੋਖੇ

ਨਹੀਂ ਕੀਤਾ ਜਾ ਸਕਦਾ। ਸਾਹਿਤ ਸਿਰਜਣਾ ਦੇ ਖੇਤਰ ਵਿੱਚ ਨਦੀਮ ਦਾ ਆਪਣਾ ਮਾਂ ਬੋਲੀ ਪੰਜਾਬੀ ਵੱਲ ਪਰਤਣਾ ਸ਼ੁੱਭ ਸ਼ਗਨ ਹੈ।

ਆਪਣੀ ਨਿੱਜੀ ਜਾਣ-ਪਛਾਣ ਇਸ ਪੁਸਤਕ ਦੇ ਆਰੰਭ ਵਿੱਚ ਉਹ ਕੁੱਝ ਇਸ ਤਰ੍ਹਾਂ ਕਰਵਾਉਂਦਾ;

'ਭਰਾ ਜੀ ਕਿੱਥੋ ਆਏ ਹੋ? ਜਦੋਂ ਕੋਈ ਇਹ ਪੁਛਦਾ ਹੈ
ਤਾਂ ਇਜ਼ਤ ਤੇ ਫ਼ਖਰ ਦੇ ਨਾਲ ਹਿੰਦੋਸਤਾਨ ਕਹਿਨਾ ਵਾਂ।
'ਪੈਦਾਇਸ਼ ਦੀ ਹੈ ਥਾਂ ਕਿਹੜੀ? ਜਦੋਂ ਅੱਗੋ ਉਹ ਪੁੱਛਦਾ ਹੈ।
ਤਾਂ ਆਦਰ ਤੇ ਅਦਬ ਦੇ ਨਾਲ ਪਾਕਿਸਤਾਨ ਕਹਿਨਾ ਵਾਂ।

ਨਦੀਮ ਨੂੰ ਮਨੁੱਖੀ ਸਾਂਝ ਨਾਲ ਇਸ਼ਕ ਹੈ। ਉਹ ਧਰਮਾਂ ਦੇ ਨਾਂ ਉਤੇ ਇਨਸਾਨੀਅਤ ਦੀ ਵੰਡ ਨੂੰ ਆਪਣੇ ਸ਼ਿਅਰਾਂ ਵਿੱਚ ਬੜੀ ਸਾਦਗੀ ਅਤੇ ਸਪੱਸ਼ਟਤਾ ਨਾਲ ਵੰਗਾਰਦਾ ਹੈ। ਉਸ ਦਾ ਰਚਨਾ ਸੰਸਾਰ ਇਕ ਬਿੰਦੂ ਤੋਂ ਆਰੰਭ ਹੋ ਕੇ ਪੂਰੇ ਬ੍ਰਹਿਮੰਡ ਤੱਕ ਫੈਲਿਆ ਹੋਇਆ ਹੈ।

1. ਜੀਣ ਦੇ ਜਜ਼ਬੇ ਜਦੋਂ ਮਜ਼ਬ੍ਹੀ ਜਨੂੰ ਵਿਚ ਢਲ ਗਏ।
ਜ਼ਿੰਦਗੀ ਕੀ ਮੌਤ ਦੇ ਮੂੰਹ ਤੇ ਸਿਆਹੀ ਮਲ ਗਏ।
2. ਕਿਹੜੀ ਬੋਲੀ 'ਚ ਤੈਨੂੰ ਵਾਜ ਮਾਰਾਂ
ਕਿ ਬੰਦਾ ਬੋਲੀਆਂ 'ਤੇ ਲੜ ਰਿਹਾ ਹੈ।

ਉਸ ਨੇ ਇਸ ਪੂੰਜੀਵਾਦੀ ਵਿਵਸਥਾ ਦੀ ਬਾਹਰੀ ਚਮਕ-ਦਮਕ ਨੂੰ ਘੋਖ ਲਿਆ ਹੈ ਜਿਸ ਦੇ ਧਰਾਤਲ ਹੇਠ ਇਨਸਾਨੀ ਰਿਸ਼ਤੇ ਮੰਡੀ ਦੀ ਇਕ ਜਿਣਸ ਬਣ ਕੇ ਰਹਿ ਜਾਂਦੇ ਹਨ। ਪੱਛਮੀ ਸਭਿਅਤਾ ਮੁਨਾਫ਼ੇ ਦੀ ਧੁਰੀ ਦੁਆਲੇ ਹੀ ਘੁੰਮਦੀ ਹੈ। ਉਸ ਦੀ ਕਲਮ ਸਿੱਧੀ ਸਾਦੀ ਬੋਲੀ ਵਿਚ ਇਸ ਤਰ੍ਹਾਂ ਬਿਆਨ ਕਰਦੀ ਹੈ-

ਨਕਲ ਕਰ ਲਈ ਬਥੇਰੀ ਹੈ ਤੁਸੀਂ ਪੱਛਮ ਦੇ ਕਵੀਆਂ ਦੀ
ਮਿਰੇ ਸਾਹਿਤ ਦੇ ਹੱਥ ਵਿੱਚ ਸੱਭਿਅਤਾ ਦੀ ਆਰਸੀ ਦੇਵੋ। (ਸਫਾ 21)

ਗ਼ਜ਼ਲ ਸਾਹਿਤ ਦੀ ਅਜਿਹੀ ਸਿਨਫ ਹੈ ਜਿਸ ਵਿੱਚ ਅਰੂਜ਼ ਦਾ ਗਿਆਨ, ਬਹਿਰਾਂ ਦਾ ਅਭਿਆਸ ਅਤੇ ਸਖਤ ਮਿਹਨਤ ਦੀ ਲੋੜ ਹੈ। ਉਸਤਾਦ ਸ਼ਾਇਰ ਵਲੋਂ ਨਵੇਂ ਸ਼ਾਇਰਾਂ ਦੀ ਅਗਵਾਈ ਅਤੇ ਇਸਲਾਹ ਦੀ ਗੁੰਜਾਇਸ਼ ਹਮੇਸ਼ਾ ਬਣੀ ਰਹਿੰਦੀ ਹੈ। ਸ਼ਿਅਰ ਵਿਚ ਇਕ ਵੀ ਅਢੁੱਕਵਾਂ ਲਫਜ਼ ਸ਼ਿਅਰ ਦਾ ਸਤਿਆਨਾਸ ਕਰ ਦਿੰਦਾ ਹੈ। ਸ਼ਿਅਰ ਵਿਚ ਮਾਤਰਾਵਾਂ ਅਤੇ ਉਨ੍ਹਾਂ ਦੀ ਤਰਤੀਬ ਵੀ ਗ਼ਜ਼ਲ ਦੀ ਬਹਿਰ ਅਨੁਸਾਰ ਹੋਣੇ ਲਾਜ਼ਮੀ ਹਨ। ਨਦੀਮ ਕਚਘੜ ਪੰਜਾਬੀ ਗ਼ਜ਼ਲਗੋਆਂ ਬਾਰੇ ਇਸ ਤਰ੍ਹਾਂ ਕਟਾਖਸ਼ ਕਰਦਾ ਹੈ।

ਪੰਜਾਬੀ ਗ਼ਜ਼ਲਾਂ ਵਿਚ ਤਗ਼ਜ਼ਲ ਦੁਰਲੱਭ ਪਰ
ਹਰ ਸ਼ਾਇਰ ਉਸਤਾਦ ਸੁਣੀਂਦਾ ਬਹਿਰਾਂ ਦਾ (ਸਫਾ 25)

ਖ਼ੁਦ ਗ਼ਜ਼ਲ ਦੀ ਪਰਿਭਾਸ਼ਾ ਹੇਠ ਲਿਖੇ ਅਨੁਸਾਰ ਕਰਦਾ ਹੈ-

ਰੂਪ ਸਾਦਾ, ਬੋਲ ਮਿੱਠੜੇ, ਹੋਣ ਜਿਸ ਮੁਟਿਆਰ ਦੇ
ਸਾਡੀਆਂ ਨਜ਼ਰਾਂ 'ਚ ਮਿਤਰੋ ਉਹ ਹੀ ਅਖਵਾਉਂਦੀ ਗ਼ਜ਼ਲ

ਏਥੇ ਇਹ ਵਰਣਨ ਕਰਨਾ ਬੇਲੋੜਾ ਨਹੀਂ ਕਿ ਨਦੀਮ ਦੀ ਗ਼ਜ਼ਲ ਵਿਚ ਨਵੀਨਤਾ, ਤਾਜ਼ਗੀ ਅਤੇ ਮੌਲਿਕਤਾ ਦੀ ਘਾਟ ਮਹਿਸੂਸ ਹੁੰਦੀ ਹੈ ਕਿਉਂਕਿ ਨਦੀਮ ਉਰਦੂ ਰਾਹੀਂ ਪੰਜਾਬੀ ਵਿਚ ਪ੍ਰਵੇਸ਼ ਕਰਦਾ ਹੈ ਇਸ ਲਈ ਉਸ ਨੂੰ ਸਪਾਟ ਬਿਆਨਬਾਜ਼ੀ ਦੀਆਂ ਸਮੱਸਿਆਵਾਂ ਦਰਪੇਸ਼ ਹਨ। ਤਕਨੀਕ ਪੱਖੋਂ ਪਰਖਿਆਂ ਵੀ ਵਜ਼ਨ ਦੀਆਂ ਊਣਤਾਈਆਂ ਰੜਕਦੀਆਂ ਹਨ। ਇਸ ਦਾ ਪ੍ਰਮੁੱਖ ਕਾਰਨ ਸ਼ਾਇਦ ਉਰਦੂ ਅਤੇ ਪੰਜਾਬੀ ਬੋਲੀ ਦੇ ਸ਼ਬਦਾਂ ਵਿਚ ਉਚਾਰਣ ਦੀ ਭਿੰਨਤਾ ਹੋਵੇ।

ਉਸ ਨੇ ਇਕ ਸਮਕਾਲੀ ਨੇ ਉਸ ਦੇ ਆਪਣੇ ਹੀ ਪਰਚੇ 'ਗ਼ਜ਼ਲ' ਦੇ ਜੁਲਾਈ-ਸਤੰਬਰ 2001 ਦੇ ਅੰਕ ਵਿੱਚ 'ਬਿੰਦੂ ਤੋਂ ਉਰੇ' ਦਾ ਰਿਵਿਊ ਕਰਦਿਆਂ ਕੁੱਝ ਕਮਜ਼ੋਰੀਆਂ ਦਾ ਜ਼ਿਕਰ ਵੀ ਕੀਤਾ ਹੈ।



ਪਰੰਤੂ ਰੀਵਿਊਕਾਰ ਨੇ ਸਫਾ 20 ਉੱਤੇ 'ਹੈ' ਸ਼ਬਦ ਦੇ ਪ੍ਰਯੋਗ ਦੇ ਪ੍ਰਸੰਗ ਵਿੱਚ 'ਕਿਰਿਆ ਦੋਸ਼' ਦਾ ਜੋ ਉਲੇਖ ਕੀਤਾ ਹੈ, ਇਹ ਦੋਸ਼ ਦਰੁਸਤ ਪ੍ਰਤੀਤ ਨਹੀਂ ਹੁੰਦਾ। ਕਿਰਿਆ ਸ਼ਬਦ ਦੋਹਾਂ ਹੀ ਥਾਵਾਂ 'ਤੇ ਵਰਤਿਆ ਜਾ ਸਕਦਾ ਹੈ। ਕਈ ਵਾਰੀਂ ਮਿਸਰਾ ਸਾਨੀ ਵਿੱਚ ਰਦੀਫ ਵਜੋਂ ਵਰਤਿਆ ਕਿਰਿਆ ਸ਼ਬਦ ਜੇਕਰ ਮਿਸਰਾ ਅਵਲ ਦੇ ਅਖੀਰ ਵਿਚ ਵੀ ਵਰਤਿਆ ਜਾਵੇ ਤਾਂ ਸੰਗੀਤਕਾਰ ਲਈ ਸ਼ਿਅਰ ਨੂੰ ਸੁਰੱਬਧ ਕਰਨ ਵਿਚ ਅੜਚਣ ਪੈਦਾ ਹੋ ਜਾਂਦੀ ਹੈ। ਏਥੇ ਇਹ ਅਵੱਸ਼ ਯਾਦ ਰੱਖਣਾ ਚਾਹੀਦਾ ਹੈ ਕਿ ਕਾਫੀਆ-ਰਦੀਫ ਗ਼ਜ਼ਲ ਵਿਚ ਮਿਠਾਸ ਅਤੇ ਸੰਗੀਤ ਪੈਦਾ ਕਰਨ ਦਾ ਜ਼ਿੰਮੇਦਾਰ ਹੁੰਦਾ ਹੈ। ਮਿਸਰਿਆਂ ਦੀ ਤਰਤੀਬ ਇਸ ਪ੍ਰਕਾਰ ਹੁੰਦੀ ਹੈ ਕਿ ਪਾਠਕ ਸਰੋਤੇ ਦੂਸਰੇ ਮਿਸਰੇ ਦੇ ਅੰਤ ਉੱਤੇ ਕਾਫੀਏ-ਰਦੀਫ ਦਾ ਇੰਤਜ਼ਾਰ ਕਰਦੇ ਹਨ ਅਤੇ ਜਦੋਂ ਕਾਫੀਆ ਰਦੀਫ ਆਉਂਦਾ ਹੈ ਤਾਂ ਦਿਲ ਨੂੰ ਡਾਢਾ ਆਨੰਦ ਮਹਿਸੂਸ ਹੁੰਦਾ ਹੈ। ਪਹਿਲੇ ਮਿਸਰੇ ਵਿਚ ਕਿਰਿਆ ਸ਼ਬਦ ਪਹਿਲਾਂ ਲਿਆਉਣ ਨਾਲ ਦੋਸ਼ ਉਤਪਨ ਨਹੀਂ ਹੁੰਦਾ। ਸਗੋਂ ਸ਼ਿਅਰ ਨੂੰ ਸੁਰਬੱਧ ਕਰਨ ਵਿਚ ਸਹਾਇਤਾ ਮਿਲਦੀ ਹੈ। ਹਾਂ ਜੇ ਅਜਿਹੇ ਅਮਲ ਵਿਚ ਸ਼ੇਅਰ ਬੇ-ਬਹਿਰ ਹੋ ਜਾਵੇ ਤਾਂ ਦੋਸ਼ ਠੀਕ ਹੈ। ਕਿਰਿਆ ਸ਼ਬਦ ਦੀ ਥਾਂ ਬਦਲੀ ਉਸਤਾਦ ਗ਼ਜ਼ਲ-ਗੋ ਜਨਾਬ ਦੀਪਕ ਜੈਤੋਈ ਸਾਹਿਬ ਨੇ ਵੀ ਬੱਝਵਾਂ ਸੰਗੀਤਕ ਪ੍ਰਭਾਵ ਪੈਦਾ ਕਰਨ ਲਈ ਆਪਣੇ ਸ਼ਿਅਰਾਂ ਵਿੱਚ ਕੀਤੀ ਹੈ।

ਆਸ ਹੈ ਕਿ ਭਵਿਖ ਵਿੱਚ ਉਹ ਸ਼ਬਦਾਂ ਨੂੰ ਪੰਜਾਬੀ ਮੁਹਾਵਰੇ ਵਿਚ ਢਾਲਣ ਲਈ ਪੇਸ਼ ਆਉਂਦੀਆਂ ਉਚਾਰਣ ਆਦਿ ਦੀਆਂ ਸਮੱਸਿਆਵਾਂ ਨੂੰ ਅਭਿਆਸ ਨਾਲ ਦੂਰ ਕਰਕੇ ਆਪਣੀਆਂ ਵਜ਼ਨ ਆਦਿ ਦੀਆਂ ਤਰੁੱਟੀਆਂ ਉੱਤੇ ਕਾਬੂ ਪਾ ਲਵੇਗਾ।

*—ਗੁਰਨਾਮ ਢਿੱਲੋਂ*

## ਜ਼ਿੰਦਗੀ ਦੇ ਸੁਹਜ ਦੀ ਰਚਨਾ-ਰੰਗਾਂ ਦਾ ਦਰਿਆ

ਡਾ. ਗੁਰਬਖ਼ਸ਼ ਸਿੰਘ ਭੰਡਾਲ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਤੇ ਹੱਥ ਅਜ਼ਮਾ ਰਿਹਾ ਹੈ। ਪਹਿਲਾਂ ਉਸਦਾ ਕਾਵਿ ਸੰਗ੍ਰਹਿ 'ਹੌਕੇ ਦੀ ਜੂਨ' ਅਤੇ ਉਸਤੋਂ ਬਾਅਦ ਸਫ਼ਰਨਾਮਾ 'ਸੁਪਨਿਆਂ ਦੀ ਜੂਹ-ਕੈਨੇਡਾ' ਅਤੇ ਹੁਣ ਗੀਤਾਤਮਕ ਸ਼ੈਲੀ ਵਿੱਚ ਪਰੋਈ ਹੋਈ ਪੁਸਤਕ 'ਰੰਗਾਂ ਦਾ ਦਰਿਆ' ਪਾਠਕਾਂ ਦੇ ਰੂਬਰੂ ਹੋਈ ਹੈ। ਇਸ ਪੁਸਤਕ ਵਿਚ ਡਾ. ਭੰਡਾਲ ਨੇ ਜੀਵਨ ਵਿਚਲੇ ਉਹਨਾਂ ਪੱਖਾਂ ਨੂੰ ਚਿੱਤਰਨ ਦਾ ਯਤਨ ਕੀਤਾ ਹੈ ਜੋ ਬਹੁਤ ਮਹੱਤਵਪੂਰਨ ਹਨ ਪ੍ਰੰਤੂ ਵਰਤਮਾਨ ਮਸ਼ੀਨੀ ਮਨੁੱਖ ਇਹਨਾਂ ਪੱਖਾਂ ਤੋਂ ਦੂਰ ਭੱਜਦਾ ਹੋਇਆ ਜ਼ਿੰਦਗੀ ਦੇ ਸਾਰਥਿਕ ਸਰੋਕਾਰਾਂ ਨੂੰ ਪਿੱਠ ਵਿਖਾਈ ਜਾ ਰਿਹਾ ਹੈ। ਡਾ. ਭੰਡਾਲ ਜੀਵਨ ਵਿਚਲੇ ਸੁਪਨਿਆਂ ਦਾ 'ਸ਼ੈਦਾਈ' ਹੈ ਅਤੇ ਇਸ ਸਮੁੱਚੀ ਪੁਸਤਕ ਵਿਚ ਉਹ ਸੁਪਨੇ ਨੂੰ ਆਦਰਸ਼ ਅਤੇ ਸਾਰਥਿਕ ਪੱਖ ਵਜੋਂ ਪੇਸ਼ ਕਰਦਾ ਹੈ। ਵਰਤਮਾਨ ਸਮੇਂ ਵਿਚ ਸੁਪਨਾ ਇੱਕ ਮਹੱਤਵਪੂਰਨ ਅੰਗ ਹੋਣ ਦੀ ਬਜਾਏ ਹਾਸ਼ੀਏ ਵੱਲ ਧੱਕੇ ਜਾਣ ਦੀ ਪ੍ਰਕ੍ਰਿਆ ਵਿੱਚ ਹੈ। ਜ਼ਿੰਦਗੀ ਦੇ ਸੁਹਜ ਨੂੰ ਉਭਾਰਨ ਵਾਲਾ ਸੁਪਨਾ ਨਿਰਾਸ਼ਾ, ਬੇਗਾਨਗੀ ਜਿਹੇ ਕੋਹੜ ਦੇ ਸਿਤਮ ਦਾ ਸ਼ਿਕਾਰ ਹੈ। ਇਸਦਾ ਕਾਰਨ ਭਾਵੇਂ ਸਮੁੱਚਾ ਵਰਤਮਾਨ ਪ੍ਰਬੰਧ ਹੀ ਹੈ, ਜੋ ਸਾਨੂੰ ਸਿਰਫ਼ ਅੱਜ ਬਾਰੇ ਸੋਚਣ ਨੂੰ ਹੀ ਤਰਜੀਹ ਦਿੰਦਾ ਹੈ ਅਤੇ ਭਵਿੱਖ ਕਿਸੇ ਪ੍ਰੇਤ ਦੇ ਵੱਸ ਹੈ, ਜੋ ਸੁਪਨੇ ਨੂੰ ਮੌਤ ਵੱਲ ਧੱਕਣ ਦੇ ਆਹਰ ਵਿਚ ਹੈ। ਇਸੇ ਲਈ ਡਾ. ਭੰਡਾਲ ਜ਼ਿੰਦਗੀ ਦੇ ਭਰ ਵਗਦੇ ਖੂਹ 'ਚੋਂ ਚਰਿੱਤਰ, ਹੌਂਸਲਾ, ਸਹਿਜ, ਇੱਛਾ, ਰਹਿਮਦਿਲੀ, ਸਾਦਗੀ ਜਿਹੇ ਵੱਖ-ਵੱਖ ਸਰੋਕਾਰਾਂ ਨੂੰ, ਇਸ ਮਸ਼ੀਨੀ ਯੁੱਗ ਵਿਚੋਂ ਮਨਫ਼ੀ ਹੋ ਜਾਣ ਤੋਂ ਫਿਕਰਮੰਦ ਹੈ ਅਤੇ ਉਹ ਮਾਨਵੀ ਹੂਕ ਨਾਲ ਲਬਰੇਜ਼ ਉਸਦੀ ਕਲਮ ਜੀਵਨ ਦੇ ਇਹਨਾਂ ਮੁੱਲਾਂ ਨੂੰ ਲੱਭਣ ਅਤੇ ਫੜਨ ਦੀ ਤਲਾਸ਼ ਕਰਦੀ ਹੈ ਅਤੇ ਇਸ ਪੁਸਤਕ ਦਾ ਅਸਲੀ ਮਨੋਰਥ ਬਣ ਜਾਂਦੀ ਹੈ।

ਡਾ. ਭੰਡਾਲ ਸਾਡੇ ਪੂੰਜੀਵਾਦੀ ਯੁੱਗ ਵਿਚਲੇ ਦੋਗਲੇ 'ਚਰਿੱਤਰ' ਨੂੰ ਵੱਖ-ਵੱਖ ਧਰਾਤਲਾਂ ਅਤੇ ਰੂਪਾਂ ਵਿਚ ਪੇਸ਼ ਕਰਦਾ ਹੈ। ਇੱਕ ਪੱਖ ਜਿਵੇਂ ਬਾਲ ਮਜ਼ਦੂਰੀ ਜਿਹੇ ਘਿਨਾਉਣੇ ਸਮਾਜਕ ਕਿਰਦਾਰ ਨੂੰ ਪੇਸ਼ ਕਰਨਾ ਹੈ। ਕਹਿਣ ਨੂੰ ਤਾਂ ਭਾਵੇਂ ਚੌਦਾਂ ਸਾਲ ਤੋਂ ਘੱਟ ਬੱਚੇ ਤੋਂ ਮਜ਼ਦੂਰੀ ਕਰਵਾਉਣਾ ਕਾਨੂੰਨੀ

ਜੁਰਮ ਹੈ ਪ੍ਰੰਤੂ ਅਸੀਂ ਰੋਜ਼ ਹਜ਼ਾਰਾਂ ਬੱਚੇ ਮਜ਼ਦੂਰੀ ਕਰਦੇ, ਰੁਲਦੇ ਅਤੇ ਸੁਪਨਿਆਂ ਦੀ ਮੌਤ ਨੂੰ ਅੱਖੀਂ ਵੇਖਦੇ ਹਨ। 'ਜ਼ਿੰਦਗੀ ਦੇ ਗੀਤ' ਵਿੱਚ ਇਸੇ ਸੱਚ ਪ੍ਰਤੀ ਉਸਦਾ ਕਟਾਖਸ਼ ਹੈ ਕਿ "ਜੂਠੇ ਭਾਂਡੇ ਮਾਂਜਦਿਆਂ, ਭਾਂਡਿਆਂ ਦੇ ਟਕਰਾਉਣ 'ਚੋਂ ਨਿਕਲੀ ਸੁਰ, ਦਸ ਕੁ ਸਾਲ ਦੇ ਬੱਚੇ ਦੇ ਹੋਠਾਂ 'ਤੇ ਭਲਾ ਰਾਸ਼ਟਰੀ ਗੀਤ ਕਿਵੇਂ ਧਰ ਜਾਵੇਗੀ?" ਉਸਦਾ ਸਮੁੱਚਾ ਵਿਸ਼ਲੇਸ਼ਣ ਇਸ ਗੱਲ ਦੀ ਮੰਗ ਕਰਦਾ ਹੈ ਕਿ ਹਰ ਮਨੁੱਖ ਨੂੰ ਆਪਣੇ ਅੰਦਰ ਝਾਤੀ ਮਾਰਨੀ ਚਾਹੀਦੀ ਹੈ ਕਿ ਕੀ ਉਹ ਕੁਝ ਗਲਤ ਤਾਂ ਨਹੀਂ ਕਰ ਰਿਹਾ। ਜ਼ਿੰਦਗੀ ਨੂੰ ਜਿਉਣਾ ਤੇ ਉਹ ਵੀ ਮਾਨਵੀ ਰੂਪ ਕੀ ਮਨੁੱਖ ਇਸ ਸਮਾਜਿਕ ਜ਼ੁੰਮੇਵਾਰੀ ਨੂੰ ਨਿਭਾਅ ਰਿਹਾ ਹੈ?

ਗੀਤਾਤਮਕ ਨਿਬੰਧਾਂ ਦੀ ਪੁਸਤਕ 'ਰੰਗਾ ਦਾ ਦਰਿਆ' ਦੀ ਵਾਰਤਕ ਜ਼ਿਕਰਯੋਗ ਹੈ। ਵਰਤਮਾਨ ਸਮੇਂ ਵਿਚ ਕਾਵਿਕਤਾ ਦੀ ਅਣਹੋਂਦ ਦੇ ਬਾਵਜੂਦ ਇਸ ਪੁਸਤਕ ਦੀ ਸਿਰਜਣਾ ਇੱਕ ਬਿਖਮ ਪੈਂਡੇ ਨੂੰ ਸਰ ਕਰਨ ਵਾਲਾ ਮੁਕਾਮ ਬਣਦੀ ਹੈ। ਇਸ ਸਮੁੱਚੇ ਸੰਗ੍ਰਹਿ ਦੇ ਲੇਖ ਅਖਬਾਰਾਂ ਵਿਚ ਛਪੇ ਅਤੇ ਸਰਾਹੇ ਗਏ ਹਨ। ਇਹਨਾਂ ਨਿਬੰਧਾਂ ਵਿਚਲੀ ਸੁਰ ਤੋਂ ਸਪੱਸ਼ਟ ਹੈ ਕਿ ਉਹ ਸਾਮੰਤੀ ਰਵਾਇਤਾਂ ਦੇ ਧਾਰਨੀ ਲੋਕਾਂ ਨੂੰ ਇਹ ਸੁਨੇਹਾ ਦਿੰਦਾ ਹੈ ਕਿ ਉਹ ਜ਼ਿੰਦਗੀ ਦੀ ਰੂੜੀ ਅਤੇ ਜੜ੍ਹ ਹੋ ਚੁੱਕੀਆਂ ਪ੍ਰੰਪਰਾਵਾਂ ਤੋਂ ਮੁਕਤੀ ਪਾ ਕੇ ਪ੍ਰਗਤੀ ਵਿਕਾਸ ਨੂੰ ਆਪਣਾ ਕੇਂਦਰ ਬਣਾਉਣ। ਉਸਦੇ ਅਵਚੇਤਨ ਵਿਚ ਮਹਾਨ ਲੋਕਾਂ ਦੇ ਵਿਚਾਰ ਵੱਸੇ ਹੋਏ ਹਨ ਅਤੇ ਉਹ ਇਹਨਾਂ ਦਾ ਜ਼ਿਕਰ ਕਰਦਾ ਕਿਸੇ ਵੀ ਨਿਬੰਧ ਵਿਚ ਖੁੰਝਦਾ ਨਹੀਂ। ਭਗਤ ਸਿੰਘ, ਬਾਬਾ ਨਾਨਕ, ਗੁਰੂ ਗੋਬਿੰਦ ਸਿੰਘ, ਅਬਦੁਲ ਕਲਾਮ, ਮੇਨਕਾ ਗਾਂਧੀ, ਪੀ.ਟੀ.ਊਸ਼ਾ, ਇੰਦਰਾ ਗਾਂਧੀ, ਐਸ.ਐਲ, ਬਹੁ ਗੁਣਾ ਜਿਹੇ ਲੋਕਾਂ ਦੀਆਂ, ਉਹ ਵਾਰ-ਵਾਰ ਉਦਾਹਰਣਾਂ ਦੇ ਕੇ ਇਹ ਸਿੱਧ ਕਰਦਾ ਹੈ ਕਿ ਜੇ ਜ਼ਿੰਦਗੀ ਉੱਚੇ ਅਤੇ ਸੁੱਚੇ ਆਦਰਸ਼ ਨੂੰ ਪਾਉਣਾ ਹੈ ਤਾਂ ਇਹਨਾਂ ਮਹਾਨ ਸ਼ਖਸੀਅਤਾਂ ਨੂੰ ਆਪਣਾ ਆਦਰਸ਼ ਮੰਨਣਾ ਚਾਹੀਦਾ ਹੈ। ਅਸੀਂ ਇਹਨਾਂ ਦੇ ਜੀਵਨ ਵਿਚਲੇ ਗੁਣਾਂ ਅਤੇ ਘਾਲਣਾਵਾਂ ਨੂੰ ਅਪਣਾ ਕੇ ਜੀਵਨ ਨੂੰ ਲੋਕਾਂ ਲਈ ਚੰਗੇਰਾ ਬਣਾ ਸਕੀਏ।

ਜ਼ਿੰਦਗੀ ਨੂੰ ਚੰਗੇਰਾ ਬਣਾਉਣ ਵਾਲੇ ਸਰੋਕਾਰਾਂ ਨਾਲ ਜੂਝਦਿਆਂ ਉਸਦੀ ਕਲਮ ਨੇਕੀ, ਹਮਦਰਦੀ, ਵਿਸ਼ਵਾਸ, ਸੰਜਮ ਜਿਹੇ ਚਿਹਨਾਂ ਨੂੰ ਪੇਸ਼ ਕਰਦਿਆਂ ਸਮਾਜ ਅਤੇ ਸਰੋਕਾਰਾਂ ਦੇ ਅੰਤਰ ਸਬੰਧਾਂ ਨੂੰ ਪੇਸ਼ ਕਰਨ ਵਿਚ ਉਸ ਤਰ੍ਹਾਂ ਪੇਸ਼ ਨਹੀਂ ਹੁੰਦੀ ਜਿੰਨੀ ਵਾਰਤਕ ਦੀ ਕਾਵਿਕ ਇਕਸੁਰਤਾ ਹੈ। ਉਹ ਧਰਮ ਦਾ ਪੈਰੋਕਾਰ ਨਹੀਂ ਪ੍ਰੰਤੂ ਜੀਵਨ ਦੇ ਚੰਗੇ ਗੁਣਾਂ ਨੂੰ ਖ਼ਜ਼ਾਨਾ ਦੱਸਦਿਆਂ ਸਿਰਫ਼ ਉਪਰਲੀ ਪਰਤ 'ਤੇ ਹੀ ਨਿਗਾਹ ਮਾਰਦਾ ਹੈ ਅਤੇ ਇਸੇ ਲਈ ਉਸ ਉਪਰਲੇ ਸੱਚ ਨੂੰ ਸਿਰਜਣ ਵਾਲੀ ਸ਼ਕਤੀ ਨੂੰ ਪੇਸ਼ ਕਰਨ ਜਾਂ ਅੰਤਰ ਸਬੰਧਾਂ ਦੀ ਅਣਹੋਂਦ ਕਾਰਨ ਉਸਦੇ ਨਿਬੰਧਾਂ ਵਿੱਚ ਆਦਰਸ਼ਵਾਦੀ ਸੁਰ ਦੀ ਭਰਪੂਰ ਪੇਸ਼ਕਾਰੀ ਹੋ ਜਾਂਦੀ ਹੈ। ਜਿਵੇਂ 'ਰੱਬ ਦੀ ਰਜ਼ਾ 'ਚ ਰਹਿਕੇ ਦੋ ਡੰਗ ਦੀ ਰੋਟੀ ਖਾਣ ਵਾਲੇ ਫ਼ਕੀਰਾਂ ਦੀਆਂ ਕਹਾਣੀਆਂ, ਸਮਾਂ ਬੁੱਕਲ 'ਚ ਸਮੋਈ ਬੈਠਾ ਏ ਜਦਕਿ ਰਾਜੇ ਮਹਾਰਾਜੇ, ਕਦੋਂ ਦੇ ਕਾਲ ਦੇ ਗਰਭ 'ਚ ਦਫ਼ਨ ਹੋ ਚੁੱਕੇ ਹਨ।" ਇਹ ਸਤਰ ਉਪਰਲੇ ਰੂਪ ਵਿੱਚ ਵੇਖਣ ਨੂੰ ਤਾਂ ਸਹੀ ਲਗਦੀ ਹੈ ਪ੍ਰੰਤੂ ਇਹ ਸੱਚ ਨੂੰ ਅੱਖੋਂ ਉਹਲੇ ਕਰਨ ਦਾ ਯਤਨ ਕਰਦੀ ਹੈ। ਕੀ ਇਹ ਸਭ ਕੁਝ ਇਸੇ ਤਰ੍ਹਾਂ ਹੈ ਜਿਵੇਂ ਪੇਸ਼ ਕੀਤਾ ਗਿਆ ਹੈ? ਇਸ ਸਤਰ ਵਿਚ ਜਦੋਂ ਫ਼ਕੀਰਾਂ ਦੀਆਂ ਕਹਾਣੀਆਂ ਨੂੰ ਵਡਿਆਇਆ ਗਿਆ ਹੈ ਤਦ ਇਹ ਆਪਣੇ ਆਪ ਵਿਚ ਹੀ ਅਧਿਆਤਮਿਕ ਅਤੇ ਧਾਰਮਿਕ ਲਹਿਰ ਦਾ ਸੱਚ ਅਤੇ ਪ੍ਰਚਾਰ ਬਣ ਜਾਂਦੀ ਹੈ ਜੋ ਲੇਖਕ ਦੀ ਦ੍ਰਿਸ਼ਟੀ ਨਹੀਂ ਹੈ।

ਇਸ ਪੁਸਤਕ ਜਿੱਥੇ ਸਾਨੂੰ ਜ਼ਿੰਦਗੀ ਸੰਗ ਜੂਝਣ, ਸੰਵਾਦ ਸਿਰਜਣ, ਸੁਪਨਿਆਂ ਦੇ ਹੀਣ ਹੋਣ ਤੋਂ ਚੇਤਨ ਕਰਦੀ ਅਤੇ ਵਾਰਤਕ ਦੀ ਗੀਤਾਤਮਿਕਤਾ ਵੱਲ ਤੋਰਦੀ ਹੈ, ਉਥੇ ਇਹ ਇਹਨਾਂ ਸਭਨਾਂ ਨੂੰ ਆਦਰਸ਼ਵਾਦੀ ਸੁਰ ਵਿਚ ਵੀ ਪਰੋਂਦੀ ਹੈ। ਲੇਖਕ ਨੂੰ ਉਪਰੋਕਤ ਵਿਸ਼ਿਆ ਦੀ ਅੰਤਰ-ਸਬੰਧਤ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। *-ਤਸਕੀਨ*



## ਖ਼ਿਆਲ ਆਪੋ ਆਪਣਾ

ਅਕਤੂਬਰ-ਦਸੰਬਰ "ਚਿਰਾਗ' ਅੰਕ ਮਿਲਿਆ। ਪਰਚੇ ਵਿੱਚ ਸਾਰੀਆਂ ਰਚਨਾਵਾਂ ਮਿਆਰੀ ਸਨ, ਪਰ ਇੱਕ ਗ਼ਜ਼ਲ ਬਹਿਰ ਤੋਂ ਬਾਹਰ ਜਾਪਦੀ ਹੈ। ਫਿਰ ਵੀ ਬਾਕੀ ਰਚਨਾਵਾਂ ਖ਼ੂਬ ਰਹੀਆਂ। ਹਾਂ ਪਰ ਡਾ. ਅਨੂਪ ਸਿੰਘ ਨੇ ਆਪਣੇ ਲੇਖ ਵਿੱਚ ਉੱਤਰ-ਆਧੁਨਿਕਤਾ ਬਾਰੇ ਜੋ ਸਿੱਟਾ ਕਢਿਆ ਹੈ, ਉਹ ਠੀਕ ਨਹੀਂ। ਮੈਨੂੰ ਉਸ ਉਤੇ ਇਤਰਾਜ਼ ਹੈ। ਉਨ੍ਹਾਂ ਦਾ ਲਿਖਣਾ ਕਿ "ਪੰਜਾਬੀ ਸਾਹਿਤ ਦੇ ਖੇਤਰ ਵਿੱਚ ਉੱਤਰ-ਆਧੁਨਿਕਤਾਵਾਦ ਦੇ ਸਾਮਰਾਜਵਾਦ ਸਿਧਾਂਤਾਂ ਦੀ ਜੂਠ ਨੂੰ ਲਾਗੂ ਕਰਨ ਦੇ ਯੋਜਨਾਬੱਧ ਯਤਨ ਹੋ ਰਹੇ ਹਨ" ਯਥਾਰਥ ਜਾਂ ਗਰਾਉਂਡ-ਸਜਾਈ ਦੇ ਬਿਲਕੁਲ ਉਲਟ ਹੈ। ਮੰਨਣਾ ਪੈਂਦਾ ਹੈ ਕਿ ਉੱਤਰ-ਆਧੁਨਿਕਤਾ ਦੀ ਕੋਈ ਪ੍ਰੀਭਾਸ਼ਾ ਨਹੀਂ ਕਿਉਂਕਿ ਇਹ ਵਿਧੀ ਖੁਦ ਸੀਮਤ ਪ੍ਰੀਭਾਸ਼ਾਵਾਂ ਨੂੰ ਰੱਦ ਕਰਦੀ ਮਕਸਦ ਉਤੇ ਜ਼ੋਰ ਦਿੰਦੀ ਹੈ। ਇਕ ਤੱਥ ਜਿਸ ਉਤੇ ਸਨਕੀ-ਮਾਰਕਸਵਾਦੀ ਜ਼ੋਰ ਦਿੰਦੇ ਰਹੇ ਕਿ ਲੇਖਕ ਜਾਂ ਕਲਮਕਾਰ ਨੂੰ ਕੇਵਲ ਅਤੇ ਕੇਵਲ ਮਜ਼ਦੂਰ-ਵਰਗ ਦੇ ਹੱਕ ਵਿੱਚ ਹੀ ਲਿਖਣਾ Involve ਹੋਣਾ ਚਾਹੀਦਾ ਹੈ, ਅਤੇ ਇਸੇ ਤਰ੍ਹਾਂ ਆਧੁਨਿਕਤਾਵਾਦੀ ਮੰਨਦੇ ਰਹੇ ਹਨ ਕਿ ਲੇਖਕ ਦਾ ਕੰਮ ਸਿਰਫ਼ ਲਿਖਣਾ ਹੈ ਅਤੇ ਅੱਗੇ ਜਾ ਕੇ ਇਸ ਵਿਧੀ ਨੂੰ ਪੂੰਜੀਵਾਦ ਨਾਲ ਜੋੜਿਆ ਗਿਆ ਪਰ ਉੱਤਰ-ਆਧੁਨਿਕਤਾ ਇਹੋ ਜਿਹੀ ਖੁਦਮੁਖਤਾਰੀ ਨੂੰ ਖਤਮ ਜਾਂ ਰੱਦ ਕਰਦੀ ਹੈ। ਇਹ ਵਿਧੀ ਸਦੀਆਂ ਤੋਂ ਹਾਸ਼ੀਏ 'ਚ ਪਏ ਲੋਕਾਂ ਜਿਵੇਂ ਕਿ ਦਲਿਤ, ਕਿਸਾਨ, ਨਾਰੀ ਅਤੇ ਅਕਲੀਅਤਾਂ ਦੇ ਜੀਵਨ ਅਤੇ ਉਨ੍ਹਾਂ ਦੇ ਤਜਰਬਿਆਂ ਨੂੰ ਬਿਆਨ ਕਰਨ ਦਾ ਅਵਸਰ ਪ੍ਰਦਾਨ ਕਰਦੀ ਹੈ। ਉੱਤਰ-ਆਧੁਨਿਕਤਾ ਨੂੰ ਇਸੇ ਪ੍ਰਸੰਗ ਵਿੱਚ ਵੇਖਣਾ ਚਾਹੀਦਾ ਹੈ।

ਬਾਕੀ ਤੁਸਾਂ ਜੋ ਜ਼ਬਾਨ ਦੀ ਗੱਲ ਕੀਤੀ ਹੈ ਉਸ ਬਾਰੇ ਮੈਂ ਮੰਨਦਾ ਹਾਂ ਕਿ ਸਮੁਚੇ ਤੌਰ 'ਤੇ ਪੰਜਾਬੀ ਗਜ਼ਲ-ਗੋਆ ਨੂੰ ਅਜੇ ਗਜ਼ਲ ਦੀ ਸਹੀ ਭਾਸ਼ਾ ਅਤੇ ਮਿਜ਼ਾਜ (ਸੁਭਾਅ) ਅਪਨਾਣ ਦੀ ਲੋੜ ਹੈ। ਮੈਂ ਤਾਂ ਨਿਗੂਣਾ ਜਿਹਾ ਉਦਮ ਕਰ ਰਿਹਾ ਹਾਂ। ਪਹਿਲਾਂ ਲੋਅ, ਵਿਕੇਂਦਰਿਤ, ਮੂੰਗਾ, ਨੀਲਸਰ, ਸ਼ੀਰਾਜਾ ਵਿੱਚ ਕਾਫ਼ੀ ਸਮੇਂ ਤੱਕ ਛਪਦਾ ਰਿਹਾ ਹਾਂ। ਪਰ ਅੱਜ ਕਲ ਕੁਝ ਅਵੇਸਲੇਪਨ ਕਾਰਨ ਕਿਸੇ ਨੂੰ ਆਪਣੀ ਰਚਨਾ ਭੇਜਦਾ ਹੀ ਨਹੀਂ।

ਖਿਮਾ ਕਰਨਾ ਤੁਹਾਡੇ ਨਾਲ ਇਤਨੀਆਂ ਗੱਲਾਂ ਕਰਦਿਆਂ, ਤੁਹਾਡਾ ਸਮਾਂ ਜ਼ਾਇਆ ਕਰ ਰਿਹਾ ਹਾਂ-ਬਾਕੀ ਫਿਰ ਸਹੀ।

*ਜੋਗਿੰਦਰ ਸਿੰਘ ਪਾਂਧੀ (ਬਾਰਾਮੂਲਾ) ਕਸ਼ਮੀਰ*

ਮੈਂ ਚਿਰਾਗ਼ ਦਾ ਤਕਰੀਬਨ ਦੋ ਸਾਲਾਂ ਤੋਂ ਪਾਠਕ ਹਾਂ। ਚਿਰਾਗ਼ ਆਪ ਜੀ ਦੀ ਸ਼ਖਸੀਅਤ ਦੇ ਜਲਵੇ ਵਿਖਾਉਂਦਾ ਰਹਿੰਦਾ ਹੈ। ਸੰਪਾਦਕੀ ਰਾਹੀਂ ਹੀ ਤੁਸੀਂ ਬਹੁਤ ਹੀ ਮਹੱਤਵਪੂਰਨ ਵਿਸ਼ਿਆਂ ਨੂੰ ਲੈ ਕੇ ਨਿਡਰ, ਬੇਝਿਜਕ ਤੇ ਸਾਹਸ ਭਰੀਆਂ ਗੱਲਾ ਨੂੰ ਪਾਠਕਾਂ ਦੇ ਰੂਬਰੂ ਕਰਦੇ ਹੋ। ਸੱਚ ਪੁੱਛੋ ਤਾਂ ਮੇਰੇ ਵਰਗੇ ਨਵੇਂ ਲੇਖਕ ਨੂੰ 'ਚਿਰਾਗ' ਦੀ ਰੋਸ਼ਨੀ ਅਤਿ ਜ਼ਰੂਰੀ ਸੀ।

ਚੀਨੀ ਸਾਹਿਤ ਵਿਸ਼ੇਸ਼ ਅੰਕ ਤਾਂ ਸਾਂਭਣਯੋਗ ਸੀ। ਆਪ ਜੀ ਦੀ ਮਿਹਨਤ ਨਾਲ ਸਾਨੂੰ ਚੀਨੀ ਸਾਹਿਤ ਬਾਰੇ ਹਰ ਵਿਧਾ ਰਾਹੀ ਕੁਝ ਨਾ ਕੁਝ ਜ਼ਰੂਰ ਮਿਲਿਆ ਹੈ। ਇਸ ਲਈ ਆਪ ਦਾ ਸ਼ੁਕਰੀਆ।

ਚਿਰਾਗ਼ ਨੇ ਮੈਨੂੰ ਵਧੀਆਂ ਕਹਾਣੀਆਂ ਵੀ ਦਿੱਤੀਆਂ ਹਨ।

ਚਿਰਾਗ਼ 'ਚ ਵਾਦ ਵਿਵਾਦ ਅਤੇ ਵਿਚਾਰ ਚਰਚਾ ਅਧੀਨ ਵਿਦਵਾਨ ਲੇਖਕਾਂ ਦੇ ਵਿਚਾਰ ਪੜ੍ਹਨ ਨੂੰ ਮਿਲਦੇ ਹਨ। ਪੰਜਾਬੀ ਭਾਸ਼ਾ ਅਤੇ ਬੋਲੀ ਬਾਰੇ ਅਮਨਪਾਲ ਸਾਰਾ ਜੀ ਨੇ ਅਤਿ ਜ਼ਰੂਰੀ ਗੱਲਾਂ ਕੀਤੀਆਂ ਸਨ।

ਚਿਰਾਗ਼ ਮੇਰੇ ਵਰਗੇ ਨਵੇਂ ਲੇਖਕ ਲਈ ਸੱਚਮੁੱਚ ਰੌਸ਼ਨੀ ਲੈ ਕੇ ਆਉਂਦਾ ਹੈ।

ਆਪ ਜੀ ਨੂੰ ਸ਼੍ਰੋਮਣੀ ਸਾਹਿਤਕਾਰ ਐਵਾਰਡ ਮਿਲਣ 'ਤੇ ਵਧਾਈ।

ਇਹ ਵਧਾਈ ਮੈਂ ਲੇਟ ਇਸ ਲਈ ਦੇ ਰਿਹਾ ਹਾਂ ਕਿਉਂਕਿ ਉਸ ਵਕਤ ਮੈਂ ਸੋਚਿਆ ਸੀ ਕਿ

ਸ਼ਾਇਦ ਸਰਕਾਰੀ ਸਨਮਾਨ ਮਿਲਣ ਨਾਲ ਤੁਸੀਂ ਸਰਕਾਰ ਦੇ ਪੱਖੀ ਗੱਲਾਂ ਕਰੋਗੇ। ਪਰ ਚਿਰਾਗ ਦੇ ਨਵੇਂ ਅੰਕਾਂ 'ਚ ਤੁਸੀਂ ਆਪਣੀ ਪਹਿਲਾਂ ਵਾਲੀ ਸੋਚ 'ਤੇ ਪਹਿਰਾ ਦਿੱਤਾ ਹੈ।

*ਹਰਦੀਪ ਬੋਹਾ, ਬੋਹਾ (ਮਾਨਸਾ)*

'ਚਿਰਾਗ' ਦਾ 39ਵਾਂ ਅੰਕ ਮਿਲਿਆ। 'ਦਲਿਤ ਅੰਕ' ਨਿਕਾਲਣਾ ਸ਼ੁੱਭ-ਕਰਮ ਅਤੇ ਦਿੱਖ ਵੀ ਪਹਿਲਾਂ ਨਾਲੋਂ ਬਿਹਤਰ ਹੈ। ਪਰੰਤੂ ਸਮੱਗਰੀ ਵਿਚੋਂ ਨਵੀਨਤਾ ਅਤੇ ਤਾਜ਼ਗੀ ਨਹੀਂ ਝਲਕਦੀ। ਇਕ ਨਿਬੰਧ ਬੜਾ ਯਾਤਰਿਕ ਕਿਸਮ ਦਾ ਹੈ। ਏਸੇ ਤਰ੍ਹਾਂ ਕੁੱਝ ਰਚਨਾਵਾਂ ਜਿਵੇਂ ਏਸੇ ਅੰਕ ਲਈ ਹੀ ਮਿਥ ਕੇ ਘੜੀਆਂ ਹੋਣ। ਉਪਨਿਆਸਕਾਰ ਗੁਰਦਿਆਲ ਸਿੰਘ ਹੋਰੀਂ ਅਨੁਭਵ ਦੇ ਅਭਿਆਸ ਦੀ ਪ੍ਰਤਿਕਿਰਿਆ ਦੀ ਵਿਆਖਿਆ ਸਰਲ ਅਤੇ ਸਧਾਰਣ ਵਿਧੀ ਨਾਲ ਕਰ ਗਏ ਹਨ ਜਦੋਂ ਕਿ ਇਹ ਅਮਲ ਅਤਿ ਪੇਚੀਦਾ ਅਤੇ ਜਟਲ ਹੈ। ਰੁਮਾਂਟਿਕ ਪ੍ਰਸੰਗ ਵਿੱਚ ਇਕ ਬੋਲੀ ਪ੍ਰਸਤੁਤ ਕਰ ਰਿਹਾ ਹਾਂ : ਅੱਖ ਮੇਰੇ ਯਾਰ ਦੀ ਦੁਖੇ, ਲਾਲੀ ਮੇਰੀਆਂ ਅੱਖਾਂ ਵਿੱਚ ਰੜਕੇ।

ਅਤਰਜੀਤ ਕਮਿਊਨਿਸਟ ਪਾਰਟੀਆਂ ਦੇ ਸੱਤੂ ਮੁਕਣ ਦਾ ਬਾਤ ਪਾਉਂਦਾ ਹੈ। ਉਸ ਨੂੰ ਆਪਣੇ ਅੰਦਰ ਝਾਤੀ ਮਾਰ ਕੇ ਵੇਖਣਾ ਚਾਹੀਦਾ ਹੈ ਕਿ ਉਸ ਦਾ ਆਪਣਾ ਕਮਿਊਨਿਸਟ ਪਾਰਟੀਆਂ ਨੂੰ ਅਮਲੀ ਤੌਰ 'ਤੇ ਕੀ ਯੋਗਦਾਨ ਹੈ। ਕਿਧਰੇ ਇਹ ਗੱਲ ਤਾਂ ਨਹੀਂ ਹੈ ਕਿ ਜਿਸਦੇ ਆਪਣੇ ਸੱਤੂ ਮੁੱਕੇ ਹੋਏ ਹੋਣ ਉਸ ਨੂੰ ਦੂਜਿਆਂ ਦੇ ਵੀ ਮੁੱਕੇ ਹੋਏ ਨਜ਼ਰ ਆਉਂਦੇ ਹਨ।

ਤੇਜਵੰਤ ਮਾਨ ਨੇ ਭਾਵੇਂ ਕੁਝ ਗੌਲਣਯੋਗ ਨੁਕਤੇ ਉਭਾਰੇ ਹਨ ਪਰੰਤੂ ਉਹ ਆਪਣਾ ਦੁੱਖ ਵਧੇਰੇ ਰੋਂਦਾ ਹੈ। ਉਸ ਨੇ ਬਾਈ ਜਸਵੰਤ ਸਿੰਘ ਕੰਵਲ ਦੀ ਰਹਿਨੁਮਾਈ ਹੇਠ ਸਥਾਪਤ ਕੇਂਦਰੀ ਲੇਖਕ ਸਭਾ ਦੇ ਸਮਾਨੰਤਰ ਕੁੱਝ ਕੁ ਮੈਂਬਰਾਂ ਵਾਲੀ ਆਪਣੀ ਵੱਖਰੀ ਸਭਾ ਬਣਾ ਰੱਖੀ ਹੈ। ਅਜੋਕੀਆਂ ਪ੍ਰਸਥਿਤੀਆਂ ਦੇ ਪ੍ਰਸੰਗ ਵਿੱਚ ਅਜਿਹੀ ਵੰਡ ਦੀ ਕੀ ਸਾਰਥਕਤਾ ਹੈ ? ਵੈਸੇ ਵੀ ਅਜਿਹਾ ਵਾਦ-ਵਿਵਾਦ ਪੱਤਰਕਾਰੀ ਦੇ ਪੱਧਰ ਦਾ ਹੁੰਦਾ ਹੈ ਅਤੇ ਸਾਹਿਤ ਦਾ ਅੰਗ ਨਹੀਂ ਬਣ ਸਕਦਾ। ਸੰਪਾਦਕੀ ਮੰਡਲ ਵਾਲੀ ਤੁਹਾਡੀ ਟਿਪਣੀ 'ਕੇਂਦਰੀ ਸਭਾ ਦੀ ਚੋਣ ਹੋ ਗਈ' ਵੀ ਏਸੇ ਕੋਟੀ ਵਿੱਚ ਆਉਂਦੀ ਹੈ। ਹਬੀਬ ਜਾਲਿਬ ਦੀ ਕਵਿਤਾ ਪਸੰਦ ਆਈ।

*—ਗੁਰਨਾਮ ਢਿੱਲੋਂ*

## ਮੇਰੀ ਅਵਾਰਾ-ਗਰਦ ਕਵਿਤਾ

ਠੀਕ ਹੈ, ਇਹ ਹੈ ਉਹ ਅੰਤ ਜੋ ਮੇਰੀ ਕਵਿਤਾ ਤੁਹਾਨੂੰ ਪੇਸ਼ ਕਰਦੀ ਹੈ। ਤੁਹਾਡੇ ਅੱਜ ਲਈ, ਇਸ ਸ਼ਾਮ ਲਈ, ਅੱਜ ਦੀ ਰਾਤ ਲਈ ਤੇ ਇਹ ਮੈਂ ਤੁਹਾਡੇ ਕੱਲ੍ਹ ਲਈ ਦੇ ਜਾਂਦਾ ਹਾਂ। ਮੈਨੂੰ ਨਹੀਂ ਪਤਾ ਕਿ ਕੀ ਇਹ ਤੁਹਾਨੂੰ ਸੰਚਵਾਨ ਰੌਂਅ ਵੱਲ ਤੋਰੇਗੀ। ਇਹ ਮੇਰੀ ਅਵਾਰਾ-ਗਰਦ ਕਵਿਤਾ—ਇਹ ਮਿੱਟੀ ਬਾਰਿਸ਼ ਤੇ ਫਲ ਇਕੱਠੇ ਕਰਦੀ ਹੈ। ਧਰਤੀ, ਬਾਰਿਸ਼, ਫਲ, ਸੰਘਰਸ਼, ਤੇ ਉਮੀਦਾਂ। ਮੈਂ ਇਹ ਸਭ ਤੁਹਾਨੂੰ ਦੇ ਜਾਂਦਾ ਹਾਂ। ਇਹ ਤੁਹਾਡੇ ਲਈ ਹਨ। ਹੁਣ ਮੈਂ ਜਾ ਰਿਹਾ ਹਾਂ—ਕੱਲ੍ਹ ਤੀਕ, ਜਦੋਂ ਤੀਕ, ਦੋਸਤ ਤੇ ਸਾਥੀ। *—ਪਾਬਲੋ ਨੇਰੂਦਾ*

## ਮੇਰਾ ਘਰ

ਆਪਣੇ ਘਰ ਵਿਚ, ਮੈਂ ਨਿੱਕੇ, ਵੱਡੇ ਖਿਡਾਉਣੇ ਇਕੱਠੇ ਕੀਤੇ ਹਨ। ਮੈਂ ਉਹਨਾਂ ਤੋਂ ਬਿਨਾਂ, ਨਹੀਂ ਰਹਿ ਸਕਦਾ.....। ਮੇਰਾ ਘਰ ਵੀ ਇਕ ਖਿਡਾਉਣੇ ਵਾਂਗ ਬਣਾਇਆ ਸੀ ਤੇ ਮੈਂ ਇਸ ਵਿਚ ਸਵੇਰ ਤੋਂ ਸ਼ਾਮ ਤੀਕ ਖੇਡਦਾ ਹਾਂ।

***ਖੰਜਰਾਂ ਦੇ ਲੱਖ ਵਾਰ ਰੋਕਣ ਤੇ ਵੀ ਰੌਸ਼ਨੀ ਪਹੁੰਚ ਗਈ।***

*—ਪਾਬਲੋ ਨੇਰੂਦਾ*



## ਪੁਸਤਕ ਪ੍ਰਾਪਤੀ

1. ਸਮਕਾਲੀ ਮਾਰਕਸੀ ਚਿੰਤਨ (ਲੇਖਾਂ ਦਾ ਅਨੁਵਾਦ) ਅਨੁਵਾਦਕ, ਭੀਮ ਇੰਦਰ ਸਿੰਘ, ਮੁੱਲ 75/- ਪੰਨੇ 144, ਕੁਕਨੁਸ ਪ੍ਰਕਾਸ਼ਨ ਜਲੰਧਰ।
2. ਖੰਡਰ, ਖਾਮੋਸ਼ੀ ਤੇ ਰਾਤ (ਗ਼ਜ਼ਲਾਂ) ਸੁਰਿੰਦਰ ਸੋਹਲ, ਮੁੱਲ 40/- ਪੰਨੇ 80, ਕੁਕਨੁਸ ਪ੍ਰਕਾਸ਼ਨ, ਜਲੰਧਰ।
3. ਦੱਖਣੀ ਭਾਰਤ ਦੀ ਯਾਤਰਾ (ਸਫ਼ਰਨਾਮਾਂ) ਡਾ. ਗੁਰਚਰਨ ਸਿੰਘ ਮਹਿਤਾ, ਮੁੱਲ 50/- ਪੰਨੇ 104, ਕੁਕਨੁ, ਪ੍ਰਕਾਸ਼ਨ ਜਲੰਧਰ।
4. ਸਿਲਸਿਲਾ ਜਾਰੀ ਹੈ (ਕਵਿਤਾ) ਡਾ. ਇੰਦਰ ਕੌਰ ਮੁੱਲ 100/- ਪੰਨੇ 120 ਪ੍ਰਤੀਕ ਪ੍ਰਕਾਸ਼ਨ (ਲੁਧਿਆਣਾ)।
5. ਪ੍ਰਛਾਈਆਂ ਦੇ ਉਹਲੇ ਪਰਕਰਮਾਂ (ਯਾਦਾਂ) ਬਲਬੀਰ ਕੌਰ ਸੰਘੇੜਾ ਮੁੱਲ 150/- ਪੰਨੇ 188 ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ।
6. ਕਥਾ ਸਨਮੁੱਖ (ਆਲੋਚਨਾ) ਰਵਿੰਦਰ ਰਵੀ, ਮੁੱਲ 140/- ਪੰਨੇ 168 ਚੇਤਨਾ ਪ੍ਰਕਾਸ਼ਨ ਲੁਧਿਆਣਾ।
7. ਕਾਲੀਆਂ ਲੀਕਾਂ, (ਵਿਅੰਗ-ਲੇਖ) ਜਨਮੇਜਾ ਸਿੰਘ ਜੌਹਲ ਮੁੱਲ 75/- ਪੰਨੇ 80, ਸਹਿਯੋਗ ਲੁਧਿਆਣਾ।
8. ਅੱਜ ਮੇਰਾ ਹੈ (ਕਵਿਤਾ) ਡਾ. ਅਜਮੇਰ ਸਿੰਘ ਮੁੱਲ 90/- ਪੰਨੇ 96 ਸਤਵੰਤ ਬੁੱਕ ਏਜੰਸੀ, ਚਾਂਦਨੀ ਚੌਕ ਦਿੱਲੀ।
9. ਖੰਭਾਂ ਵਾਲੇ ਪਿੰਜਰੇ (ਚੋਣਵੀਆਂ ਕਹਾਣੀਆਂ) ਰਵਿੰਦਰ ਰਵੀ ਮੁੱਲ 325/- ਪੰਨੇ 376 ਚੇਤਨਾ ਪ੍ਰਕਾਸ਼ਨ, ਪੰਜਾਬੀ ਅਕਾਡਮੀ ਲੁਧਿਆਣਾ।
10. ਪੁੱਤਰ ਦਾਨ (ਕਹਾਣੀਆਂ) ਕੁਲਜੀਤ ਮਾਨ ਪੰਨੇ 158 ਮੁੱਲ 75/- ਚੇਤਨਾ ਪ੍ਰਕਾਸ਼ਨ, ਪੰਜਾਬੀ ਅਕਾਡਮੀ ਲੁਧਿਆਣਾ।
11. ਲੋਕ ਗੀਤਾਂ ਦੀ ਪੈੜ (ਲੋਕ-ਯਾਨ) ਡਾ. ਕਰਮਜੀਤ ਸਿੰਘ, ਮੁੱਲ 140/- ਪੰਨੇ 150 ਚੇਤਨਾ ਪ੍ਰਕਾਸ਼ਨ, ਪੰਜਾਬੀ ਅਕਾਡਮੀ ਲੁਧਿਆਣਾ।
12. ਵਿਲਖਣੇ ਸਾਜ਼ (ਕਵਿਤਾ) ਅਮਰ ਪ੍ਰੀਤ ਕੌਰ ਪੰਨੇ 84 ਮੁੱਲ 40/- ਵਿਸ਼ਵ ਭਾਰਤੀ ਪ੍ਰਸਾਸ਼ਨ ਬਰਨਾਲਾ।
13. ਸੌ ਕਵਿਤਾਵਾਂ ਪੰਜ ਸਫ਼ਿਆਂ ਤੇ (ਗ਼ਜ਼ਲਾਂ) ਰਣਧੀਰ ਸਿੰਘ ਨਿਊਯਾਰਕ 30/- ਪੰਨੇ 52, ਪ੍ਰਤੀਕ ਪਬਲੀਕੇਸ਼ਨਜ਼ ਲੁਧਿਆਣਾ।
14. ਆਪਣੀ ਆਪਣੀ ਜੂਹ (ਕਵਿਤਾਵਾਂ) ਇੱਛੂ ਪਾਲ ਮੁੱਲ 100/- ਪੰਨੇ 96, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ।
15. ਕੰਧ 'ਚ ਉੱਗੀ ਵੇਲ (ਮਿੰਨੀ ਕਹਾਣੀਆਂ) ਸਰਬਜੀਤ ਕੌਰ, ਮੁੱਲ 80/- ਪੰਨੇ 64, ਪ੍ਰਤੀਕ ਪਬਲੀਕੇਸ਼ਨਜ਼ ਲੁਧਿਆਣਾ।
16. ਸ਼ੀਸ਼ਾ ਤੇ ਹੋਰ ਕਹਾਣੀਆਂ ਗੁਰਦੇਵ ਸਿੰਘ ਰੁਪਾਣਾ, ਮੁੱਲ 120/- ਪੰਨੇ 280, ਕੁਕਨੁਸ ਪ੍ਰਕਾਸ਼ਨ, ਜਲੰਧਰ
17. ਫੈਜ਼ ਦੇ ਖ਼ਤ (ਅਨੁਵਾਦ) ਜੋਗਿੰਦਰ ਸ਼ਮਸ਼ੇਰ, ਕੁਕਨੁਸ ਪ੍ਰਕਾਸ਼ਨ ਜਲੰਧਰ

Chiragh Quarterly April-June, 2002
Registered with the Registrar of News-Papers of India No – PUN-PUN
O 2776/AL/TC/94

## ਸਾਡੀਆਂ ਕਿਫ਼ਾਇਤੀ ਪ੍ਰਕਾਸ਼ਨਾਵਾਂ

**20/-ਰੁਪਏ ਸੀਰੀਜ਼** ਫੈਜ਼ ਦੇ ਖ਼ਤ, ਸ਼ਿਵ ਵਰਮਾ ਦੀ ਜੇਲ੍ਹ, ਡਾਇਰੀ ਮੌਤ ਦੀ ਉਡੀਕ 'ਚ

**ਚੋਣਵੀਆਂ ਕਹਾਣੀਆਂ** ਪ੍ਰੇਮ ਪ੍ਰਕਾਸ਼, ਵਰਿਆਮ ਸਿੰਘ ਸੰਧੂ, ਜਸਵੰਤ ਸਿੰਘ ਵਿਰਦੀ, ਮੈਕਸਿਮ ਗੋਰਕੀ, ਰਵਿੰਦਰਰਵੀ, ਕਥਾ ਜਪਾਨੀ, ਅਰਧਨਾਰੀਸ਼ਵਰ (ਬਿਹਾਰ ਦੀਆਂ ਕਹਾਣੀਆਂ), ਪਾਕਿਸਤਾਨੀ ਪੰਜਾਬੀ ਕਹਾਣੀ, ਪਾਕਿਸਤਾਨੀ ਉਰਦੂ ਕਹਾਣੀ, ਊਣੇ (ਗੁਰਮੀਤ ਕੜਿਆਲਵੀ)

**ਨਾਵਲ** ਪੰਧ (ਅਫ਼ਜ਼ਲ ਅਹਿਸਨ ਰੰਧਾਵਾ), ਕਮਜ਼ਾਤ (ਫ਼ਖ਼ਰ ਜ਼ਮਾਨ), ਇਕ ਸਮੁੰਦਰ ਪਾਰ (ਮੀਰ ਤਨਹਾ ਯੂਸਫੀ), ਬੁੱਢਾ ਜੋ ਇਸ਼ਕੀਆ ਕਹਾਣੀਆਂ ਪੜ੍ਹਦਾ (ਲੂਈਸ ਸੈਪਲ ਵੈਦਾ), ਪਰਾਈ ਧਰਤੀ (ਇਕਬਾਲ ਅਰਪਨ), ਧੁਖਦਾ ਗੋਹਟਾ (ਹਰਨੇਕ ਹੇਅਰ)

**ਕਾਵਿ ਸੰਗ੍ਰਹਿ** ਭੋਇੰ (ਰਾਮ ਸਿੰਘ ਚਾਹਲ), ਨਮਿਤ (ਮਨਮੋਹਨ), ਭਾਖਿਆ (ਮਦਨ ਵੀਰਾ), ਤਾਕਿ ਸਨਦ ਰਹੇ (ਕੰਵਲਜੀਤ ਭੁੱਲਰ), ਗੁੰਮਸ਼ੁਦਾ ਪੈੜਾਂ (ਧਰਮਪਾਲ ਉਪਾਸਕ), ਮਰਮਰੀ ਜੰਗਲ (ਹਰਚਰਨ), ਕੋਸੀ ਕੋਸੀ ਧੁੱਪ (ਨਿਰਮਲ ਭੰਡਾਲ), ਮੀਲ ਪੱਥਰ (ਜਗਵਿੰਦਰ ਜੋਧਾ)

**ਯਾਤਰਾ ਪ੍ਰਸੰਗ** ਜਾਣੇ ਅਣਜਾਣੇ ਸਫ਼ਰ (ਸੁਪਨਦੀਪ ਸੰਧੂ), ਦੱਖਣੀ ਭਾਰਤ ਦੀ ਯਾਤਰਾ (ਡਾ. ਗੁਰਚਰਨ ਸਿੰਘ ਮਹਿਤਾ), ਜੜ੍ਹਾਂ ਦੀ ਪਰਿਕਰਮਾ (ਗੁਰਚਰਨ ਸੱਗੂ)

**ਵਾਰਤਕ** ਬੰਜਰ ਮਨ ਪੰਜਾਬ (ਜਸਵੀਰ ਸਿੰਘ ਸ਼ੀਰੀ)

**ਨਾਟਕ** ਸਲੋਮੀ (ਆਸਕਰ ਵਾਈਲਡ)

**30/-ਰੁਪਏ ਸੀਰੀਜ਼** ਧਰਤੀ ਪੁੱਤਰ (ਕਹਾਣੀਆਂ, ਪ੍ਰੇਮ ਗੋਰਖੀ), ਖੰਡਰ ਖਾਮੋਸ਼ੀ ਤੇ ਰਾਤ (ਗ਼ਜ਼ਲਾਂ, ਸੁਰਿੰਦਰ ਸੋਹਲ), ਤਿੰਨ ਚਿਹਰਿਆਂ ਵਾਲਾ ਰੱਕਾਸ (ਨਜ਼ਮਾਂ ਇਫਤਿਖਾਰ ਨਸੀਮ), ਸ਼ਾਇਰੀ 2002 (ਸੰਪਾਦਕ ਪ੍ਰਮਿੰਦਰਜੀਤ)।

**ਕੁਝ ਵਿਸ਼ੇਸ਼ ਪੁਸਤਕਾਂ**

| | |
|---|---|
| ਸ਼ੀਸ਼ਾ ਤੇ ਹੋਰ ਕਹਾਣੀਆਂ (ਗੁਰਦੇਵ ਸਿੰਘ ਰੁਪਾਣਾ) | 75/- |
| ਜੀਵਨ ਯਾਦਾਂ (ਪਾਬਲੋ ਨੇਰੂਦਾ) ਪੰਨੇ 336 | 60/- |
| ਸਮਕਾਲੀ ਮਾਰਕਸੀ ਚਿੰਤਨ (ਅਨੁਵਾਦਕ ਭੀਮ ਇੰਦਰ) | 60/- |
| ਅੱਧੀ ਸਦੀ ਦਾ ਸਫ਼ਰ, (ਸਵੈ ਜੀਵਨੀ) ਅਜੀਤ ਰਾਹੀ | 60/- |
| ਸੁਲਘਦਾ ਸੱਚ (ਦੋ ਨਾਵਲ) ਅਜੀਤ ਰਾਹੀ | 60/- |

**ਅਗਾਮੀ ਪ੍ਰਕਾਸ਼ਨ**

ਅੱਧੇ ਅਧੂਰੇ (ਕਹਾਣੀਆਂ ਲਾਲ ਸਿੰਘ), ਚੋਣਵੀਂ ਕਹਾਣੀ (ਗੁਲਜਾਰ ਸਿੰਘ ਸੰਧੂ), ਚੋਣਵੀਂ ਕਵਿਤਾ (ਨਾਜ਼ਿਮ ਹਿਕਮਤ), ਚੋਣਵੀਂ ਕਵਿਤਾ (ਪਾਬਲੋ ਨੇਰੂਦਾ), ਮੁਖਬਰੀ ਕਰਦੇ ਦਿਨ (ਹਰਭਜਨ ਸਿੰਘ ਹੁੰਦਲ), ਅੰਤਿਮ ਲੜਾਈ (ਸ਼ਿਵ ਨਾਥ), ਖਲੀਲ ਜਿਬਰਾਨ ਦੇ ਖ਼ਤ, ਭਗਤ ਸਿੰਘ (ਸਵੈ ਸਾਚੀ)

**ਵਿਸ਼ੇਸ਼ ਨੋਟ** — ਉਪਰੋਕਤ ਕੀਮਤਾਂ 33 ਤੋਂ 50 ਪ੍ਰਤੀਸ਼ਤ ਘਟਾ ਕੇ ਲਿਖੀਆਂ ਹਨ ਜੋ ਸਿਰਫ਼ ਨਵਾਂ ਜ਼ਮਾਨਾ ਬੁੱਕ ਸ਼ਾਪ ਤੋਂ ਹੀ ਮਿਲ ਸਕਦੀਆਂ ਨੇ। ਸਾਡੇ ਕੋਲ ਪੰਜਾਬੀ ਦੇ ਸਭ ਪ੍ਰਕਾਸ਼ਕਾਂ ਦੀਆਂ ਪੁਸਤਕਾਂ ਉਪਲਬਧ ਨੇ। ਵਿਸ਼ੇਸ਼ ਰਿਆਇਤ 15 ਪ੍ਰਤੀਸ਼ਤ ਤੋਂ 33 ਪ੍ਰਤੀਸ਼ਤ

**ਕੁਕਨੂਸ ਪ੍ਰਕਾਸ਼ਨ**
ਐੱਨ. ਐੱਮ. 451, ਮਹੱਲਾ ਕਰਾਰ ਖਾਂ, ਜਲੰਧਰ
ਫੋਨ ਨੰ. 214028 (ਘਰ)

**ਨਵਾਂ ਜ਼ਮਾਨਾ ਬੁੱਕ ਸ਼ਾਪ**
ਨਹਿਰੂ ਗਾਰਡਨ ਰੋਡ, ਜਲੰਧਰ
ਫੋਨ 220290, 230466